Indian Visa Center
VISA/OCI/PIO/Passport Application Assistance Center
Deepak Bansal
Cell : 516-304-8808
Fax : 516-218-8009

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA
Weekly

Since April 2005 | Editor : Sharanjit Singh Thind

Vol. 13 Issue 26 Friday October 11 to October 18, 2019 www.PUNJABIDUNIYA.com Published Weekly from New York

Thinking of Buying/Selling ?
WINZONE REALTY INC.

Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

## 'ਭਾਰਤ ਹਿੰਦੂ ਰਾਸ਼ਟਰ' ਦਾ ਪੰਜਾਬ ਤੱਕ ਪਹੁੰਚਿਆ ਸੇਕ, 'ਆਪ' ਨੇ ਕਿਹਾ, 'ਆਰਐਸਐਸ ਦੇ ਸਰਟੀਫਿਕੇਟ ਦੀ ਨਹੀਂ ਲੋੜ'

ਚੰਡੀਗੜ੍ਹ: ਰਾਸ਼ਟਰੀ ਸਵੈਸੇਵਕ ਸੰਘ (ਆਰਐਸਐਸ) ਦੇ ਮੁਖੀ ਮੋਹਨ ਭਾਗਵਤ ਦੇ 'ਭਾਰਤ ਇੱਕ ਹਿੰਦੂ ਰਾਸ਼ਟਰ' ਵਾਲੇ ਬਿਆਨ ਨਾਲ ਪੰਜਾਬ ਦਾ ਸਿਆਸੀ ਪਾਰਾ ਚੜ੍ਹ ਗਿਆ ਹੈ। ਇਸ ਬਾਰੇ ਬੇਸ਼ੱਕ ਬੀਜੇਪੀ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦਾ ਕੀ ਬਿਆ ਨਹੀਂ ਆਇਆ ਪਰ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸਵਾਲ ਉਠਾਏ ਹਨ। 'ਆਪ' ਨੇ ਕਿਹਾ ਹੈ ਕਿ ਮੋਹਨ ਭਾਗਵਤ ਨੇ ਦਸਹਿਰੇ ਮੌਕੇ ਨਾਗਪੁਰ 'ਚ 'ਭਾਰਤ ਨੂੰ ਹਿੰਦੂ ਰਾਸ਼ਟਰ' ਦੱਸ ਕੇ ਆਪਣੀ ਫ਼ਿਰਕਾਪ੍ਰਸਤੀ ਸੋਚ ਦੁਹਰਾਈ ਹੈ। ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਤੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਤੇ ਪਾਰਟੀ ਦੇ ਬੁਲਾਰੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਭਾਗਵਤ ਫ਼ਿਰਕੂ ਬਿਆਨ ਦੇ ਕੇ ਭਾਰਤ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਹਨ, ਕਿਉਂਕਿ ਭਾਰਤੀ ਸੰਵਿਧਾਨ ਧਰਮ ਨਿਰਪੱਖਤਾ ਦੀ ਵਿਸ਼ਵ ਪ੍ਰਸਿੱਧ ਤੇ ਗੌਰਵਸ਼ਾਲੀ ਮਿਸਾਲ ਹੈ।

ਸੰਧਵਾਂ ਨੇ ਕਿਹਾ ਕਿ ਭਾਗਵਤ ਦਾ ਬਿਆਨ ਦੇਸ਼ ਤੇ ਦੇਸ਼ ਵਾਸੀਆਂ ਨੂੰ ਜੋੜਨ ਵਾਲਾ ਨਹੀਂ ਸਗੋਂ ਫ਼ਿਰਕੂ ਵੰਡੀਆਂ ਪਾਉਣ ਤੇ ਤੋੜਨ ਵਾਲਾ ਹੈ। ਸੰਧਵਾਂ ਨੇ ਕਿਹਾ ਕਿ ਭਾਗਵਤ ਦਾ ਬਿਆਨ ਭਾਜਪਾ ਤੇ ਆਰਐਸਐਸ ਦੇ ਮੌਕਾਪ੍ਰਸਤ ਤੇ ਦੋਗਲੇ ਪੈਮਾਨਿਆਂ ਦੀ ਪੋਲ ਖੋਲ੍ਹਦਾ ਹੈ। ਇੱਕ ਪਾਸੇ ਭਾਰਤੀ ਸੰਵਿਧਾਨ ਦੀ ਸਹੁੰ ਚੁੱਕ ਕੇ ਸੱਤਾ ਸੁੱਖ ਭੋਗ ਰਹੇ ਹਨ, ਦੂਜੇ ਪਾਸੇ ਆਪਣੇ ਫ਼ਿਰਕੂ ਤੇ ਸੌੜੀ ਸੋਚ ਨਾਲ ਭਾਰਤੀ ਸੰਵਿਧਾਨ ਨੂੰ ਤਾਰ-ਤਾਰ ਕਰ ਰਹੇ ਹਨ।

ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖ, ਲੋਕਤੰਤਰਕ ਵਿਵਸਥਾ ਤੇ ਲੋਕਾਂ ਹਿੱਤ ਲੀਹਾਂ 'ਤੇ ਸਿਰਜਣਾ ਕੀਤੀ ਸੀ, ਪਰ ਭਾਗਵਤ ਦਾ ਬਿਆਨ ਸੰਵਿਧਾਨ ਦੀ ਮੂਲ ਭਾਵਨਾ ਨੂੰ ਖੋਖਲਾ ਕਰਨ ਦੀ ਸਾਜ਼ਿਸ਼ ਦਾ ਹਿੱਸਾ ਹੈ। ਇਸ ਬਾਰੇ ਦੇਸ਼ ਨੂੰ ਪਿਆਰ ਕਰਨ ਵਾਲੇ ਹਰੇਕ ਨਾਗਰਿਕ ਨੂੰ ਸੁਚੇਤ ਰਹਿਣ ਦੀ ਜ਼ਰੂਰਤ ਹੈ। ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਭਾਰਤ ਨੂੰ ਪਿਆਰ ਕਰਨ ਵਾਲੇ ਕਿਸੇ ਵੀ ਸੱਚੇ-ਸੁੱਚੇ ਨਾਗਰਿਕ ਨੂੰ ਭਾਰਤੀ ਹੋਣ ਵਜੋਂ ਆਰਐਸਐਸ ਦੇ ਸਰਟੀਫਿਕੇਟ ਦੀ ਜ਼ਰੂਰਤ ਨਹੀਂ।

## ਭਾਰਤ ਜਲਦੀ ਹੀ ਬਣੇਗਾ ਹਿੰਦੂ ਰਾਸ਼ਟਰ : ਭਾਗਵਤ



ਧਰਮ ਪਰਿਵਰਤਨ ਦੇ ਮੁੱਦੇ 'ਤੇ ਦੇਸ਼ ਭਰ ਵਿੱਚ ਚੱਲ ਰਹੇ ਵਿਵਾਦ ਦਰਮਿਆਨ ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਰੰਗ ਵਿੱਚ ਆ ਗਏ ਹਨ। ਭਾਗਵਤ ਨੇ ਕੋਲਕਾਤਾ ਵਿੱਚ ਧਰਮ ਪਰਿਵਰਤਨ ਬਾਰੇ ਆਪਣੀ ਚੁੱਪ ਤੋੜਦਿਆਂ ਇੱਕ ਪ੍ਰੋਗਰਾਮ ਵਿੱਚ ਬੋਲਦਿਆਂ ਕਿਹਾ ਕਿ ਘਰ ਛੱਡ ਕੇ ਗਏ ਲੋਕਾਂ ਨੂੰ ਵਾਪਸ ਲਿਆਉਣ 'ਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਭਾਗਵਤ ਨੇ ਕਿਹਾ ਕਿ ਕਿਸੇ ਨੂੰ ਇਸ ਬਾਰੇ ਇਤਰਾਜ਼ ਹੈ ਤਾਂ ਸੰਸਦ ਵਿੱਚ ਕਾਨੂੰਨ ਬਣਾ ਲਓ। ਭਾਗਵਤ ਨੇ ਕਿਹਾ ਕਿ ਸੰਸਦ ਵਿੱਚ ਕਾਨੂੰਨ ਬਣਾਉਣ ਦੀ ਗੱਲ ਹੋਈ ਤਾਂ ਕਈ ਲੋਕਾਂ ਨੂੰ ਇਸ ਬਾਰੇ ਵੀ ਇਤਰਾਜ਼ ਹੈ ਮੋਹਨ ਭਾਗਵਤ ਨੇ ਅਸਲੀ ਰੰਗ ਵਿੱਚ ਆਉਂਦਿਆਂ ਕਿਹਾ ਕਿ ਲੋਕਾਂ

(ਬਾਕੀ ਸਫ਼ਾ 11 'ਤੇ)



## ਜਗਮੀਤ ਤੇ ਟਰੂਡੋ ਨੇ ਬਹਿਸ ਦੌਰਾਨ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਬਾਰੇ ਕੀ ਕਿਹਾ

ਕੈਨੇਡਾ ਵਿੱਚ ਚੋਣਾਂ ਤੋਂ ਪਹਿਲਾਂ ਪਹਿਲੀ ਵਾਰੀ ਦੇਸ ਦੀਆਂ ਮੁੱਖ ਪਾਰਟੀਆਂ ਦੇ ਆਗੂ ਕਿਸੇ ਟੀਵੀ ਡਿਬੇਟ ਵਿੱਚ ਇਕੱਠੇ ਆਏ।

ਇਸ ਵਿੱਚ ਲਿਬਰਲ ਆਗੂ ਜਸਟਿਨ ਟਰੂਡੋ, ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਰ, ਐਨਡੀਪੀ ਆਗੂ ਜਗਮੀਤ ਸਿੰਘ, ਗ੍ਰੀਨ ਪਾਰਟੀ ਦੀ ਆਗੂ ਐਲੀਜ਼ਾਬੇਥ ਮੇਅ ਅਤੇ ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਆਗੂ ਮੈਗਜ਼ਿਮ ਬਰਨੀਅਰ ਸਨ। ਇਸ ਦੌਰਾਨ ਕਈ ਮੁੱਦਿਆਂ 'ਤੇ ਗੱਲਬਾਤ ਹੋਈ। ਐਨਡੀਪੀ ਆਗੂ ਨੇ ਵਾਤਾਵਰਣ, ਔਰਤਾਂ, ਐਲਜੀਬੀਟੀਕਿਊ ਲਈ ਬਰਾਬਰੀ ਦੇ ਮੁੱਦੇ ਚੁੱਕੇ।

ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਦਾ ਮੁੱਦਾ

ਚਰਚਾ ਦੌਰਾਨ ਜਸਟਿਨ ਟਰੂਡੋ ਨੇ ਜਗਮੀਤ ਸਿੰਘ ਨੂੰ ਪੁੱਛਿਆ, "ਤੁਸੀਂ ਭੇਦਭਾਵ ਬਾਰੇ ਖੁੱਲ੍ਹ ਕੇ ਬੋਲੇ ਹੋ ਪਰ ਜੇ ਤੁਹਾਡੀ ਸਰਕਾਰ ਬਣਦੀ ਹੈ ਤਾਂ ਬਿਲ 21 ਵਿੱਚ ਦਖ਼ਲ ਨਹੀਂ ਦੇਵੇਗੀ। ਸਿਰਫ਼ ਮੈਂ ਹੀ ਹਾਂ ਜੋ ਇਸ ਬਾਰੇ ਖੁੱਲ੍ਹ ਕੇ ਬੋਲ ਰਿਹਾ ਹਾਂ ਕਿਉਂਕਿ ਫੈਡਰਲਰ ਸਰਕਾਰ ਨੂੰ ਘੱਟ-ਗਿਣਤੀ, ਭਾਸ਼ਾ, ਔਰਤਾਂ ਦੇ ਹੱਕ ਦੀ ਰੱਖਿਆ ਕਰਨ ਦੀ ਲੋੜ ਹੈ।

ਦਰਅਸਲ ਕਿਊਬੇਕ ਵਿੱਚ ਹਾਲ ਹੀ ਵਿੱਚ ਬਿਲ 21 ਪਾਸ ਕੀਤਾ ਗਿਆ ਹੈ ਜਿਸ ਦੇ ਤਹਿਤ ਕਿਸੇ ਵੀ ਸਿਵਲ ਨਾਗਰਿਕ ਨੂੰ ਕੰਮ 'ਤੇ ਧਾਰਮਿਕ ਚਿੰਨ੍ਹ ਪਾਉਣ ਦੀ ਇਜਾਜ਼ਤ ਨਹੀਂ ਹੈ।ਬਿੱਲ 21 ਤਹਿਤ ਜੱਜਾਂ, ਪੁਲਿਸ ਅਫਸਰਾਂ, ਅਧਿਆਪਕਾਂ ਅਤੇ ਕੁਝ ਹੋਰ ਅਹੁਦਿਆਂ 'ਤੇ ਕੰਮ ਕਰਦੇ ਸਰਕਾਰੀ ਮੁਲਾਜ਼ਮਾਂ ਨੂੰ ਪੱਗ ਜਾਂ ਹਿਜਾਬ, ਕਿਰਪਾਨ ਵਰਗੇ ਚਿੰਨ੍ਹ ਪਾਉਣ ਦੀ ਇਜਾਜ਼ਤ ਨਹੀਂ ਹੈ।ਜਗਮੀਤ ਸਿੰਘ ਨੇ ਜਵਾਬ ਦਿੱਤਾ, "ਮੇਰੀ ਜ਼ਿੰਦਗੀ ਰੋਜ਼ਾਨਾ ਬਿਲ 21 ਨਾਲ ਲੜਦੀ ਹੈ। ਮੈਂ ਰੋਜ਼ਾਨਾ ਆਪਣੀ ਦਿਖ ਕਾਰਨ ਚੁਣੌਤੀ ਝੱਲਦਾ ਹਾਂ। ਮੈਂ ਰੋਜ਼ਾਨਾ ਉਨ੍ਹਾਂ ਲੋਕਾਂ ਨੂੰ ਦੇਖਦਾ ਹਾਂ ਜੋ ਕਹਿੰਦੇ ਹਨ ਕਿ ਉਹ ਕੁਝ ਹਾਸਿਲ ਨਹੀਂ ਕਰ ਸਕਦੇ ਕਿਉਂਕਿ ਉਹ ਇਸ ਤਰ੍ਹਾਂ ਦਿਖਦੇ ਹਨ।"

ਵਾਤਾਵਰਣ ਦਾ ਮੁੱਦਾ

ਐਨਡੀਪੀ ਆਗੂ ਜਗਮੀਤ ਸਿੰਘ ਨੇ ਪ੍ਰਧਾਨ

(ਬਾਕੀ ਸਫ਼ਾ 11 'ਤੇ)

## ਅਕਾਲ ਤਖ਼ਤ ਦੇ ਜਥੇਦਾਰ: ਸੋਨੇ ਦੀ ਪਾਲਕੀ ਦੀ ਥਾਂ ਬੱਚਿਆਂ ਦੀ ਪੜ੍ਹਾਈ 'ਤੇ ਪੈਸਾ ਖਰਚ ਹੋਵੇ

ਅੰਮ੍ਰਿਤਸਰ - ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਾਕਿਸਤਾਨ ਭੇਜੀ ਜਾਣ ਵਾਲੀ ਸੋਨੇ ਦੀ ਪਾਲਕੀ ਦਾ ਕੰਮ ਫੌਰਨ ਰੋਕਣ ਦਾ ਹੁਕਮ ਦਿੱਤਾ ਹੈ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਤਾਰਪੁਰ ਪਾਕਿਸਤਾਨ ਲਈ ਸੋਨੇ ਦੀ ਪਾਲਕੀ ਭੇਜਣ ਦੀ ਤਿਆਰੀ ਸੀ।ਡੀਐੱਸਜੀਐੱਮਸੀ ਵਲੋਂ ਇਸ ਕਾਰਜ ਲਈ ਦਿੱਲੀ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿੱਚ ਪੈਸਾ ਇਕੱਠਾ ਕਰਨ ਲਈ ਗੋਲਕਾਂ ਲਗਾਈਆਂ ਗਈਆਂ ਹਨ। ਅਕਾਲ ਤਖਤ ਵੱਲੋਂ ਹੁਣ ਉਨ੍ਹਾਂ ਗੋਲਕਾਂ ਨੂੰ ਵੀ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਵਿੱਚ ਕਿਹਾ ਹੈ ਕਿ ਉਨ੍ਹਾਂ ਨੂੰ ਅਕਾਲ ਤਖ਼ਤ ਦਾ ਫਰਮਾਨ ਕਬੂਲ ਹੈ ਤੇ ਉਹ ਉਸ ਦੀ ਪਾਲਣਾ ਕਰਨਗੇ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ, "ਡੀਐੱਸਜੀਐੱਮਸੀ ਵੱਲੋਂ ਸੰਗਤਾਂ ਤੋਂ ਸੋਨੇ ਦੀ ਪਾਲਕੀ ਲਈ ਪੈਸੇ ਇਕੱਠੇ ਕਰਨ ਲਈ ਜੋ ਗੋਲਕਾਂ ਰੱਖੀਆਂ ਗਈਆਂ ਹਨ, ਉਨ੍ਹਾਂ


(ਬਾਕੀ ਸਫ਼ਾ 11 'ਤੇ)

## ਸਮੋਕੀ ਪਾਰਕ (ਰਿੱਚਮੰਡ ਹਿਲ) ਵਿਖੇ 550 ਸਾਲਾ ਪੁਰਬ ਸਬੰਧੀ ਸਮਾਗਮ 3 ਨੂੰ

ਨਿਊਯਾਰਕ (ਪੰਜਾਬੀ ਦੁਨੀਆ)- ਨਿਊਯਾਰਕ ਦੇ ਟਰਾਈ ਸਟੇਟ ਦੀਆਂ ਸਮੂਹ ਸੰਗਤਾਂ, ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਧਾਰਮਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਮੋਕੀ ਪਾਰਕ (ਰਿਚਮੰਡ ਹਿਲ) 95 Avenue ABEth St, South Richmond Hill, NY AADAI ਵਿਖੇ 3 ਨਵੰਬਰ ਦਿਨ ਐਤਵਾਰ ਨੂੰ ਸ਼ਰਧਾ ਭਾਵਨਾ, ਉਤਸ਼ਾਹ ਨਾਮ ਮਨਾਇਆ ਜਾਵੇਗਾ। ਪ੍ਰਬੰਧਕਾ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਸਵੇਰੇ 11 ਵਜੇਂ ਤੋਂ ਸ਼ਾਮ 4 ਵਜੇ ਤੱਕ ਪੰਥ ਦੇ ਮਹਾਨ ਰਾਗੀ,ਢਾਡੀ ਅਤੇ ਕਥਾ ਵਾਚਕ ਸੰਗਤਾਂ ਨੂੰ ਗੁਰਬਾਣੀ, ਕੀਰਰਨ, ਵਿਚਾਰਾਂ ਨਾਲ ਨਿਹਾਲ ਕਰਨਗੇ। ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਵੱਧ ਤੋਂ ਵੱਧ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਪੁੱਜਣ। ਪ੍ਰਬੰਧਕਾਂ ਵੱਲੋਂ ਇਸ ਸਮਾਗਮ ਲਈ ਸਹਿਯੋਗ ਦੇਣ ਲਈ ਧੰਨ ਧੰਨ ਬਾਬਾ ਬੁੱਢਾ ਸਿੰਘ ਜੀ ਸਿੱਖ ਐਸੋਸੀਏਸ਼ਨ ਨਿਊਯਾਰਕ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੋਸਾਇਟੀ ਨਿਊਯਾਰਕ,ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਆਫ ਹਰਿਆਣਾ ਅਤੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਸੋਸਾਇਟੀ ਨਿਊਯਾਰਕ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਭਾਈ ਹਰਿੰਦਰ ਸਿੰਘ, ਬੀਬੀ ਇੰਦਰਜੀਤ ਕੌਰ ਖਾਲਸਾ, ਸ. ਰਵਿੰਦਰ ਸਿੰਘ ਜੀ ਖਾਲਸਾ ਏਡ ਅਤੇ ਸ. ਸੱਜਣ ਸਿੰਘ ਡਿਫੈਂਸ ਮਨਿਸਟਰ ਕੈਨੇਡਾ ਵੀ ਇਸ ਸਮਾਗਮ ਵਿੱਚ ਹਾਜਰੀ ਭਰਨਗੇ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਇਸ ਸਬੰਧੀ ਵਧੇਰੇ ਜਾਣਕਾਰੀ ਲਈ 5168522222 ਜਾਂ 8033681313 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Home Business Auto
Insurance
See Full Page Advt on page 16
NLIGHT INSURANCE
(A Division of Nlight Financial LLC)
Call : 917-612-3158

# ਅੰਮ੍ਰਿਤਸਰ ਰੇਲ ਦੁਖਾਂਤ 'ਚ ਇੱਕ ਸਾਲ ਪਿੱਛੋਂ ਵੀ ਦਾਖ਼ਲ ਨਹੀਂ ਹੋ ਸਕੀ ਕੋਈ ਚਾਰਜਸ਼ੀਟ



ਅੰਮ੍ਰਿਤਸਰ- ਇਸ ਵਾਰ ਦੁਸਹਿਰਾ 8 ਅਕਤੂਬਰ ਦਾ ਹੈ। ਲੋਕ ਆਮ ਵਾਂਗ ਇਸ ਤਿਉਹਾਰ ਦੀਆਂ ਤਿਆਰੀਆਂ ਕਰ ਰਹੇ ਹਨ। ਪਰ ਪਿਛਲੇ ਸਾਲ 19 ਅਕਤੂਬਰ ਨੂੰ ਅੰਮ੍ਰਿਤਸਰ 'ਚ ਜੌੜੇ ਫਾਟਕ ਲਾਗੇ ਧੋਬੀ ਘਾਟ ਸਥਿਤ ਦੁਸਹਿਰਾ ਦਾ ਤਿਉਹਾਰ ਕਾਫ਼ੀ ਦੁਖਦਾਈ ਰਿਹਾ ਸੀ। ਉਸੇ ਦਿਨ ਰਾਵਣ ਦਾ ਪੁਤਲਾ ਫੁਕਦਾ ਵੇਖਣ ਲਈ ਰੇਲ-ਗੱਡੀ ਦੀ ਪਟੜੀ 'ਤੇ ਖੜ੍ਹੇ ਸੈਂਕੜੇ ਵਿਅਕਤੀਆਂ ਉੱਤੇ ਇੱਕ ਰੇਲ ਆਣ ਚੜ੍ਹੀ ਸੀ ਤੇ ਉੱਥੇ ਅੱਖ ਦੇ ਫੋਰ ਵਿੱਚ ਹੀ 61 ਲਾਸ਼ਾਂ ਵਿਛ ਗਈਆਂ ਸਨ ਤੇ 100 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਪੂਰਾ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਉਸ ਰੇਲ ਹਾਦਸੇ ਦੇ ਪੀੜਤਾਂ ਨੂੰ ਹਾਲੇ ਤੱਕ ਇਨਸਾਫ਼ ਨਹੀਂ ਮਿਲਿਆ। ਹਾਲੇ ਤੱਕ ਇੱਕ ਵੀ ਵਿਅਕਤੀ ਵਿਰੁੱਧ ਦੋਸ਼ ਆਇਦ ਨਹੀਂ ਹੋ ਸਕੇ ਹਨ। ਇਸ ਰੇਲ ਹਾਦਸੇ ਲਈ ਜ਼ਿੰਮੇਵਾਰੀ ਤੈਅ ਕਰਨ ਵਾਸੇ ਹੁਣ ਤੱਕ ਤਿੰਨ ਜਾਂਚਾਂ ਹੋ ਚੁੱਕੀਆਂ ਹਨ। ਦੋ ਜਾਂਚਾਂ ਮੁਕੰਮਲ ਹੋ ਗਈਆਂ ਹਨ; ਜਦ ਕਿ ਇੱਕ ਜਾਂਚ ਹਾਲੇ ਚੱਲ ਰਹੀ ਹੈ। ਪਹਿਲੀ ਜਾਂਚ ਰੇਲਵੇ ਸੁਰੱਖਿਆ ਕਮਿਸ਼ਨਰ ਐੱਸਕੇ ਪਾਠਕ ਨੇ ਕੀਤੀ ਸੀ। ਦੂਜੀ ਜਾਂਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਦਾਇਤ 'ਤੇ ਜਲੰਧਰ ਦੇ ਡਿਵੀਜ਼ਨਲ ਕਮਿਸ਼ਨਰ ਬੀ. ਪੁਰਸ਼ਾਰਥ ਨੇ ਕੀਤੀ ਸੀ। ਤੀਜੀ ਜਾਂਚ ਹਾਲੇ ਸਰਕਾਰੀ ਰੇਲਵੇ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ। ਇਸੇ ਜਾਂਚ ਦੌਰਾਨ ਅੰਮ੍ਰਿਤਸਰ ਰੇਲ ਦੁਖਾਂਤ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਇੱਕ 'ਵਿਸ਼ੇਸ਼ ਜਾਂਚ ਟੀਮ' ਵੀ ਕਾਇਮ ਕੀਤੀ ਗਈ ਸੀ ਪਰ ਹਾਲੇ ਤੱਕ ਕੁਝ ਵੀ ਨਹੀਂ ਹੋਇਆ। ਡੀਐੱਸਪੀ ਸ੍ਰੀ ਬਲਰਾਜ ਸਿੰਘ ਨੇ ਦੱਸਿਆ ਕਿ ਇੱਕ ਸਾਲ ਬਾਅਦ ਹਾਲੇ ਤੱਕ ਮ੍ਰਿਤਕਾਂ ਦੀਆਂ ਫ਼ਾਰੈਂਸਿਕ ਰਿਪੋਰਟਾਂ ਵੀ ਨਹੀਂ ਮਿਲੀਆਂ। ਸੈਂਪਲ ਤਦ ਵੱਖੋ-ਵੱਖਰੀਆਂ ਲੈਬਸ ਨੂੰ ਭੇਜੇ ਗਏ ਸਨ। ਉਹ ਰਿਪੋਰਟਾਂ ਆਉਣ ਤੋਂ ਬਾਅਦ ਹੀ ਜਾਂਚ ਮੁਕੰਮਲ ਹੋ ਸਕੇਗੀ। ਏ ਡੀ ਜੀ ਪੀ ਰੇਲਵੇਜ਼ ਸੰਜੀਵ ਕਾਲੜਾ ਨੇ ਕਿਹਾ ਕਿ ਇਹ ਬਹੁਤ ਨਾਜ਼ੁਕ ਕਿਸਮ ਦਾ ਮਸਲਾ ਹੈ ਤੇ 'ਵਿਸ਼ੇਸ਼ ਜਾਂਚ ਟੀਮ' ਬਹੁਤ ਧਿਆਨ ਨਾਲ ਇਸ ਸਾਰੇ ਮਾਮਲੇ ਦੀ ਜਾਂਚ ਕਰ ਰਹੀ ਹੈ। 'ਵਿਸ਼ੇਸ਼ ਜਾਂਚ ਟੀਮ' ਇੰਚਾਰਜ ਸ੍ਰੀ ਦਲਜੀਤ ਸਿੰਘ ਰਾਣਾ ਨੇ ਵਾਰ-ਵਾਰ ਕਾੱਲ ਕੀਤੇ ਜਾਣ ਦੇ ਬਾਵਜੂਦ ਫ਼ੋਨ ਨਹੀਂ ਚੁੱਕਿਆ। ਚੰਡੀਗੜ੍ਹ ਫ਼ਾਰੈਂਸਿਕ ਰਿਪੋਰਟਾਂ ਦੀ ਉਡੀਕ ਕੀਤੀ ਜਾ ਰਹੀ ਹੈ। ਇਹ ਜਾਂਚ 20 ਦਿਨਾਂ ਵਿੱਚ ਮੁਕੰਮਲ ਹੋ ਜਾਵੇਗੀ। ਪਹਿਲੀ ਜਾਂਚ ਵਿੱਚ ਰੇਲਵੇ ਮੁਲਾਜ਼ਮਾਂ ਨੂੰ ਲਾਪਰਵਾਹੀ ਦੇ ਦੋਸ਼ੀ ਕਰਾਰ ਦਿੱਤਾ ਗਿਆ ਸੀ।

# ਸਿਆਸਤਦਾਨਾਂ ਤੇ ਅਪਰਾਧੀਆਂ ਨਾਲ ਮਿਲੇ ਪੁਲਿਸ ਮੁਲਾਜ਼ਮਾਂ ਦੀ ਸ਼ਾਮਤ !

ਚੰਡੀਗੜ੍ਹ*- ਸਿਆਸਤਦਾਨਾਂ ਤੇ ਅਪਰਾਧੀਆਂ ਨਾਲ ਸਬੰਧ ਰੱਖਣ ਵਾਲੇ ਪੁਲਿਸ ਮੁਲਾਜ਼ਮਾਂ ਦੀ ਖ਼ੈਰ ਨਹੀਂ। ਇਸ ਬਾਰੇ ਠੋਸ ਨੀਤੀ ਬਣਾਈ ਗਈ ਹੈ ਜਿਸ ਨਾਲ ਪੁਲਿਸ, ਸਿਆਸਤ ਦਾਨਾਂ ਤੇ ਅਪਰਾਧੀਆਂ ਦੀ ਮਿਲਭੁਗਤ ਨੂੰ ਨੱਥ ਪਾਈ ਜਾਵੇਗੀ। ਕਈ ਮਾਮਲੇ ਸਾਹਮਣੇ ਆਉਣ ਮਗਰੋਂ ਪੰਜਾਬ ਪੁਲਿਸ ਸਖ਼ਤ ਕਦਮ ਚੁੱਕਣ ਜਾ ਰਹੀ ਹੈ। ਇਸ ਦੇ ਹੱਲ਼ ਲਈ ਸਿਪਾਹੀ ਤੋਂ ਲੈ ਕੇ ਇੰਸਪੈਕਟਰ ਤੱਕ ਦੀਆਂ ਤਾਇਨਾਤੀਆਂ ਸਬੰਧੀ ਠੋਸ ਨੀਤੀ ਤੇ ਰਣਨਤੀ ਅਪਨਾਉਣ ਦਾ ਫ਼ੈਸਲਾ ਲਿਆ ਗਿਆ ਹੈ। ਪੰਜਾਬ ਪੁਲਿਸ ਦੇ ਮੁਖੀ ਦਿਨਕਰ ਗੁਪਤਾ ਦਾ ਕਹਿਣਾ ਹੈ ਕਿ ਪੁਲਿਸ ਮੁਲਾਜ਼ਮਾਂ ਤੇ ਅਪਰਾਧੀਆਂ ਦਰਮਿਆਨ ਬਣੇ ਗੱਠਜੋੜ ਨੂੰ ਤੋੜਨ ਲਈ ਸਿਪਾਹੀ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਦੇ ਮੁਲਾਜ਼ਮਾਂ ਤੇ ਨਾਨ-ਗਜ਼ਟਿਡ ਅਫ਼ਸਰਾਂ ਨੂੰ ਉਨ੍ਹਾਂ (ਪੁਲਿਸ ਮੁਲਾਜ਼ਮਾਂ) ਦੇ ਰਿਹਾਇਸ਼ੀ ਖੇਤਰ ਦੀ ਸਬ-ਡਿਵੀਜ਼ਨ ਤੋਂ ਬਾਹਰਲੇ ਥਾਣਿਆਂ 'ਚ ਤਾਇਨਾਤ ਕੀਤਾ ਜਾਵੇਗਾ। ਇਸ ਲਈ ਪੁਲਿਸ ਮੁਲਾਜ਼ਮਾਂ ਦੇ ਤਬਾਦਲਿਆਂ ਸਬੰਧੀ ਠੋਸ ਨੀਤੀ ਤਿਆਰ ਕਰਕੇ ਸਰਕਾਰ ਨੂੰ ਭੇਜੀ ਗਈ ਹੈ। ਪ੍ਰਵਾਨਗੀ ਮਗਰੋਂ ਮੁਲਾਜ਼ਮਾਂ ਦੀਆਂ ਤਾਇਨਾਤੀਆਂ ਨਵੀਂ ਨੀਤੀ ਤਹਿਤ ਹੀ ਕੀਤੀਆਂ ਜਾਣਗੀਆਂ। ਸੀਨੀਅਰ ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਥਾਨਕ ਪੱਧਰ 'ਤੇ ਪੁਲਿਸ ਮੁਲਾਜ਼ਮਾਂ ਦੀ ਅਪਰਾਧੀਆਂ ਤੇ ਤਸਕਰਾਂ ਨਾਲ ਸਾਂਝ ਪੈ ਜਾਂਦੀ ਹੈ ਜਾਂ ਪੁਲਿਸ ਮੁਲਾਜ਼ਮਾਂ ਵੱਲੋਂ ਆਪਣੇ ਰਿਹਾਇਸ਼ੀ ਖੇਤਰ ਵਿੱਚ ਤਾਇਨਾਤੀ ਦੌਰਾਨ ਨਿੱਜੀ ਕਿੜਾਂ ਕੱਢੀਆਂ ਜਾਂਦੀਆਂ ਹਨ। ਪੁਲਿਸ ਦੇ ਕੰਮਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਜ਼ਰੂਰੀ ਹੈ ਕਿ ਐਸਐਚਓ ਪੱਧਰ ਦੇ ਨਾਨ-ਗਜ਼ਟਿਡ ਅਫ਼ਸਰਾਂ ਦੀਆਂ ਤਾਇਨਾਤੀਆਂ ਪੱਕੇ ਰਿਹਾਇਸ਼ੀ ਪਤੇ ਤੋਂ ਦੂਰ ਕੀਤੀਆਂ ਜਾਣ। ਸੀਨੀਅਰ ਅਧਿਕਾਰੀਆਂ ਮੁਤਾਬਕ ਪੁਲਿਸ, ਸਿਆਸਤਦਾਨਾਂ ਤੇ ਤਸਕਰਾਂ ਦਰਮਿਆਨ ਗੱਠਜੋੜ ਤੋੜਨ ਲਈ ਮੁੱਖ ਮੰਤਰੀ ਸਾਹਮਣੇ ਕੁਝ ਠੋਸ ਸੁਝਾਅ ਵੀ ਰੱਖੇ ਗਏ ਸਨ।

# ਸੁਖਬੀਰ ਬਾਦਲ ਨੇ ਮੁੜ ਪਾਈ ਬੀਜੇਪੀ ਨੂੰ ਜੱਫੀ, ਅਕਾਲੀ ਵਰਕਰ ਦੋਚਿੱਤੀ 'ਚ

ਚੰਡੀਗੜ੍ਹ- ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਤੇ ਬੀਜੇਪੀ ਨੇ ਹਰਿਆਣਾ ਵਾਲੀ ਨਰਾਜ਼ਗੀ ਭੁਲਾਉਂਦੇ ਹੋਏ ਪੰਜਾਬ ਵਿੱਚ ਹੋ ਰਹੀਆਂ ਚਾਰ ਜ਼ਿਮਨੀ ਚੋਣਾਂ ਮਿਲ ਕੇ ਲੜਨ ਦਾ ਐਲਾਨ ਕੀਤਾ ਹੈ ਪਰ ਦੋਵਾਂ ਪਾਰਟੀਆਂ ਦੇ ਵਰਕਰ ਦੋਚਿੱਤੀ ਵਿੱਚ ਹਨ। ਹੇਠਲੇ ਪੱਧਰ ਦੇ ਵਰਕਰਾਂ ਨੂੰ ਸਮਝ ਨਹੀਂ ਆ ਰਹੀ ਕਿ ਇੱਕ-ਦੂਜੇ ਖਿਲਾਫ ਇੰਨੀ ਤਿੱਖੀ ਬਿਆਨਬਾਜ਼ੀ ਮਗਰੋਂ ਹੁਣ ਇਕੱਠੇ ਕਿਵੇਂ ਚੱਲਿਆ ਜਾ ਸਕਦਾ ਹੈ। ਉਂਝ ਦੋਵੇਂ ਪਾਰਟੀਆਂ ਦੇ ਸੀਨੀਅਰ ਲੀਡਰਾਂ ਨੇ ਫੈਸਲਾ ਕੀਤਾ ਹੈ ਕਿ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਇੱਕ-ਦੂਜੇ ਵਿਰੁੱਧ ਬੇਲੋੜੀ ਬਿਆਨਬਾਜ਼ੀ ਨਾ ਕੀਤੀ ਜਾਵੇ। ਇਸ ਨਾਲ ਆਮ ਵੋਟਰਾਂ 'ਤੇ ਮਾੜਾ ਅਸਰ ਪੈ ਰਿਹਾ ਹੈ। ਦੋਵਾਂ ਪਾਰਟੀਆਂ ਵਿਚਾਲੇ ਹਰਿਆਣਾ ਵਿੱਚ ਗੱਠਜੋੜ ਨਾ ਹੋਣ ਮਗਰੋਂ ਤਣਾਅ ਵਧ ਗਿਆ ਹੈ। ਇਸ ਕਰਕੇ ਫਗਵਾੜਾ ਤੇ ਮੁਕੇਰੀਆਂ ਹਲਕਿਆਂ ਵਿੱਚ ਬੀਜੇਪੀ ਉਮੀਦਵਾਰਾਂ ਹੱਕ 'ਚ ਡਟਣ ਤੋਂ ਅਕਾਲੀ ਵਰਕਰ ਪਾਸਾ ਵੱਟ ਰਹੇ ਹਨ। ਇਸ ਮਗਰੋਂ ਬੀਜੇਪੀ ਫਿਕਰਮੰਦ ਸੀ। ਇਸ ਲਈ ਸ਼ਨੀਵਾਰ ਨੂੰ ਦੋਵਾਂ ਪਾਰਟੀਆਂ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਹੋਈ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਫਗਵਾੜਾ ਤੇ ਮੁਕੇਰੀਆਂ ਹਲਕਿਆਂ ਵਿੱਚ ਜਿੱਥੇ ਵੀ ਬੀਜੇਪੀ ਲੀਡਰ ਅਕਾਲੀ ਵਰਕਰਾਂ ਦੀਆਂ ਡਿਊਟੀਆਂ ਲਾਉਣ ਨੂੰ ਕਹਿਣਗੇ, ਉੱਥੇ ਹੀ ਅਕਾਲੀ ਦਲ ਦੇ ਵਰਕਰ ਡੱਟ ਜਾਣਗੇ। ਬੇਸ਼ੱਕ ਸੀਨੀਅਰ ਲੀਡਰਸ਼ਿਪ ਇੱਕ-ਦੂਜੇ ਖਿਲਾਫ ਭੜਾਸ ਕੱਢ ਕੇ ਸ਼ਾਂਤ ਹੋ ਗਈ ਹੈ ਪਰ ਆਮ ਵਰਕਰ ਨੂੰ ਇਹ ਗੱਲ਼ ਹਜ਼ਮ ਨਹੀਂ ਹੋ ਰਹੀ। ਦਰਅਸਲ, ਹਰਿਆਣਾ ਵਿੱਚ ਦੋਵੇਂ ਧਿਰਾਂ ਇੱਕ-ਦੂਜੇ ਵਿਰੁੱਧ ਚੋਣਾਂ ਲੜ ਰਹੀਆਂ ਹਨ, ਇਸ ਦਾ ਅਸਰ ਪੰਜਾਬ ਗੱਠਜੋੜ 'ਤੇ ਵੀ ਪੈ ਰਿਹਾ ਸੀ। ਬੀਜੇਪੀ ਦੇ ਕੁਝ ਲੀਡਰਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਬਿਆਨਾਂ ਉੱਤੇ ਕੀਤੀਆਂ ਸਖਤ ਟਿੱਪਣੀਆਂ ਕਾਰਨ ਦੋਵਾਂ ਧਿਰਾਂ ਵਿੱਚ ਕਸ਼ੀਦਗੀ ਪੈਦਾ ਹੋ ਗਈ ਸੀ। ਉਸ ਤੋਂ ਬਾਅਦ ਹੀ ਤਾਲਮੇਲ ਕਮੇਟੀ ਦੀ ਮੀਟਿੰਗ ਕੀਤੀ ਗਈ ਹੈ।



# ਕੇਂਦਰੀ ਮੰਤਰੀ ਦਾ ਦਾਅਵਾ, ਹੁਣ ਜਲਦ ਸਿਰੇ ਚੜ੍ਹੇਗਾ ਅੰਮ੍ਰਿਤਸਰ ਦਾ ਆਈਆਈਐਮ

ਅੰਮ੍ਰਿਤਸਰ- ਕੇਂਦਰੀ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਰਮੇਸ਼ ਪੋਖਰੀਆਲ ਨਿਸ਼ੰਕ ਨੇ ਅੱਜ ਅੰਮ੍ਰਿਤਸਰ ਵਿੱਚ ਭੂਮੀ ਪੂਜਨ ਕਰਕੇ ਆਈਆਈਐਮ ਦੇ ਕੈਂਪਸ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਕੇਂਦਰੀ ਮੰਤਰੀ ਵੱਲੋਂ ਪੂਰੇ ਵਿਧੀ ਵਿਧਾਨ ਨਾਲ ਮੰਤਰਾਂ ਦੇ ਉਚਾਰਨ ਵਿੱਚ ਭੂਮੀ ਪੂਜਨ ਕੀਤਾ ਗਿਆ ਤੇ ਇੱਟ ਲਾਈ ਗਈ। ਇਸ ਮੌਕੇ ਸੰਬੋਧਨ ਕਰਦਿਆਂ ਰਮੇਸ਼ ਪੋਖਰੀਆਲ ਨੇ ਕਿਹਾ ਕਿ ਆਈਆਈਐਮ ਮਰਹੂਮ ਅਰੁਣ ਜੇਤਲੀ ਜੀ ਦਾ ਸੁਫਨਾ ਸੀ। ਇਸ ਨੂੰ ਪੂਰਾ ਕਰਦਿਆਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋ ਰਹੀ ਹੈ। ਨਿਸ਼ੰਕ ਨੇ ਦੱਸਿਆ ਕਿ ਇਸ ਦੇ ਲਈ ਜਗ੍ਹਾ ਤਾਂ ਐਕਵਾਇਰ ਕਰ ਲਈ ਗਈ ਸੀ ਪਰ ਇੱਕ ਏਕੜ ਜਗ੍ਹਾ ਅਕਵਾਇਰ ਨਾ ਹੋਣ ਕਾਰਨ ਇਸ ਦੀ ਡੀਪੀਆਰ ਬਣਨ ਵਿੱਚ ਵੱਡੀ ਮੁਸ਼ਕਲ ਆ ਰਹੀ ਸੀ। ਇਸੇ ਕਾਰਨ ਹੀ ਕੈਂਪਸ ਦਾ ਨਿਰਮਾਣ ਕਾਰਜ ਸ਼ੁਰੂ ਨਹੀਂ ਸੀ ਹੋ ਰਿਹਾ। ਭਾਵੇਂ ਕਿ ਅੰਮ੍ਰਿਤਸਰ ਦੇ ਵਿੱਚ ਆਈਆਈਐਮ ਦੀਆਂ ਕਲਾਸਾਂ ਚੱਲ ਰਹੀਆਂ ਸਨ ਪਰ ਹੁਣ ਸਾਰੀਆਂ ਅੜਚਨਾਂ ਨੂੰ ਦੂਰ ਕਰ ਦਿੱਤਾ ਗਿਆ ਹੈ ਕਿਉਂਕਿ ਇੱਕ ਏਕੜ ਜਗ੍ਹਾ ਵੀ ਅਕਵਾਇਰ ਕਰ ਲਈ ਗਈ ਹੈ। ਜਦੋਂ ਪਹਿਲਾ ਫੇਜ਼ ਮੁਕੰਮਲ ਹੋ ਜਾਵੇਗਾ ਤੇ ਦੂਸਰਾ ਸ਼ੁਰੂ ਹੋਵੇਗਾ ਤਾਂ ਕੇਂਦਰ ਸਰਕਾਰ ਵੱਲੋਂ ਢਾਈ ਸੌ ਕਰੋੜ ਰੁਪਏ ਦੀ ਦੂਸਰੀ ਕਿਸ਼ਤ ਵੀ ਆਈਆਈਐਮ ਦੇ ਕੈਂਪਸ ਲਈ ਭੇਜ ਦਿੱਤੀ ਜਾਵੇਗੀ। ਕੇਂਦਰੀ ਮੰਤਰੀ ਨਿਸ਼ਾਂਕ ਨੇ ਨਾਲ ਹੀ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ



ਨੂੰ ਸਮਰਪਿਤ ਕੇਂਦਰ ਸਰਕਾਰ ਵੱਲੋਂ ਸਰਵ ਧਰਮ ਸਟੱਡੀ ਸੈਂਟਰ ਯੂਨੀਵਰਸਿਟੀ ਵਿੱਚ ਸਥਾਪਤ ਕੀਤਾ ਜਾ ਰਿਹਾ ਹੈ। ਇਸ ਦਾ 482 ਕਰੋੜ ਰੁਪਏ ਵਿੱਚ ਤਿਆਰ ਹੋਣ ਦਾ ਅਨੁਮਾਨ ਹੈ। ਕੇਂਦਰੀ ਮੰਤਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਅੰਮ੍ਰਿਤਸਰ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਰਹੀ ਹੈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਪੁੱਜੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਬਾਜਵਾ ਨੇ ਕਿਹਾ ਕਿ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਵਿੱਚ ਪੰਜਾਬ ਸਰਕਾਰ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ ਕਿਉਂਕਿ ਇਹ ਆਈਆਈਐਮ ਸੈਂਟਰ ਪੰਜਾਬ ਲਈ ਬਹੁਤ ਮਹੱਤਵਪੂਰਨ ਹੋਵੇਗਾ। ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਮੰਗ ਕੀਤੀ ਕਿ ਅੰਮ੍ਰਿਤਸਰ ਦੇ ਵਿੱਚ ਸੈਂਟਰਲ ਯੂਨੀਵਰਸਿਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਬਣਾਇਆ ਜਾਵੇ, ਇਹ ਸਾਡਾ ਹੱਕ ਹੈ। ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੋ ਰਹੀ ਹੈ ਕਿ ਆਈਆਈਐਮ ਦਾ ਆਪਣਾ ਕੈਂਪਸ ਤਿਆਰ ਹੋਣ ਜਾ ਰਿਹਾ ਹੈ ਕਿਉਂਕਿ ਆਪਣੇ ਕੈਂਪਸ ਦੀ ਵੱਖਰੀ ਹੀ ਦੁਨੀਆ ਹੁੰਦੀ ਹੈ।

# ਸੈਨੇਟਰ ਮਿਸਟਰ ਰਾਬਰਟ ਮੈਂਡੇਜ਼ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ

ਅੰਮ੍ਰਿਤਸਰ- ਅਮਰੀਕਾ ਦੇ ਨਿਊ ਜਰਸੀ ਤੋਂ ਸੈਨੇਟਰ ਮਿਸਟਰ ਰਾਬਰਟ ਮੈਂਡੇਜ਼ ਅੱਜ ਪਤਨੀ ਸਮੇਤ 7 ਮੈਂਬਰੀ ਅਮਰੀਕੀ ਵਫਦ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਪੁੱਜੇ । ਉਨ੍ਹਾਂ ਨੂੰ ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਨੇ ਸ੍ਰੀ ਹਰਿਮੰਦਰ ਸਾਹਿਬ ਸਮੇਤ ਸਿੱਖ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ । ਦਰਸ਼ਨ ਕਰਨ ਉਪਰੰਤ ਬੇਹੱਦ ਖੁਸ਼ ਨਜ਼ਰ ਆ ਰਹੇ ਸੈਨੇਟਰ ਮਿਸਟਰ ਰਾਬਰਟ ਮੈਨਡੈਨੇਜ਼ ਨੇ ਕਿਹਾ ਕਿ ਉਨ੍ਹਾਂ ਨੂੰ ਇਥੇ ਦਰਸ਼ਨ ਕਰਕੇ ਬੇਹੱਦ ਖੁਸ਼ੀ ਹੋਈ ਹੈ ਤੇ ਉਹ ਸਿੱਖ ਧਰਮ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਉਹ ਅਮਰੀਕਾ ਜਾ ਕੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨਗੇ ਤੇ ਇਹ ਪ੍ਰਕਾਸ਼ ਪੁਰਬ ਵਾਸ਼ਿੰਗਟਨ ਡੀ.ਸੀ. ਸਮੇਤ ਅਮਰੀਕਾ 'ਚ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸਿੱਖ ਦੀ ਪਛਾਣ ਦੇ ਮਾਮਲੇ ਸਬੰਧੀ ਅਮਰੀਕੀਆਂ ਨੂੰ ਸਿੱਖ ਧਰਮ ਸਬੰਧੀ ਵੀ ਜਾਣੂੰ ਕਰਾਉਣਗੇ। ਬੀਤੇ ਦਿਨੀਂ ਅਮਰੀਕੀ ਸਿੱਖ ਪੁਲਿਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਨੂੰ ਕਤਲ ਕੀਤੇ ਜਾਣ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਪੂਰਾ ਅਮਰੀਕਾ ਉਨ੍ਹਾਂ ਦੇ ਪਰਿਵਾਰ ਨਾਲ ਹੈ ਤੇ ਉਸ ਦੇ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇਗਾ । ਇਸ ਮੌਕੇ ਵਫਦ 'ਚ ਸ਼ਾਮਿਲ ਅਮਰੀਕੀ ਸਿੱਖ ਯਾਦਵਿੰਦਰ ਸਿੰਘ ਤੋਂ ਇਲਾਵਾ ਸਹਾ: ਸੂਚਨਾ ਅਧਿਕਾਰੀ ਹਰਿੰਦਰ ਸਿੰਘ ਰੋਮੀ, ਸਰਬਜੀਤ ਸਿੰਘ ਤੇ ਜਤਿੰਦਰਪਾਲ ਸਿੰਘ ਵੀ ਹਾਜ਼ਰ ਸਨ।

# ਦਿੱਲੀ 'ਚ ਅਕਾਲੀਆਂ ਦੀ ਲੜਾਈ ਤੋਂ ਭਾਜਪਾ ਫ਼ਿਕਰਮੰਦ

ਨਵੀਂ ਦਿੱਲੀ- ਭਾਰਤ ਦੀ ਰਾਜਧਾਨੀ ਨਵੀਂ ਦਿੱਲੀ 'ਚ ਸ਼੍ਰੋਮਣੀ ਅਕਾਲੀ ਦਲ ਦੋਫਾੜ ਹੋ ਗਿਆ ਹੈ। ਇੱਥੇ ਸਿੱਖਾਂ ਦੀ ਲੜਾਈ ਤੋਂ ਭਾਰਤੀ ਜਨਤਾ ਪਾਰਟੀ ਨੂੰ ਵਿਧਾਨ ਸਭਾ ਚੋਣਾਂ 'ਚ ਕਾਫ਼ੀ ਨੁਕਸਾਨ ਹੋਣ ਦਾ ਖ਼ਤਰਾ ਬਣ ਗਿਆ ਹੈ। ਭਾਜਪਾ ਨੂੰ ਲੱਗਦਾ ਹੈ ਕਿ ਹੁਣ ਸਿੱਖ ਵੋਟਰ ਭਾਜਪਾ ਤੋਂ ਲਾਂਭੇ ਹੋ ਸਕਦੇ ਹਨ। ਦਰਅਸਲ, ਪੰਜਾਬ ਵਾਂਗ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਿੱਲੀ 'ਚ ਵੀ ਗੱਠਜੋੜ ਨਾਲ ਚੋਣ ਲੜਦੇ ਹਨ। ਦਿੱਲੀ 'ਚ ਸਿੱਖ ਵੋਟਾਂ ਲਈ ਭਾਜਪਾ ਹਾਲੇ ਵੀ ਅਕਾਲੀ ਦਲ ਉੱਤੇ ਹੀ ਨਿਰਭਰ ਕਰਦੀ ਹੈ। ਪਿਛਲੇ ਲਗਭਗ ਇੱਕ ਸਾਲ ਤੋਂ ਅਕਾਲੀ ਦਲ ਦੀ ਦਿੱਲੀ ਇਕਾਈ 'ਚ ਜੰਗ ਚੱਲ ਰਹੀ ਸੀ। ਸ੍ਰੀ ਮਨਜੀਤ ਸਿੰਘ ਜੀਕੇ ਨੇ ਹੁਣ ਆਪਣੀ ਇੱਕ ਵੱਖਰੀ ਪਾਰਟੀ 'ਜਾਗੋ' ਬਣਾ ਲਈ ਹੈ। ਉਹ ਦਿੱਲੀ 'ਚ ਆਪਣੇ ਪੁਰਾਣੇ ਸਾਥੀਆਂ ਨੂੰ ਇੱਕਜੁਟ ਕਰਨ ਵਿੱਚ ਲੱਗ ਗਏ ਹਨ। ਸ੍ਰੀ ਮਨਜੀਤ ਸਿੰਘ ਜੀਕੇ ਦੀ ਨਵੀਂ ਪਾਰਟੀ ਦਾ ਸਿੱਧਾ ਨੁਕਸਾਨ ਸ਼੍ਰੋਮਣੀ ਅਕਾਲੀ ਦਲ ਨੂੰ ਤਾਂ ਹੋਣਾ ਹੀ ਹੈ, ਭਾਜਪਾ ਵੀ ਯਕੀਨੀ ਤੌਰ ਉੱਤੇ ਉਸ ਤੋਂ ਪ੍ਰਭਾਵਿਤ ਹੋਵੇਗੀ। ਜਾਗਰਣ ਸਮੂਹ ਵੱਲੋਂ ਪ੍ਰਕਾਸ਼ਿਤ ਖ਼ਬਰ ਮੁਤਾਬਕ ਭਾਜਪਾ ਦੇ ਕੁਝ ਆਗੂ ਮੰਨਦੇ ਹਨ ਕਿ ਅਕਾਲੀਆਂ ਦੀ ਇਸ ਫੁੱਟ ਦਾ ਅਸਰ ਯਕੀਨੀ ਤੌਰ 'ਤੇ ਵਿਧਾਨ ਸਭਾ ਦੇ ਚੋਣ ਨਤੀਜਿਆਂ ਉੱਤੇ ਵੀ ਪੈ ਸਕਦਾ ਹੈ। ਗੱਠਜੋੜ ਅਧੀਨ ਵਿਧਾਨ ਸਭਾ ਚੋਣਾਂ 'ਚ ਭਾਜਪਾ ਆਮ ਤੌਰ 'ਤੇ ਅਕਾਲੀਆਂ ਰਾਜੌਰੀ ਗਾਰਡਨ, ਹਰੀਨਗਰ, ਕਾਲਕਾਜੀ ਤੇ ਸ਼ਾਹਦਰਾ ਚਾਰ ਸੀਟਾਂ ਦਿੰਦੀ ਹੈ। ਇਨ੍ਹਾਂ ਵਿੱਚੋਂ ਰਾਜੌਰੀ ਗਾਰਡਨ ਤੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਿਧਾਇਕ ਹਨ। ਸਾਲ 2013 ਦੌਰਾਨ ਕਾਲਕਾਜੀ ਤੇ ਸ਼ਾਹਦਰਾ ਸੀਟ 'ਤੇ ਵੀ ਅਕਾਲੀਆਂ ਨੂੰ ਜਿੱਤ ਹਾਸਲ ਹੋਈ ਸੀ। ਹੁਣ ਤੱਕ ਦੀਆਂ ਚੋਣਾਂ ਵਿੱਚ ਜੋ ਵੀ ਕਾਮਯਾਬੀ ਮਿਲੀ ਹੈ, ਉਸ ਵਿੱਚ ਅਕਾਲੀ ਇੱਕਜੁਟ ਸਨ।

# ਧਾਰਮਿਕ ਸਥਾਨ 'ਤੇ ਸਮੈਕ ਪੀ ਰਹੇ ਸੀ NRI, ਪੁਲਿਸ ਨੇ ਕੀਤਾ ਕਾਬੂ

ਤਰਨ ਤਾਰਨ (ਪੰਜਾਬੀ ਦੁਨੀਆ)- ਪੁਲਿਸ ਨੇ ਇੱਕ ਨੌਜਵਾਨ ਜੋੜੇ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਪਣੇ ਦੋਸਤ ਨਾਲ ਸਮੈਕ ਪੀ ਰਹੇ ਸੀ। ਪੁਲਿਸ ਨਾਲ ਸਤਿਕਾਰ ਕਮੇਟੀ ਦੇ ਨੁਮਾਇੰਦੇ ਵੀ ਮੌਕੇ 'ਤੇ ਪਹੁੰਚੇ। ਇਹ ਜੋੜਾ ਵਿਦੇਸ਼ ਗਿਆ ਸੀ ਜੋ ਲੰਗਰ ਬਾਜ਼ਾਰ ਤਰਨ ਤਾਰਨ ਵਿੱਚ ਰਹਿੰਦਾ ਹੈ। ਦੱਸਿਆ ਜਾ ਰਿਹਾ ਹੈ ਕਿ ਜਿਸ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ



ਬੇਅਦਬੀ ਹੋਈ ਹੈ ਉਹ ਤਰਨ ਤਾਰਨ ਦੇ ਕੌਂਸਲਰ ਦੀ ਭੈਣ ਦਾ ਘਰ ਹੈ ਜੋ ਵਿਦੇਸ਼ ਵਿੱਚ ਰਹਿੰਦੇ ਹਨ। ਪੁਲਿਸ ਵੱਲੋਂ ਫੜੇ ਗਏ ਦੋਵੇਂ ਨੌਜਵਾਨਾਂ ਖਿਲਾਫ ਥਾਣਾ ਸਿਟੀ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ ਪਰ ਸਤਿਕਾਰ ਕਮੇਟੀ ਨੇ ਦੋਵਾਂ ਪਤੀ-ਪਤਨੀ ਖਿਲਾਫ ਵੀ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸਤਿਕਾਰ ਕਮੇਟੀ ਦੇ ਮੈਂਬਰ ਨੇ ਦੱਸਿਆ ਕਿ ਇੱਥੇ ਕਈ ਮਹੀਨਿਆਂ ਤੋਂ ਪਾਵਨ ਸਰੂਪ ਦਾ ਪ੍ਰਕਾਸ਼ ਵੀ ਨਹੀਂ ਕੀਤਾ ਗਿਆ। ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਹੋਰ ਮੈਂਬਰਾਂ ਨਾਲ ਪੁਲਿਸ ਨੂੰ ਲੈ ਕੇ ਮੌਕੇ 'ਤੇ ਪਹੁੰਚੇ। ਪਰ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਾਹਮਣੇ ਆਈ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸਨਮਾਨਾਂ ਨਾਲ ਗੁਰਦੁਆਰਾ ਸਾਹਿਬ ਲਿਜਾਇਆ ਗਿਆ ਹੈ।

# ਨਸ਼ੇੜੀ ਨੇ ਪਤਨੀ ਨੂੰ ਮਾਰਨ ਲਈ ਲਾਏ ਨਸ਼ੇ ਦੇ ਟੀਕੇ

ਗੁਰਦਾਸਪੁਰ(ਪੰਜਾਬੀ ਦੁਨੀਆ)- ਇੱਥੇ ਇੱਕ ਨਸ਼ੇੜੀ ਆਦਮੀ ਨੇ ਆਪਣੀ ਪਤੀ ਨੂੰ ਨਸ਼ੇ ਦਾ ਇੰਜੈਕਸ਼ਨ ਲਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮਾਮਲਾ ਗੁਰਦਾਸਪੁਰ ਦੇ ਪਿੰਡ ਕਲੇਰਕਲਾਂ ਦਾ ਹੈ ਜਿੱਥੇ ਇੱਕ ਨਸ਼ੇੜੀ ਪਤੀ ਨੇ ਆਪਣੀ ਪ੍ਰੇਮਿਕਾ ਤੋਂ ਪਤੀ ਬਣੀ ਮਹਿਲਾ ਨੂੰ ਨਸ਼ੇ ਦਾ ਇੰਜੈਕਸ਼ਨ ਲਾ ਦਿੱਤਾ ਜਿਸ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ ਲੜਕੀ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਪੂਜਾ ਨੇ 4 ਸਾਲ ਪਹਿਲਾਂ ਨੌਜਵਾਨ ਸਰਵਣ ਸਿੰਘ ਨਾਲ ਲਵ ਮੈਰਿਜ ਕਰਵਾਈ ਸੀ। ਵਿਆਹ ਤੋਂ 2 ਸਾਲ ਬਾਅਦ ਪਰਿਵਾਰ ਨੂੰ ਪਤਾ ਲੱਗਾ ਕਿ ਇਸ ਲੜਕੇ ਦਾ ਪਹਿਲਾਂ ਵੀ ਵਿਆਹ ਹੋਇਆ ਹੈ ਜਿਸ ਤੋਂ ਬਾਅਦ ਉਨ੍ਹਾਂ ਦੀ ਲੜਕੀ ਨੇ ਇਸ ਲੜਕੇ ਉੱਪਰ ਕੇਸ ਕਰ ਦਿਤਾ ਜਿਸਤੋਂ ਬਾਅਦ ਇਹ ਸਾਡੀ ਲੜਕੀ ਨੂੰ ਕੇਸ ਵਾਪਿਸ ਲੈਣ ਲਈ ਧਮਕਾਉਣ ਲਗਾ ਤੇ ਅੱਜ ਉਸ ਨੇ ਨਸ਼ੇ ਦਾ ਇੰਜੈਕਸ਼ਨ ਲਗਾ ਕੇ ਇਸਦਾ ਕਤਲ ਕਰ ਦਿੱਤਾ। ਫਿਲਹਾਲ ਪੁਲਿਸ ਨੇ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਕੇ ਲੜਕੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।



ਇਸ ਮਾਮਲੇ ਸਬੰਧੀ ਐਸਐਚਓ ਅਮਨਦੀਪ ਸਿੰਘ ਨੇ ਦੱਸਿਆ ਜਿਸ ਲੜਕੀ ਪੂਜਾ ਦੀ ਮੌਤ ਹੋਈ ਹੈ ਉਸਨੇ ਇਸ ਲੜਕੇ ਨਾਲ ਲਵ ਮੈਰਿਜ ਕਰਵਾਈ ਹੋਈ ਸੀ। ਉਨ੍ਹਾਂ ਪੁਸ਼ਟੀ ਕੀਤੀ ਕਿ ਇਸ ਲੜਕੇ ਨੇ ਹੀ ਇਸਦਾ ਕਤਲ ਕੀਤਾ ਹੈ। ਲੜਕੀ ਦੀਆਂ ਬਾਹਾਂ ਉਪਰ ਇੰਜੈਕਸ਼ਨ ਦੇ ਨਿਸ਼ਾਨ ਵੀ ਹਨ। ਫਿਲਹਾਲ ਲੜਕੀ ਦੀ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਪੋਸਟਮਾਰਟਮ ਰਿਪੋਰਟ ਆਉਣ 'ਤੇ ਹੀ ਹਤਿਆ ਦੀ ਵਜ੍ਹਾ ਪਤਾ ਲੱਗੇਗੀ ਅਤੇ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ।


LIONS INTERNATIONAL

**LONG ISLAND INDO AMERICAN LIONS CLUB**
INITIATES HURRICANE RELIEF EFFORTS
**HURRICAN RELIEF - BAHAMAS**
**FOOD DRIVE**

Supplies Will Be Delivered To Hurricane -Ravaged Bahamas Through Our District Offices.
From 1st September Through 31st October, 2019
Your Generous Contribution Of Non-perishable Food Items Will Go A Long Way In Supporting Hurricane Affected People In Bahamas

**Food Drive Committe:**

| | | | |
|---|---|---|---|
| Indu Gajwani (President) | 646 620 0074 | Veena Lamba (Chair-Food Drive) | 516 395 1468 |
| Rita Shah (VP) | 516 652 2633 | Dr. Sunil Mehra (VP) | 516 503 1467 |
| Anju Sharma (Event Chair) | 516 582 5888 | Nimesh Shah (Secretary) | 516 702 0804 |
| Kamlesh Parekh (Treasures) | 718 612 3200 | Gobind Bathija (Director) | 631 748 9333 |
| Kanak Golia (Director) | 347 386 7112 | Vandana Kumar (Club Admin) | 516 236 8502 |
| Rekha Chichara | 646 678 7034 | Vinod Goyal | 516 851 3234 |
| Yogni Oza | 516 301 7430 | Atul Pareek | 917 535 2808 |
| Ashok Vora | 917 406 3102 | Jyoti Gupta | 516 984 5220 |
| Joseph Thomas | 516 343 9506 | | |

**L.I Indo American Lions Club Wish List: Food Drive:**

- Canned Soups
- Canned vegetables
- Breakfast Cereals & Cookies
- Paper Goods Hot/Cold Cups, 9" plates
- Canned Meats
- Canned Tomato Sauce
- Peanut Butter & Jelly
- Granola Bars
- Canned Fish
- Canned Fruits
- Fruit Drinks
- Canned Beans
- Packets of Beans, Rice &Pasta
- Tea Bags & Ground Coffee
- Boxed Powder or Evaporated Milk


**Food Donation and Monetary Donations Drop Off Locations:**

| | |
|---|---|
| Raj Bhog | Hicksville 516 513 0930 |
| Nassau Gold Buyyers | 10 West Cherry St, Hicksville 516 827 3131 |
| K & R Store | 485 Hempstead TPKE, West Hempstead |
| Fortune | 527 Old Country Road, Westbury |
| Asamai Hindu Center | Hicksville (Gobind Bathija) 631 748 9333 |
| Shyam | Floral Park 646 541 5859 |
| Atul Pareek | 209 Princess St, Hicksville 917 535 2808 |
| Concord Market (Ashok Vora) | 917 406 3102 |
| Joseph Thomas | 256-10, Union Tpke, Floral Park 516 343 9506 |

Check Donations: please make check payable to and mail: L.I Indo American Lions Club
1947 Plymouth Drive, Westbury, N.Y. 11590.

WE SERVE

# ਪ੍ਰਕਾਸ਼ ਪੁਰਬ: ਪੰਜਾਬ 'ਚ ਚਾਰ ਮਹੀਨੇ ਚੱਲਣਗੇ ਲਾਈਟ ਐਂਡ ਸਾਊਂਡ ਸ਼ੋਅ



ਚੰਡੀਗੜ੍ਹ, 7 ਅਕਤੂਬਰ (ਚ.ਨ.ਸ.): ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਿਜੀਟਲ ਮਿਊਜ਼ੀਅਮ ਅਤੇ ਲਾਈਟ ਐਂਡ ਸਾਊਂਡ ਸ਼ੋਅ ਚੰਡੀਗੜ੍ਹ ਸਮੇਤ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ 26 ਥਾਵਾਂ 'ਤੇ ਕਰਵਾਏ ਜਾਣਗੇ। ਲਾਈਟ ਐਂਡ ਸਾਊਂਡ ਸ਼ੋਅ ਅਤੇ ਡਿਜੀਟਲ ਮਿਊਜ਼ੀਅਮ ਦੀ ਸ਼ੁਰੂਆਤ 7 ਅਕਤੂਬਰ ਤੋਂ ਹੋ ਰਹੀ ਹੈ। ਮੁਹਾਲੀ ਦੇ ਸੈਕਟਰ-78 ਸਥਿਤ ਖੇਡ ਸਟੇਡੀਅਮ 'ਚ 7 ਤੋਂ 9 ਅਕਤੂਬਰ ਤੱਕ ਡਿਜੀਟਲ ਅਜਾਇਬਘਰ ਸਥਾਪਤ ਕੀਤਾ ਜਾਵੇਗਾ। ਜੋ ਲੋਕਾਂ ਦੇ ਵੇਖਣ ਲਈ ਸਵੇਰੇ 6.30 ਤੋਂ ਸ਼ਾਮ 6.00 ਵਜੇ ਤੱਕ ਖੁੱਲ੍ਹਾ ਰਹੇਗਾ। ਚਾਰ ਮਹੀਨੇ ਚੱਲਣ ਵਾਲੇ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਮੁਹਾਲੀ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੁਹਾਲੀ ਤੋਂ ਸ਼ਾਮ 6 ਵਜੇ ਕਰਨਗੇ। ਪਹਿਲੇ ਅਤੇ ਆਖ਼ਰੀ ਦਿਨ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਝਾਤ ਪਾਉਂਦਾ ਲਾਈਟ ਐਂਡ ਸਾਊਂਡ ਸ਼ੋਅ ਚੱਲੇਗਾ। 11 ਤੋਂ 13 ਅਕਤੂਬਰ ਨੂੰ ਪੀਏਯੂ ਗਰਾਊਂਡ ਲੁਧਿਆਣਾ, 15 ਤੋਂ 17 ਅਕਤੂਬਰ ਨੂੰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ, 19 ਤੋਂ 21 ਨੂੰ ਆਈਐੱਫਐਸ ਕਾਲਜ ਘੱਲ ਕਲਾਂ ਮੋਗਾ, 23 ਤੋਂ 25 ਨੂੰ ਗੁਰੂ ਨਾਨਕ ਸਟੇਡੀਅਮ ਕਪੂਰਥਲਾ, 1 ਤੋਂ 3 ਨਵੰਬਰ ਨੂੰ ਵੀਵੀਆਈਪੀ ਪਾਰਕਿੰਗ ਸੁਲਤਾਨਪੁਰ ਲੋਧੀ, 5 ਤੋਂ 7 ਨਵੰਬਰ ਨੂੰ ਬਹੁਤਕਨੀਕੀ ਕਾਲਜ ਬਟਾਲਾ, 9 ਤੋਂ 11 ਨਵੰਬਰ ਨੂੰ ਦਾਣਾ ਮੰਡੀ ਡੇਰਾ ਬਾਬਾ ਨਾਨਕ, 13 ਤੋਂ 15 ਨਵੰਬਰ ਨੂੰ ਪਠਾਨਕੋਟ ਸ਼ਹਿਰ, 17 ਤੋਂ 19 ਪੁੱਡਾ ਮੈਦਾਨ ਗੁਰਦਾਸਪੁਰ, 21 ਤੋਂ 23 ਰੌਸ਼ਨ ਮੈਦਾਨ ਹੁਸ਼ਿਆਰਪੁਰ, 25 ਤੋਂ 27 ਐੱਸਬੀਐੱਸ ਨਗਰ ਸ਼ਹਿਰ, 29 ਨਵੰਬਰ ਤੋਂ 1 ਦਸੰਬਰ ਨੂੰ ਨਹਿਰੂ ਸਟੇਡੀਅਮ ਰੋਪੜ, 3 ਤੋਂ 5 ਦਸੰਬਰ ਨੂੰ ਚੰਡੀਗੜ੍ਹ, 7 ਤੋਂ 9 ਦਸੰਬਰ ਫ਼ਤਹਿਗੜ੍ਹ ਸਾਹਿਬ, 11 ਤੋਂ 13 ਪਟਿਆਲਾ, 15 ਤੋਂ 17 ਸੰਗਰੂਰ, 19 ਤੋਂ 21 ਦਸੰਬਰ ਬਰਨਾਲਾ, 23 ਤੋਂ 25 ਦਸੰਬਰ ਮਾਨਸਾ, 15 ਤੋਂ 17 ਜਨਵਰੀ 2020 ਨੂੰ ਬਠਿੰਡਾ, 19 ਤੋਂ 21 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ, 23 ਤੋਂ 25 ਫ਼ਾਜ਼ਿਲਕਾ, 27 ਤੋਂ 29 ਫ਼ਰੀਦਕੋਟ, 31 ਜਨਵਰੀ ਤੋਂ 2 ਫ਼ਰਵਰੀ ਨੂੰ ਫ਼ਿਰੋਜ਼ਪੁਰ, 4 ਤੋਂ 6 ਫ਼ਰਵਰੀ ਨੂੰ ਤਰਨ ਤਾਰਨ ਅਤੇ 8 ਤੋਂ 10 ਫ਼ਰਵਰੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਾਈਟ ਐਂਡ ਸਾਊਂਡ ਸ਼ੋਅ ਅਤੇ ਡਿਜੀਟਲ ਮਿਊਜ਼ੀਅਮ ਲਗਾਏ ਜਾਣਗੇ। ਆਪਣੀ ਕਿਸਮ ਦੇ ਪਹਿਲੇ 'ਫ਼ਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ' ਲੋਕਾਂ ਲਈ ਖਿੱਚ ਦਾ ਕੇਂਦਰ ਬਣਨਗੇ, ਜੋ ਚੰਡੀਗੜ੍ਹ ਦੀ ਸੁਖਨਾ ਝੀਲ ਤੋਂ ਇਲਾਵਾ ਪੰਜਾਬ ਦੇ 10 ਜ਼ਿਲ੍ਹਿਆਂ ਰੋਪੜ, ਹੁਸ਼ਿਆਰਪੁਰ, ਲੁਧਿਆਣਾ, ਜਲੰਧਰ, ਗੁਰਦਾਸਪੁਰ, ਮੋਗਾ, ਕਪੂਰਥਲਾ, ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ ਅਤੇ ਫ਼ਿਰੋਜ਼ਪੁਰ ਵਿੱਚੋਂ ਲੰਘਦੇ ਬਿਆਸ ਅਤੇ ਸਤਲੁਜ ਦਰਿਆਵਾਂ ਵਿੱਚ ਕਰਵਾਏ ਜਾਣਗੇ।

## ਭਿਖਾਰੀ ਦੀ ਝੌਂਪੜੀ 'ਚੋਂ ਮਿਲੀਆਂ ਪੈਸਿਆਂ ਨਾਲ ਭਰੀਆਂ ਥੈਲੀਆਂ

ਮੁੰਬਈ, 7 ਅਕਤੂਬਰ (ਚ.ਨ.ਸ.): ਅਕਸਰ ਲੋਕ ਸੜਕ 'ਤੇ ਬੈਠੇ ਭਿਖਾਰੀਆਂ ਦੀ ਹਾਲਤ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਪੈਸੇ ਦਿੰਦੇ ਹਨ ਪਰ ਕੁਝ ਭਿਖਾਰੀ ਲੱਖਪਤੀ ਵੀ ਹੁੰਦੇ ਹਨ। ਮੁੰਬਈ 'ਚ ਇੱਕ ਭਿਖਾਰੀ ਦੇ ਲੱਖਪਤੀ ਹੋਣ ਦਾ ਅਜੀਬ ਮਾਮਲਾ ਸਾਹਮਣੇ ਆਇਆ ਹੈ। ਕੁਝ ਦਿਨ ਪਹਿਲਾਂ ਮੁੰਬਈ ਦੇ ਗੋਵੰਡੀ ਰੇਲਵੇ ਸਟੇਸ਼ਨ 'ਤੇ ਰੇਲ ਹਾਦਸੇ ਵਿੱਚ ਇੱਕ ਭਿਖਾਰੀ ਦੀ ਮੌਤ ਹੋ ਗਈ ਸੀ। ਜਦੋਂ ਪੁਲਿਸ ਉਸ ਦੇ ਪਰਿਵਾਰਕ ਮੈਂਬਰਾਂ ਦੀ ਭਾਲ ਕਰ ਰਹੀ ਸੀ ਤਾਂ ਹੈਰਾਨ ਕਰਨ ਵਾਲਾ ਸੱਚ ਸਾਹਮਣੇ ਆਇਆ। ਜਦੋਂ ਪੁਲਿਸ ਪੜਤਾਲ ਕਰਨ ਲਈ ਭਿਖਾਰੀ ਦੀ ਝੌਂਪੜੀ 'ਤੇ ਪਹੁੰਚੀ ਤਾਂ ਉਥੇ ਪੈਸੇ ਨਾਲ ਭਰੇ ਬੈਗ ਮਿਲੇ, ਜਿਸ ਵਿੱਚ ਤਕਰੀਬਨ ਦੋ ਲੱਖ ਰੁਪਏ ਦੇ ਸਿੱਕੇ ਸਨ। ਇੰਨਾ ਹੀ ਨਹੀਂ, ਇੱਥੇ ਬੈਂਕ ਦੀ ਇੱਕ ਪਾਸਬੁੱਕ ਵੀ ਮਿਲੀ ਜਿਸ ਵਿੱਚ ਕੁੱਲ 8 ਲੱਖ 77 ਹਜ਼ਾਰ ਰੁਪਏ ਜਮ੍ਹਾ ਹਨ।

## ਕੈਪਟਨ ਸਰਕਾਰ ਦੀ ਸਖਤੀ ਨੇ ਨਸ਼ੇੜੀ ਨਿਚੋੜੇ, ਨਸ਼ਿਆਂ ਦਾ ਭਾਅ ਹੋਇਆ ਦੁੱਗਣਾ



ਚੰਡੀਗੜ੍ਹ- ਕੈਪਟਨ ਸਰਕਾਰ ਦੀ ਸਖ਼ਤੀ ਨਾਲ ਨਸ਼ਿਆਂ ਨੂੰ ਬੰਨ੍ਹ ਤਾਂ ਨਹੀਂ ਵੱਜਿਆ ਪਰ ਨਸ਼ਾ ਕਰਨ ਵਾਲਿਆਂ ਦੀ ਜੇਬ ਜ਼ਰੂਰ ਹੌਲੀ ਹੋਣ ਲੱਗੀ ਹੈ। ਪੁਲਿਸ ਦੀ ਸਖ਼ਤੀ ਕਰਕੇ ਨਸ਼ਿਆਂ ਦੇ ਭਾਅ ਵਧ ਗਏ ਹਨ। ਇਸ ਲਈ ਅਮਲੀ ਕਾਫੀ ਔਖੇ ਹਨ। ਉਂਝ ਨਸ਼ਿਆਂ ਦੀ ਤਸਕਰੀ ਸ਼ਰੇਆਮ ਜਾਰੀ ਹੈ ਪਰ ਪੁਲਿਸ ਦੀ ਸਖਤੀ ਦਾ ਹਵਾਲਾ ਦੇ ਕੇ ਵੱਧ ਭਾਅ ਵਸੂਲਿਆ ਜਾ ਰਿਹਾ ਹੈ। ਹਾਸਲ ਜਾਣਕਾਰੀ ਮੁਤਾਬਕ ਨਸ਼ੇ ਦੀਆਂ ਗੋਲੀਆਂ ਦਾ ਇੱਕ ਪੱਤਾ ਜੋ ਪਹਿਲਾਂ ਕਿਸੇ ਵੀ ਮੈਡੀਕਲ ਸਟੋਰ ਤੋਂ ਆਸਾਨੀ ਨਾਲ 20 ਜਾਂ 30 ਰੁਪਏ ਵਿੱਚ ਮਿਲ ਜਾਂਦਾ ਸੀ, ਹੁਣ ਉਸ ਦੀ ਕੀਮਤ 100 ਰੁਪਏ ਤੱਕ ਪਹੁੰਚ ਗਈ ਹੈ। ਦਿਹਾੜੀ ਮਜ਼ਦੂਰੀ ਕਰਨ ਵਾਲੇ ਜ਼ਿਆਦਾਤਰ ਵਿਅਕਤੀ ਇਨ੍ਹਾਂ ਗੋਲੀਆਂ ਦਾ ਇਸਤੇਮਾਲ ਕਰਦੇ ਹਨ। ਹੁਣ ਇਹ ਗੋਲੀਆਂ ਕੁਝ ਚੋਣਵੇਂ ਦੁਕਾਨਦਾਰਾਂ ਕੋਲੋਂ ਹੀ ਮਿਲਦੀਆਂ ਹਨ ਜਿਨ੍ਹਾਂ ਦੀ ਸਿਹਤ ਵਿਭਾਗ ਤੇ ਪੁਲਿਸ ਮਹਿਕਮੇ ਤੱਕ ਪਹੁੰਚ ਹੈ। ਇਸੇ ਤਰ੍ਹਾਂ ਡੇਢ ਸੌ ਰੁਪਏ ਵਿੱਚ ਮਿਲਣ ਵਾਲੀ ਚਿੱਟੇ ਦੀ ਪੁੜੀ ਦੀ ਕੀਮਤ ਹੁਣ ਤਿੰਨ ਸੌ ਰੁਪਏ ਤੱਕ ਪਹੁੰਚ ਗਈ ਹੈ।

ਮੋਟੀ ਕਮਾਈ ਦੇ ਲਾਲਚ 'ਚ ਹੁਣ ਕੁਝ ਔਰਤਾਂ ਵੀ ਇਸ ਧੰਦੇ ਵਿੱਚ ਸ਼ਾਮਲ ਹੋ ਗਈਆਂ ਹਨ। ਨਸ਼ੇੜੀਆਂ ਮੁਤਾਬਕ ਪਿੰਡਾਂ ਵਿੱਚ ਬੈਠੇ ਕੁਝ ਝੋਲਾ ਛਾਪ ਡਾਕਟਰ ਨਸ਼ਾ ਛੱਡਣ ਦੀ ਦਵਾਈ ਦੀ ਆੜ ਹੇਠ ਨੌਜਵਾਨਾਂ ਨੂੰ ਸਗੋਂ ਨਸ਼ੇ 'ਤੇ ਲਾ ਕੇ ਮੋਟੀ ਕਮਾਈ ਕਰ ਰਹੇ ਹਨ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਨਸ਼ੇ ਨੂੰ ਖ਼ਤਮ ਕਰਨ ਲਈ ਸਪੈਸ਼ਲ ਟਾਸਕ ਫੋਰਸ ਦਾ ਗਠਨ ਕੀਤਾ ਹੈ। ਇਸ ਤਹਿਤ ਹੁਣ ਤੱਕ 27 ਹਜ਼ਾਰ ਮੁਕੱਦਮੇ ਦਰਜ ਕਰਕੇ ਨਸ਼ਾ ਤਸਕਰੀ ਨਾਲ ਜੁੜੇ ਹੋਏ 33 ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਨ੍ਹਾਂ ਮੁਲਜ਼ਮਾਂ ਤੋਂ ਭਾਰੀ ਮਾਤਰਾ ਵਿੱਚ ਨਸ਼ੀਲੀ ਸਮੱਗਰੀ ਬਰਾਮਦ ਕੀਤੀ ਗਈ ਹੈ। ਸਰਕਾਰ ਦੇ ਦਾਅਵੇ ਬੇਸ਼ੱਕ ਕੁਝ ਵੀ ਹੋਣ ਪਰ ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਨਹੀਂ ਰੁਕੀ। ਹੋਰ ਤਾਂ ਹੋਰ ਦਵਾਈਆਂ ਦੀਆਂ ਦੁਕਾਨਾਂ ਤੋਂ ਨਸ਼ੇ ਮਿਲ ਰਹੇ ਹਨ। ਉਂਝ ਸਰਕਾਰੀ ਸਖਤੀ ਕਰਕੇ ਨਸ਼ਿਆਂ ਦਾ ਭਾਅ ਜ਼ਰੂਰ ਵਧ ਗਿਆ ਹੈ।

## ਪਾਕਿਸਤਾਨ ਕਰ ਰਿਹੈ ਅੱਤਵਾਦੀਆਂ ਦੀ ਮਦਦ, ਹੁਣ ਬਲੈਕ ਲਿਸਟ ਹੋਣ ਦਾ ਖ਼ਤਰਾ



ਨਵੀਂ ਦਿੱਲੀ- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਪੂਰੀ ਦੁਨੀਆ 'ਚ ਬੇਸ਼ੱਕ ਅੱਤਵਾਦ ਖਿਲਾਫ ਕਾਰਵਾਈ ਦੀ ਗੱਲ ਕਰ ਰਹੇ ਹਨ ਪਰ ਉਨ੍ਹਾਂ ਦੀਆਂ ਹਰਕਤਾਂ ਇੱਕ ਵਾਰ ਫੇਰ ਦੁਨੀਆ ਸਾਹਮਣੇ ਆ ਗਈਆਂ। ਦੁਨੀਆ 'ਚ ਟੈਰਰ ਫੰਡਿੰਗ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਫਾਈਨੈਂਸ਼ੀਅਲ ਐਕਸ਼ਨ ਫੋਰਸ (ਐਫਏਟੀਐਫ) ਦੀ ਏਸ਼ੀਆ ਪੈਸਿਫਿਕ ਗਰੁੱਪ ਦੀ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਮੁਤਾਬਕ, ਪਾਕਿਸਤਾਨ ਨੇ ਸੰਯੁਕਤ ਰਾਸ਼ਟਰ ਤੋਂ ਪਾਬੰਦੀਸ਼ੁਦਾ ਅੱਤਵਾਦੀ ਸੰਗਠਨਾਂ ਖਿਲਾਫ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ। ਏਸ਼ੀਆ/ਪੈਸੀਫਿਕ ਆਨ ਮਨੀ ਲਾਂਡ੍ਰਿੰਗ ਦੀ ਰਿਪੋਰਟ 'ਚ ਕਿਹਾ ਗਿਆ, ਮਨੀ ਲਾਂਡ੍ਰਿੰਗ ਤੇ ਟੈਰਰ ਫੰਡਿੰਗ ਖਿਲਾਫ ਕਾਰਵਾਈ 'ਚ 10 ਵਿੱਚੋਂ 9 ਮਾਪਦੰਡਾਂ 'ਤੇ ਪਾਕਿਸਤਾਨ ਫੇਲ੍ਹ ਰਿਹਾ ਹੈ। ਸੰਯੁਕਤ ਰਾਸ਼ਟਰ ਸਭਾ ਵੱਲੋਂ ਲਾਗੂ ਕੀਤੇ ਨਿਯਮਾਂ ਮੁਤਾਬਕ ਪਾਕਿਸਤਾਨ ਨੇ ਸਹੀ ਕਦਮ ਨਹੀਂ ਚੁੱਕੇ। ਪਾਕਿ ਨੇ ਅੱਤਵਾਦੀ ਸੰਗਠਨਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਰਿਪੋਰਟ 'ਚ ਇਸ ਗੱਲ ਦਾ ਜ਼ਿਕਰ ਵੀ ਕੀਤਾ ਗਿਆ ਹੈ ਕਿ ਅੱਜ ਵੀ ਇਹ ਅੱਤਵਾਦੀ ਸੰਗਠਨ ਪਾਕਿ 'ਚ ਖੁੱਲ੍ਹੇਆਮ ਸਭਾਵਾਂ ਕਰਦੇ ਹਨ ਤੇ ਫੰਡ ਇਕੱਠਾ ਕਰਦੇ ਹਨ। ਇਸ ਤੋਂ ਬਾਅਦ ਪਾਕਿਸਤਾਨ 'ਤੇ ਬਲੈਕ ਲਿਸਟ ਹੋਣ ਦਾ ਖ਼ਤਰਾ ਮੰਡਰਾ ਰਿਹਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਪਾਕਿਸਥਾਨ ਦੀਆਂ ਆਰਥਿਕ ਪੱਖੋਂ ਮੁਸ਼ਕਲਾਂ ਹੋਰ ਵਧ ਜਾਣਗੀਆਂ।

## ਫੇਸਬੁੱਕ ਤੇ ਵ੍ਹੱਟਸਐਪ 'ਤੇ ਸਰਗਰਮ ਗੈਂਗਸਟਰਾਂ ਦੀ ਸ਼ਾਮਤ




ਚੰਡੀਗੜ੍ਹ- ਪੰਜਾਬ ਵਿੱਚ ਵੱਖ-ਵੱਖ ਗੈਂਗਸਟਰ ਤੇ ਅੱਤਵਾਦੀ ਆਪਣੇ ਨੈੱਟਵਰਕ ਦਾ ਵਿਸਤਾਰ ਕਰਨ ਤੇ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਫੇਸਬੁੱਕ ਤੇ ਵਟਸਐਪ ਦੀ ਵੱਡੇ ਪੱਧਰ 'ਤੇ ਵਰਤੋਂ ਕਰ ਰਹੇ ਹਨ। ਆਪਣੇ ਸਾਥੀਆਂ ਨਾਲ ਵੱਖ-ਵੱਖ ਕੰਮਾਂ ਲਈ ਸੰਪਰਕ ਕਰਨ ਲਈ ਉਹ ਸਿੱਧੀ ਕਾਲ ਕਰਨ ਦੀ ਬਜਾਏ ਫੇਸਬੁੱਕ ਤੇ ਵਟਸਐਪ 'ਤੇ ਹੀ ਗੱਲਬਾਤ ਕਰਕੇ ਆਪਣਾ ਕੰਮ ਸਾਰ ਰਹੇ ਹਨ। ਇਸ ਨਾਲ ਉਨ੍ਹਾਂ ਦੇ ਜਲਦੀ ਫੜੇ ਜਾਣ ਦੀ ਸੰਭਾਵਨਾ ਘੱਟ ਜਾਂਦੀ ਹੈ। ਡੀਜੀਪੀ ਦਿਨਕਰ ਗੁਪਤਾ ਨੇ ਕਿਹਾ ਕਿ ਸੂਬੇ ਦੀਆਂ ਵੱਖ-ਵੱਖ ਏਜੰਸੀਆਂ ਅਜਿਹੇ ਮਾਮਲਿਆਂ ਦੀ ਜਾਂਚ ਵਿੱਚ ਜੁਟੀਆਂ ਹੋਈਆਂ ਹਨ, ਕਿਉਂਕਿ ਪਾਕਿਸਤਾਨ ਦੀ ਆਈਐਸਆਈ ਗੜਬੜ ਕਰਨ ਲਈ ਅੱਤਵਾਦੀਆਂ ਨੂੰ ਹਥਿਆਰਾਂ ਨਾਲ ਭੇਜਣ ਵਿਚ ਲੱਗੀ ਹੋਈ ਹੈ। ਅੱਤਵਾਦੀ ਵੱਡੇ ਪੱਧਰ 'ਤੇ ਫੇਸਬੁੱਕ ਤੇ ਵਟਸਐਪ ਦਾ ਸਹਾਰਾ ਲੈ ਰਹੇ ਹਨ। ਡੀਜੀਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਹੁਣ ਸਟੇਟ ਇੰਟੈਲੀਜੈਂਸ ਵੀ ਅਜਿਹੀਆਂ ਘਟਨਾਵਾਂ ਦੀ ਰੋਕਥਾਮ ਲਈ ਵਿਸ਼ੇਸ਼ ਨਜ਼ਰ ਰੱਖੇਗੀ। ਇਸ ਦੇ ਲਈ ਸਟਾਫ ਨੂੰ ਬਕਾਇਦਾ ਵਿਸ਼ੇਸ਼ ਸਿਖਲਾਈ ਵੀ ਦਿੱਤੀ ਜਾਵੇਗੀ ਤਾਂ ਜੋ ਸਮੇਂ ਰਹਿੰਦਿਆਂ ਵੱਖ-ਵੱਖ ਘਟਨਾਵਾਂ ਤੋਂ ਪਹਿਲਾਂ ਹੀ ਗੈਂਗਸਟਰਾਂ ਤੇ ਅੱਤਵਾਦੀਆਂ ਦੀਆਂ ਯੋਜਨਾਵਾਂ ਬਾਰੇ ਪਤਾ ਕੀਤਾ ਜਾ ਸਕੇ।

## 'ਸੁਖਬੀਰ ਆਪਣੇ ਪਰਿਵਾਰ ਦੀ ਚੌਧਰ ਖ਼ਾਤਰ ਸੰਗਤ ਨੂੰ ਗੁੰਮਰਾਹ ਕਰ ਰਿਹੈ'



ਚੰਡੀਗੜ੍ਹ- ਕੈਬਨਿਟ ਮੰਤਰੀਆਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ 'ਤੇ ਧਾਰਮਿਕ ਸਮਾਗਮਾਂ ਦਾ ਸਿਆਸੀਕਰਨ ਅਤੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਉੱਤੇ ਰਾਜਸੀ ਰੋਟੀਆਂ ਸੇਕਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਧਰਮ ਦੀ ਆੜ ਵਿੱਚ ਰਾਜਨੀਤੀ ਕਰਨ ਦੀ ਬਾਦਲ ਪਰਿਵਾਰ ਦੀ ਪੁਰਾਣੀ ਫਿਤਰਤ ਨੂੰ ਅੱਗੇ ਤੌਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਇਸ ਬਿਆਨ ਵਿਚ ਭੋਰਾ ਵੀ ਸੱਚਾਈ ਨਹੀਂ ਹੈ ਕਿ ਜਨਵਰੀ 2017 ਵਿਚ ਪਟਨਾ ਸਾਹਿਬ ਵਿਖੇ ਮਨਾਏ ਗਏ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਦਾ ਮੁੱਖ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਇਆ ਗਿਆ ਸੀ। ਉਨ੍ਹਾਂ ਸੁਖਬੀਰ ਨੂੰ ਕਿਹਾ ਕਿ ਉਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਆਪਣੇ ਪਰਿਵਾਰ ਦੀ ਚੌਧਰ ਕਾਇਮ ਕਰਨ ਦੀ ਲਾਲਸਾ ਵਿਚ ਸਿੱਖ ਸੰਗਤ ਨੂੰ ਗੁੰਮਰਾਹ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਲਾਂਘੇ ਦੇ ਕੰਮ ਨੂੰ ਦੇਖਣ ਦੇ ਬਹਾਨੇ ਸਿਆਸਤ ਕਰਨ ਆਈ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਦੇ ਉਸ ਬਿਆਨ ਦੀ ਆਲੋਚਨਾ ਕੀਤੀ ਜਿਸ ਵਿੱਚ ਉਸ ਨੇ ਕਿਹਾ ਸੀ ਕਿ ਸੂਬਾ ਸਰਕਾਰ ਵੱਲੋਂ ਕੋਈ ਵਿਕਾਸ ਕੰਮ ਨਹੀਂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਡੇਰਾ ਬਾਬਾ ਨਾਨਕ ਹਲਕੇ ਲਈ 117 ਕਰੋੜ ਰੁਪਏ ਦੇ ਵਿਕਾਸ ਕੰਮ ਕਰ ਰਹੀ ਹੈ ਜਦਕਿ ਕੇਂਦਰੀ ਮੰਤਰੀ ਨੇ ਕਦੇ ਇਸ ਹਲਕੇ ਦੀ ਸਾਰ ਨਹੀਂ ਲਈ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਵਾਉਣ ਲਈ ਯਤਨਸ਼ੀਲ ਰਹੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੂੰ ਬਾਦਲਾਂ ਨੇ ਉਸ ਵੇਲੇ ਕਮਰੇ ਵਿੱਚ ਬੰਦ ਕਰਵਾ ਦਿੱਤਾ ਸੀ ਜਦੋਂ ਉਹ ਤਤਕਾਲੀ ਰਾਸ਼ਟਰਪਤੀ ਨੂੰ ਮਿਲਣ ਆਏ ਸਨ। ਉਨ੍ਹਾਂ ਕਿਹਾ ਹੈ ਕਿ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਦਾ ਮੁੱਖ ਸਮਾਗਮ ਉਥੋਂ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਰਵਾਇਆ ਸੀ।

# ਅਟਾਰੀ 'ਚ ਦੇਸ਼ ਦਾ ਸਭ ਤੋਂ ਉੱਚਾ ਤਿਰੰਗਾ ਝੁਲਾਉਣ ਦੇ ਰਾਹ 'ਚ ਕਈ ਔਕੜਾਂ

ਅੰਮ੍ਰਿਤਸਰ- ਭਾਰਤ-ਪਾਕਿਸਤਾਨ ਦੀ ਸਰਹੱਦ ਉੱਤੇ ਅਟਾਰੀ 'ਚ ਅਤੇ ਅੰਮ੍ਰਿਤਸਰ ਸਥਿਤ ਆਨੰਦ ਅੰਮ੍ਰਿਤ ਪਾਰਕ 'ਚ ਸਥਾਪਤ ਦੋ ਉੱਚੇ ਤਿਰੰਗੇ ਝੰਡੇ ਝੁੱਲਦੇ ਰੱਖਣ ਉੱਤੇ ਹੀ 1 ਕਰੋੜ ਰੁਪਏ ਖ਼ਰਚ ਹੋ ਗਏ ਹਨ। ਅਟਾਰੀ 'ਚ ਸਥਾਪਤ ਕੀਤਾ ਝੰਡਾ 360 ਫ਼ੁੱਟ ਉੱਚਾ ਹੈ। ਭਾਰਤ ਵਿੱਚ ਇੰਨੀ ਉਚਾਈ ਤੱਕ ਹੋਰ ਕੋਈ ਵੀ ਝੰਡਾ ਨਹੀਂ ਹੈ। ਅੰਮ੍ਰਿਤਸਰ ਦੇ ਪਾਰਕ ਦਾ ਝੰਡਾ 170 ਫ਼ੁੱਟ ਉੱਚਾ ਹੈ। ਇਹ ਦੋਵੇਂ ਝੰਡੇ ਸਥਾਪਤ ਕਰਨ ਪਿੱਛੇ ਦਿਮਾਗ਼ ਭਾਜਪਾ ਆਗੂ ਤੇ ਉਦੋਂ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਦਾ ਸੀ। ਉਨ੍ਹਾਂ ਨੇ ਇਨ੍ਹਾਂ ਦੋਵੇਂ ਤਿਰੰਗੇ ਝੰਡਿਆਂ ਦਾ ਉਦਘਾਟਨ ਬਹੁਤ ਜ਼ੋਰ-ਸ਼ੋਰ ਨਾਲ ਕੀਤਾ ਸੀ। ਅਟਾਰੀ ਵਾਲਾ ਤਿਰੰਗਾ ਸਥਾਪਤ ਹੋਣ ਤੋਂ ਪਹਿਲਾਂ ਝਾਰਖੰਡ ਦੀ ਰਾਜਧਾਨੀ ਵਿੱਚ 293 ਫ਼ੁੱਟ ਦੀ ਉਚਾਈ ਤੱਕ ਲੱਗਾ ਝੰਡਾ ਦੇਸ਼ ਦਾ ਸਭ ਤੋਂ ਉੱਚਾ ਝੰਡਾ ਸੀ। ਅਟਾਰੀ ਵਾਲਾ ਝੰਡਾ 3.5 ਕਰੋੜ ਰੁਪਏ ਦੀ ਲਾਗਤ ਨਾਲ ਅਤੇ ਅੰਮ੍ਰਿਤ ਪਾਰਕ ਵਾਲਾ ਝੰਡਾ 30 ਲੱਖ ਰੁਪਏ ਦੀ ਲਾਗਤ ਨਾਲ ਸਥਾਪਤ ਹੋਇਆ ਸੀ। ਅਟਾਰੀ ਵਾਲਾ ਝੰਡਾ 5 ਮਾਰਚ, 2017 ਨੂੰ ਅਤੇ ਅੰਮ੍ਰਿਤਸਰ ਪਾਰਕ ਵਾਲਾ ਝੰਡਾ ਉਸ ਤੋਂ ਵੀ ਦੋ ਸਾਲ ਪਹਿਲਾਂ ਸਤੰਬਰ 2015 'ਚ ਸਥਾਪਤ ਕੀਤਾ ਗਿਆ ਸੀ। ਇਨ੍ਹਾਂ ਦੋਵੇਂ ਝੰਡਿਆਂ ਦੇ ਰੱਖ-ਰਖਾਅ ਦੀ ਜ਼ਿੰਮੇਵਾਰੀ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੀ ਹੈ। ਟਰੱਸਟ ਦੇ ਚੇਅਰਮੈਨ ਦਿਨੇਸ਼ ਬਾਸੀ ਨੇ ਦੱਸਿਆ ਕਿ ਇਨ੍ਹਾਂ ਦੋਵੇਂ ਝੰਡਿਆਂ ਦੇ ਸਥਾਪਤ ਹੋਣ ਦੇ ਬਾਅਦ ਤੋਂ ਇਨ੍ਹਾਂ ਨੂੰ ਝੁੱਲਦੇ ਰੱਖਣ ਲਈ ਹੁਣ ਤੱਕ 1 ਕਰੋੜ ਰੁਪਏ ਤੋਂ ਵੱਧ ਦੀ ਰਕਮ ਖ਼ਰਚ ਹੋ ਚੁੱਕੀ ਹੈ। ਇਸ ਲਈ ਟਰੱਸਟ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤੇਜ਼ ਹਵਾਵਾਂ ਕਾਰਨ ਇੰਨਾ ਉੱਚਾ ਝੰਡਾ ਝੁੱਲਦਾ ਰੱਖਣਾ ਆਪਣੇ-ਆਪ ਵਿੱਚ ਇੱਕ ਵੱਡੀ ਚੁਣੌਤੀ ਹੈ। ਤੇਜ਼ ਹਵਾਵਾਂ ਕਾਰਨ ਇਹ ਝੰਡੇ ਛੇਤੀ ਹੀ ਫਟ ਜਾਂਦੇ ਸਨ। ਪਹਿਲਾਂ ਖਾਦੀ ਦੇ ਬਣੇ ਝੰਡੇ ਝੁਲਾਏ ਗਏ ਸਨ ਪਰ ਤੇਜ਼ ਹਵਾਵਾਂ ਦਾ ਸਾਹਮਣਾ ਕੋਈ ਵੀ ਨਹੀਂ ਕਰ ਸਕਿਆ। ਪਰ ਫਿਰ ਪੈਰਾਸ਼ੂਟ ਵਾਲਾ ਫ਼ੈਬ੍ਰਿਕ ਇਹ ਝੰਡੇ ਤਿਆਰ ਕਰਨ ਲਈ ਵਰਤਿਆ ਗਿਆ। ਅੰਮ੍ਰਿਤਸਰ ਪਾਰਕ ਵਾਲਾ ਝੰਡਾ ਅੱਜ-ਕੱਲ੍ਹ ਝੁੱਲ ਨਹੀਂ ਰਿਹਾ। ਹੁਣ ਦੋਵੇਂ ਝੰਡਿਆਂ ਨੂੰ ਝੁੱਲਦਾ ਰੱਖਣ ਲਈ ਟੈਂਡਰ ਵੀ ਜਾਰੀ ਕੀਤੇ ਗਏ ਹਨ। ਇਨ੍ਹਾਂ ਝੰਡਿਆਂ ਦੇ ਰੱਖ-ਰਖਾਅ ਉੱਤੇ ਹੋ ਰਹੇ ਇੰਨੇ ਜ਼ਿਆਦਾ ਖ਼ਰਚੇ ਦੀ ਆਲੋਚਨਾ ਵੀ ਹੋ ਰਹੀ ਹੈ।




# 'ਈ-ਸਾਥੀ' ਐਪ ਰਾਹੀਂ ਪੁਲਿਸ ਕਰੇਗੀ ਸਾਰੇ ਕੰਮ, ਨਹੀਂ ਜਾਣਾ ਪਵੇਗਾ ਥਾਣੇ

ਚੰਡੀਗੜ੍ਹ-ਚੰਡੀਗੜ੍ਹ ਪੁਲਿਸ ਦੇ ਬੀਟ ਬਾਕਸ 'ਤੇ ਤਾਇਨਾਤ ਜਵਾਨਾਂ ਨੂੰ ਈ-ਸਾਥੀ ਐਪ ਇੱਕ ਹਜ਼ਾਰ ਲੋਕਾਂ ਦੇ ਮੋਬਾਇਲ 'ਚ ਡਾਊਨਲੋਡ ਕਰਾਉਣ ਦਾ ਟੀਚਾ ਮਿਲਿਆ ਹੈ। ਡਾਊਨਲੋਡ ਕਰਾਉਣ ਤੋਂ ਬਾਅਦ ਬੀਟ ਬਾਕਸ ਜਵਾਨਾਂ ਨੂੰ ਲੋਕਾਂ ਨੂੰ ਈ-ਸਾਥੀ ਐਪ ਨਾਲ ਜੁੜੀ ਸਾਰੀ ਜਾਣਕਾਰੀ ਦੇਣੀ ਹੋਵੇਗੀ। ਹਰ ਪੁਲਿਸ ਮੁਲਾਜ਼ਮ ਨੂੰ ਐਪ ਡਾਊਨਲੋਡ ਕਰਾਉਣ ਵਾਲੇ ਦਾ ਮੋਬਾਇਲ ਨੰਬਰ ਅਤੇ ਪਤਾ ਵੀ ਨੋਟ ਕਰ ਕੇ ਰਿਕਾਰਡ ਬਣਾਉਣਾ ਪਵੇਗਾ। ਇਹ ਹੁਕਮ ਚੰਡੀਗੜ੍ਹ ਪੁਲਿਸ ਦੇ ਆਲਾ ਅਫਸਰਾਂ ਨੇ ਬੀਟ ਜਵਾਨਾਂ ਨੂੰ ਦਿੱਤਾ ਹੈ। ਬੀਟ ਬਾਕਸ ਦੇ ਜਵਾਨ ਹੁਣ ਲੋਕਾਂ ਨੂੰ ਫੜ੍ਹ-ਫੜ੍ਹ ਕੇ ਐਪ ਡਾਊਨਲੋਡ ਕਰਵਾਉਣ 'ਚ ਲੱਗੇ ਹੋਏ ਹਨ। ਪੁਲਿਸ ਕਰਮੀ ਆਪਣੇ ਜਾਣਕਾਰਾਂ ਦਾ ਈ-ਸਾਥੀ ਐਪ ਡਾਊਨਲੋਡ ਕਰਨ ਲਈ ਵਟਸਐਪ 'ਤੇ ਮੈਸਜ ਲਗਾਤਾਰ ਭੇਜਣ 'ਚ ਲੱਗੇ ਹੋਏ ਹਨ। ਆਮ ਲੋਕ ਈ-ਸਾਥੀ ਐਪ ਜ਼ਰੀਏ ਆਪਣੇ ਇਲਾਕੇ 'ਚ ਹੋਣ ਵਾਲੀਆਂ ਅਪਰਾਧਿਕ ਗਤੀਵਿਧੀਆਂ ਦੀ ਜਾਣਕਾਰੀ ਬੀਟ ਸਟਾਫ ਨੂੰ ਦੇ ਸਕਣਗੇ। ਖਾਸ ਕਰਕੇ ਨਸ਼ਾ ਵੇਚਣ, ਜੂਆ ਅਤੇ ਸੱਟੇਬਾਜ਼ੀ ਦੀ ਜਾਣਕਾਰੀ ਆਮ ਲੋਕਾਂ ਵੱਲੋਂ ਐਪ 'ਤੇ ਮਿਲਣ ਤੋਂ ਬਾਅਦ ਪੁਲਿਸ ਤੁਰੰਤ ਐਕਸ਼ਨ ਲਵੇਗੀ। ਬੀਟ ਸਟਾਫ ਨੂੰ ਐਪ ਦੇ ਜ਼ਰੀਏ ਮਿਲੀ ਹਰ ਜਾਣਕਾਰੀ 'ਤੇ ਐਕਸ਼ਨ ਲੈਣ ਤੋਂ ਬਾਅਦ ਆਲਾ ਅਫਸਰਾਂ ਨੂੰ ਰਿਪੋਰਟ ਦੇਣੀ ਹੋਵੇਗੀ। ਈ-ਸਾਥਈ ਐਪ ਦੇ ਜ਼ਰੀਏ ਸੀਨੀਅਰ ਸਿਟੀਜ਼ਨ ਪੁਲਸ ਨਾਲ ਸੰਪਰਕ 'ਚ ਰਹਿਣਗੇ।



# ਭਾਰਤ-ਪਾਕਿ ਜੰਗ ਦਾ ਪੰਜਾਬ ਨੂੰ ਸਭ ਤੋਂ ਵੱਧ ਖਤਰਾ !

ਚੰਡੀਗੜ੍ਹ- ਕਸ਼ਮੀਰ ਮਸਲੇ ਨੂੰ ਲੈ ਕੇ ਭਾਰਤ ਤੇ ਪਾਕਿਸਤਾਨ ਇੱਕ ਦੂਜੇ ਨੂੰ ਜੰਗ ਦੀਆਂ ਧਮਕੀਆਂ ਦੇ ਰਹੇ ਹਨ। ਵਿਦੇਸ਼ੀ ਦਖਲ ਕਰਕੇ ਦੋਵੇਂ ਦੇਸ਼ ਕੁਝ ਸ਼ਾਂਤ ਹੋਏ ਹਨ ਪਰ ਸਰਹੱਦ 'ਤੇ ਤਣਾਅ ਬਰਕਰਾਰ ਹੈ। ਸਰਹੱਦੀ ਸੂਬੇ ਪੰਜਾਬ ਦੀਆਂ ਬਹੁਤੀਆਂ ਸਿਆਸੀ ਪਾਰਟੀਆਂ ਵੀ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਵਕਾਲਤ ਕਰਦੀਆਂ ਹਨ ਪਰ ਸ਼੍ਰੋਮਣੀ ਅਕਾਲੀ ਦਲ (ਅ) ਦਾ ਵੱਖਰਾ ਸਟੈਂਡ ਹੈ। ਸ਼੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਭਾਰਤ-ਪਾਕਿ ਜੰਗਾਂ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ, ਪੰਜਾਬੀ ਤੇ ਸਿੱਖਾਂ ਨੂੰ ਝੱਲਣਾ ਪਿਆ ਹੈ ਜਦੋਂਕਿ ਜੰਗ ਦਾ ਫ਼ੈਸਲਾ ਭਾਰਤ 'ਚ ਦਿੱਲੀ ਤੇ ਪਾਕਿਸਤਾਨ ਦਾ ਇਸਲਾਮਾਬਾਦ ਕਰਦਾ ਹੈ।



ਉਨ੍ਹਾਂ ਦਾਅਵਾ ਕੀਤਾ ਹੈ ਕਿ ਜੇ ਭਾਰਤ ਪਾਕਿ ਜੰਗ ਲੱਗਦੀ ਹੈ ਤਾਂ ਪਰਮਾਣੂ ਹਥਿਆਰਾਂ ਜ਼ਰੀਏ ਪਹਿਲਾਂ ਨਾਲੋਂ ਕਈ ਗੁਣਾ ਵੱਧ ਨੁਕਸਾਨ ਹੋਵੇਗਾ। ਮਾਨ ਦਾ ਕਹਿਣਾ ਹੈ ਕਿ ਸਿੱਖ ਲੀਡਰਾਂ ਵਿੱਚ ਰਾਜਸੀ ਚੇਤਨਾ ਦੀ ਘਾਟ ਕਾਰਨ ਪਹਿਲਾਂ ਭਾਰਤ-ਪਾਕਿ ਵੰਡ ਵੇਲੇ ਪੰਜਾਬ ਦੇ ਦੋ ਹਿੱਸੇ ਹੋਏ, ਫਿਰ ਆਜ਼ਾਦ ਭਾਰਤ ਵਿੱਚ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਨੂੰ ਵੱਡੇ ਪੰਜਾਬੀ ਬੋਲਦੇ ਇਲਾਕੇ ਦੇ ਕੇ ਪੰਜਾਬੀਆਂ ਨਾਲ ਧੱਕਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਾਜਾਇਜ਼ ਖਨਣ 'ਤੇ ਜ਼ਮੀਨਾਂ ਤਬਾਹ ਕਰ ਦਿੱਤੀਆਂ ਹਨ ਤੇ ਪਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਹੱਦ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਨਾਲ ਲੱਗਦੀ ਹੈ, ਇੱਥੇ ਫਲ ਤੇ ਸਬਜ਼ੀਆਂ ਦੀ ਪੈਕਿੰਜਿੰਗ ਦਾ ਵੱਡਾ ਕਾਰੋਬਾਰ ਪ੍ਰਫੁੱਲਤ ਹੋ ਸਕਦਾ ਹੈ।






## ਅਸੀਂ ਐਸਜੀਪੀਸੀ ਨੂੰ ਸਾਂਝੇ ਸਮਾਗਮਾਂ ਲਈ ਮਨਾਉਣ ਦੀ ਕੋਸ਼ਿਸ਼ ਕਰਾਂਗੇ : ਚੰਨੀ



ਚੰਡੀਗੜ੍ਹ- ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਨੂੰ ਇੱਕੋ ਸਟੇਜ 'ਤੇ ਮਨਾਉਣ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਗੱਲਬਾਤ ਕਰਨ ਲਈ ਨਿਯੁਕਤ ਕੀਤੇ ਦੋ ਨੁਮਾਇੰਦੇ- ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਇਹ ਸਮਝ ਰਹੇ ਹਨ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਆਪਣੀਆਂ ਗੱਲਾਂ ਵਿੱਚ ਨਾ ਲੈ ਕੇ ਆਉਂਦੀ ਤਾਂ ਐਸਜੀਪੀਸੀ ਦੇ ਨਾਲ ਸਾਂਝੇ ਸਮਾਗਮਾਂ ਵਾਲਾ ਮਸਲਾ ਹੱਲ ਹੋ ਚੁੱਕਾ ਹੁੰਦਾ। ਚਰਨਜੀਤ ਚੰਨੀ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਅਸੀਂ ਕੋਆਰਡੀਨੇਸ਼ਨ ਕਮੇਟੀ ਦੇ ਮੈਂਬਰਾਂ ਨੂੰ ਆਖਰੀ ਪਲਾਂ ਤੱਕ ਮਨਾਉਣ ਦੀ ਕੋਸ਼ਿਸ਼ ਕਰਾਂਗੇ। ਹੁਣ, ਅਕਾਲੀ ਦਲ ਨੇ ਮੀਟਿੰਗ ਦੇ ਉੱਪਰ ਇਤਰਾਜ਼ ਪ੍ਰਗਟਾਇਆ ਹੈ, ਜਦੋਂ ਕਿ ਸ਼ੁਰੂਆਤ ਐਸਜੀਪੀਸੀ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਗਈ ਸੀ। ਅਸੀਂ ਚਾਹੁੰਦੇ ਹਾਂ ਕਿ ਸਮਾਗਮ ਸਾਂਝਾ ਹੋਣਾ ਚਾਹੀਦਾ ਹੈ ਅਤੇ ਜੇਕਰ ਬਿਹਾਰ ਦੇ ਵਿੱਚ ਨਿਤੀਸ਼ ਕੁਮਾਰ ਦੁਆਰਾ ਸਮਾਗਮ ਕਰਵਾਏ ਜਾਣ 'ਤੇ ਕੋਈ ਇਤਰਾਜ਼ ਨਹੀਂ ਸੀ ਤਾਂ ਪੰਜਾਬ ਸਰਕਾਰ ਸਮਾਗਮ ਦਾ ਪ੍ਰਬੰਧਕ ਕਿਉਂ ਨਹੀਂ ਬਣ ਸਕਦੀ?"

## ਫਿਰੋਜ਼ਪੁਰ ਦੀ ਸਰਹੱਦ ਅੰਦਰ ਲੰਘ ਆਇਆ ਪਾਕਿਸਤਾਨੀ ਡਰੋਨ, ਬੀ ਐਸ ਐਫ ਨੂੰ ਭਾਜੜਾਂ

ਫਿਰੋਜ਼ਪੁਰ- ਪੰਜਾਬ ਦੀ ਫਿਰੋਜ਼ਪੁਰ ਸਰਹੱਦ 'ਤੇ ਹੁਸੈਨੀਵਾਲਾ ਵਿੱਚ ਬੀਤੀ ਰਾਤ ਪਾਕਿਸਤਾਨ ਦਾ ਡ੍ਰੋਨ ਵੇਖਿਆ ਗਿਆ। ਬਾਰਡਰ ਸਿਕਿਓਰਿਟੀ ਫੋਰਸ (ਬੀਐਸਐਫ) ਅਨੁਸਾਰ, ਡ੍ਰੋਨ ਲਗਪਗ ਇੱਕ ਕਿਲੋਮੀਟਰ ਤੱਕ ਭਾਰਤੀ ਸਰਹੱਦ ਵਿੱਚ ਦਾਖਲ ਹੋਇਆ ਤੇ ਫਿਰ ਪਾਕਿਸਤਾਨ ਵਾਪਸ ਮੁੜ ਗਿਆ। ਬੀਐਸਐਫ ਨੇ ਫਿਰੋਜ਼ਪੁਰ ਪੁਲਿਸ ਨੂੰ ਡਰੋਨ ਆਪ੍ਰੇਸ਼ਨ ਦੀ ਜਾਣਕਾਰੀ ਦਿੱਤੀ ਹੈ। ਪਾਕਿਸਤਾਨ ਸਰਹੱਦੀ ਇਲਾਕਿਆਂ ਵਿੱਚ ਹਥਿਆਰਾਂ ਤੇ ਨਸ਼ਿਆਂ ਦੀ ਸਪਲਾਈ ਲਈ ਡ੍ਰੋਨ ਦੀ ਵਰਤੋਂ ਕਰ ਰਿਹਾ ਹੈ। ਹਾਲ ਹੀ ਵਿੱਚ, ਪਾਕਿਸਤਾਨ ਨੇ ਕਈ ਵਾਰ ਅਜਿਹਾ ਕੀਤਾ ਹੈ। ਸਤੰਬਰ ਦੇ ਅਖੀਰਲੇ ਦਿਨਾਂ ਵਿੱਚ ਅੰਮ੍ਰਿਤਸਰ ਤੇ ਤਰਨ ਤਾਰਨ ਵਿੱਚ ਪਾਕਿਸਤਾਨੀ ਡ੍ਰੋਨ ਤੇ ਹਥਿਆਰ ਫੜੇ ਗਏ ਸਨ। ਅੰਮ੍ਰਿਤਸਰ ਵਿੱਚ ਡੀਐਸਪੀ ਕਾਊਂਟਰ ਇੰਟੈਲੀਜੈਂਸ ਬਲਬੀਰ ਸਿੰਘ ਨੇ 22 ਸਤੰਬਰ ਨੂੰ ਕਿਹਾ ਸੀ ਕਿ ਚਾਰ ਨੌਜਵਾਨ ਗ੍ਰਿਫਤਾਰ ਕੀਤੇ ਗਏ ਸਨ। ਪੁੱਛਗਿੱਛ ਦੌਰਾਨ ਇਨ੍ਹਾਂ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ 2 ਪਾਕਿਸਤਾਨੀ ਡ੍ਰੋਨ ਕ੍ਰੈਸ਼ ਹੋਏ, ਡ੍ਰੋਨ ਦੇ ਕੁਝ ਹਿੱਸੇ ਬਰਾਮਦ ਵੀ ਕੀਤੇ ਗਏ।

# 550ਵੇਂ ਪ੍ਰਕਾਸ਼ ਪੁਰਬ ਮੌਕੇ 5 ਹਜ਼ਾਰ ਸੁਰੱਖਿਆ ਕਰਮਚਾਰੀ ਕਰਨਗੇ ਸੰਗਤਾਂ ਦੀ ਰੱਖਵਾਲੀ

ਸੁਲਤਾਨਪੁਰ ਲੋਧੀ- 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਵਨ ਨਗਰੀ ਸੁਲਤਾਨਪੁਰ ਲੋਧੀ 'ਚ ਕਰਵਾਏ ਜਾਣ ਵਾਲੇ ਸਮਾਗਮਾਂ ਮੌਕੇ 5 ਹਜ਼ਾਰ ਸੁਰੱਖਿਆ ਕਰਮਚਾਰੀ ਸੰਗਤਾਂ ਦੀ ਰੱਖਵਾਲੀ ਕਰਨਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸੁਚਾਰੂ ਢੰਗ ਨਾਲ ਨੇਪਰੇ ਲਗਾਉਣ ਲਈ ਅਤੇ ਸੁਲਤਾਨਪੁਰ ਲੋਧੀ 'ਚ ਪੁੱਜਣ ਵਾਲੀਆਂ ਲੱਖਾਂ ਸੰਗਤਾਂ ਦੀ ਸੁਰੱਖਿਆ, ਸਹੂਲਤਾਂ ਮੁਹੱਈਆ ਕਰਵਾਉਣ ਸਬੰਧੀ ਬੀਤੇ ਦਿਨ ਸਿਵਲ ਅਤੇ ਪੁਲਸ ਅਫਸਰਾਂ ਦੀ ਸਾਂਝੀ ਮੀਟਿੰਗ ਮਾਰਕੀਟ ਕਮੇਟੀ ਦਫਤਰ ਸੁਲਤਾਨਪੁਰ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਆਈ. ਜੀ. ਜਲੰਧਰ ਨੌਨਿਹਾਲ ਸਿੰਘ, ਆਈ. ਜੀ. ਜਸਵਿੰਦਰ ਸਿੰਘ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਇੰਜ. ਦਵਿੰਦਰਪਾਲ ਸਿੰਘ ਖਰਬੰਦਾ ਨੇ ਕੀਤੀ। ਮੀਟਿੰਗ ਦੌਰਾਨ ਸਾਰੇ ਵਿਭਾਗਾਂ ਨੂੰ 9 ਅਕਤੂਬਰ ਤੱਕ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਾਇਨਾਤੀ ਬਾਰੇ 'ਪ੍ਰਕਾਸ਼ ਪੁਰਬ 550ਵਾਂ ਮੋਬਾਇਲ ਐਪ' ਉੱਤੇ ਸੂਚਨਾ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਗਏ ਅਤੇ ਸਾਰੇ ਬਣਾਏ 15 ਸੈਕਟਰਾਂ 'ਚ ਤਾਇਨਾਤ ਕੀਤੀਆਂ ਜਾਣ ਵਾਲੀਆਂ ਟੀਮਾਂ ਦੀ ਹਾਜ਼ਰੀ ਅਤੇ ਤਾਲਮੇਲ ਲਈ 10 ਅਕਤੂਬਰ ਨੂੰ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਵਿਖੇ ਵੈਰੀਫਿਕੇਸ਼ਨ ਕੀਤੀ ਜਾਵੇਗੀ। ਆਈ. ਜੀ. ਨੌਨਿਹਾਲ ਸਿੰਘ ਨੇ ਕਿਹਾ ਕਿ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਕੋਲ ਸਮਾਰਟ ਫੋਨ ਹੋਣੇ ਲਾਜ਼ਮੀ ਚਾਹੀਦੇ ਹਨ ਅਤੇ ਬਿਹਤਰ ਤਾਲਮੇਲ ਲਈ ਉਨ੍ਹਾਂ ਦੇ ਨੰਬਰਾਂ ਨੂੰ ਜੀ. ਪੀ. ਐੱਸ. ਸਰਵ ਨਾਲ ਲਿੰਕ ਕੀਤਾ ਜਾਵੇਗਾ ਤਾਂ ਜੋ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਆਈ. ਜੀ. ਨੌਨਿਹਾਲ ਸਿੰਘ ਨੇ 'ਜਗ ਬਾਣੀ' ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ 550 ਸਾਲਾ ਪ੍ਰਕਾਸ ਪੁਰਬ 'ਤੇ ਸੁਲਤਾਨਪੁਰ ਲੋਧੀ ਇਲਾਕੇ 'ਚ 5000 ਪੁਲਸ ਕਰਮਚਾਰੀ ਸੰਗਤਾਂ ਦੀ ਦਿਨ-ਰਾਤ ਸੁਰੱਖਿਆ ਕਰਨਗੇ ਅਤੇ 500 ਤੋਂ ਵੱਧ ਅਧਿਕਾਰੀ ਨਿਗਰਾਨੀ ਲਈ ਤਾਇਨਾਤ ਕੀਤੇ ਜਾ ਰਹੇ ਹਨ। ਮੀਟਿੰਗ 'ਚ ਏ. ਆਈ. ਜੀ. ਇੰਦਰਬੀਰ ਸਿੰਘ, ਐੱਸ. ਐੱਸ. ਪੀ. ਸਤਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਤੇਜਬੀਰ ਸਿੰਘ ਹੁੰਦਲ ਐੱਸ. ਪੀ., ਨਵਨੀਤ ਕੌਰ ਬੱਲ, ਐੱਸ. ਡੀ. ਐੱਮ. ਡਾ. ਚਾਰੂਮਿਤਾ, ਡੀ. ਐੱਸ. ਪੀ. ਸਰਵਨ ਸਿੰਘ ਬੱਲ ਤੇ ਹੋਰਨਾਂ ਸ਼ਿਰਕਤ ਕੀਤੀ।



# ਕੇਂਦਰ ਨੇ ਕਾਲੀ ਸੂਚੀ 'ਚੋਂ ਨਾਮ ਹਟਾਉਣ ਦਾ ਹਲਫੀਆ ਬਿਆਨ ਹਾਈ ਕੋਰਟ 'ਚ ਦਾਇਰ ਕੀਤਾ : ਸਿਰਸਾ

ਨਵੀਂ ਦਿੱਲੀ- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐਸ ਜੀ ਐਮ ਸੀ) ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਸ੍ਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਦਿੱਲੀ ਹਾਈ ਕੋਰਟ ਵਿਚ ਹਲਫੀਆ ਬਿਆਨ ਦਾਇਰ ਕਰਕੇ ਸੂਚਿਤ ਕਰ ਦਿੱਤਾ ਹੈ ਕਿ ਉਸਨੇ ਕਾਲੀ ਸੂਚੀ ਵਿਚੋਂ ਸਿਰਫ ਦੋ ਨਾਵਾਂ ਨੂੰ ਛੱਡ ਕੇ ਬਾਕੀ ਸਾਰੇ ਨਾਮ ਹਟਾ ਦਿੱਤੇ ਹਨ। ਇਥੇ ਜਾਰੀ ਕੀਤੇ ਇੱਕ ਬਿਆਨ ਵਿਚ ਸ੍ਰੀ ਸਿਰਸਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਾਈ ਕੋਰਟ ਨੂੰ ਸੂਚਿਤ ਕੀਤਾ ਹੈ ਕਿ ਉਸਦੀ ਸਮੀਖਿਆ ਕਮੇਟੀ ਨੇ ਸਮੀਖਿਆ ਮਗਰੋਂ ਇਹ ਨਾਮ ਹਟਾ ਦਿੱਤੇ ਹਨ। ਉਹਨਾਂ ਕਿਹਾ ਕਿ ਹੁਣ ਸਿਰਫ ਦੋ ਨਾਮ ਹੀ ਸੂਚੀ ਵਿਚ ਰਹਿ ਗਏ ਹਨ। ਉਹਨਾਂ ਦੱਸਿਆ ਕਿ ਕੇਂਦਰ ਸਰਕਾਰ ਦੇ ਜਵਾਬ ਤੋਂ ਬਾਅਦ ਮਾਨਯੋਗ ਅਦਾਲਤ ਨੇ ਇਸ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਪਰ ਨਾਲ ਹੀ ਵਿਸ਼ੇਸ਼ ਹਦਾਇਤ ਕੀਤੀ ਕਿ ਜਿਹੜੇ ਨਾਮ ਸੂਚੀ ਵਿਚੋਂ ਹਟਾਏ ਗਏ ਹਨ, ਉਹਨਾਂ ਬਾਰੇ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਰੱਖੀ ਜਾਵੇ। ਅਕਾਲੀ ਦਲ ਦੇ ਆਗੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਦਿੱਲੀ ਗੁਰਦੁਆਰਾ ਕਮੇਟੀ ਲੰਬੇ ਸਮੇਂ ਤੋਂ ਸਿੱਖਾਂ ਦੇ ਨਾਮ ਕਾਲੀ ਸੂਚੀ ਵਿਚੋਂ ਕੱਢਵਾਉਣ ਲਈ ਸੰਘਰਸ਼ ਕਰ ਰਹੇ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਦੀ ਇਸ ਮਾਮਲੇ ਵਿਚ ਅਹਿਮ ਭੂਮਿਕਾ ਰਹੀ। ਉਹਨਾਂ ਕਿਹਾ ਕਿ ਹੁਣ ਜਦੋਂ ਅਦਾਲਤ ਨੇ ਮਾਮਲੇ ਦਾ ਨਿਪਟਾਰਾ ਕਰ ਦਿੱਤਾ ਹੈ ਤਾਂ ਉਹ ਆਸ ਕਰਦੇ ਹਾਂ ਕਿ ਜਿਹੜੇ ਸਿੱਖ ਭਰਾਵਾਂ ਦੇ ਨਾਮ ਸੂਚੀ ਵਿਚੋਂ ਕੱਢੇ ਗਏ ਹਨ, ਉਹ ਹੁਣ ਆਪਣੇ ਵਤਨ ਪਰਤ ਕੇ ਆਪਣੇ ਪਰਿਵਾਰਾਂ ਨੂੰ ਮਿਲ ਸਕਣਗੇ। ਸ੍ਰੀ ਸਿਰਸਾ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁੜ ਅਪੀਲ ਕੀਤੀ ਕਿ ਪੰਜਾਬ ਪੁਲਿਸ ਵਾਪਸ ਵਤਨ ਪਰਤਣ ਵਾਲੇ ਇਹਨਾਂ ਸਿੱਖਾਂ ਨੂੰ ਪਿਛਲੇ ਸਮੇਂ ਦੀਆ ਘਟਨਾਵਾਂ ਦਾ ਬਹਾਨਾ ਬਣਾ ਕੇ ਤੰਗ ਪ੍ਰੇਸ਼ਾਨ ਨਾ ਕਰੇ ਅਤੇ ਇਹਨਾਂ ਨਾਲ ਪੂਰੇ ਮਾਣ ਤੇ ਸਤਿਕਾਰ ਨਾਲ ਪੇਸ਼ ਆਇਆ ਜਾਵੇ।



## 9 ਖਾਲਿਸਤਾਨੀਆਂ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ

ਅੰਮ੍ਰਿਤਸਰ: ਪਾਕਿਸਤਾਨ ਤੋਂ ਡ੍ਰੋਨ ਰਾਹੀਂ ਹਥਿਆਰ ਲਿਆਉਣ ਦੇ ਮਾਮਲੇ ਵਿੱਚ ਆਕਾਸ਼ਦੀਪ ਸਣੇ 9 ਖਾਲਿਸਤਾਨੀਆਂ ਦਾ ਪੁਲਿਸ ਰਿਮਾਂਡ ਵਧਾ ਦਿੱਤਾ ਗਿਆ ਹੈ। ਬੁੱਧਵਾਰ ਨੂੰ ਅੰਮ੍ਰਿਤਸਰ ਜ਼ਿਲ੍ਹਾ ਅਦਾਲਤ 'ਚ ਇਨ੍ਹਾਂ ਮੁਲਜ਼ਮਾਂ ਦੀ ਪੇਸ਼ੀ ਹੋਈ ਜਿੱਥੋਂ ਅਦਾਲਤ ਨੇ ਇਨ੍ਹਾਂ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ।

ਦੱਸ ਦੇਈਏ ਪੁਲਿਸ ਨੇ 22 ਸਤੰਬਰ ਨੂੰ 4 ਮੁਲਜ਼ਮ ਕਾਬੂ ਕੀਤੇ ਸੀ। ਇਨ੍ਹਾਂ ਕੋਲੋਂ ਪੁਲਿਸ ਨੇ 5 1™-47 ਰਾਇਫਲਸ ਤੇ 9 ਹੈਂਡ ਗ੍ਰੇਨੇਡ ਦੀ ਬਰਾਮਦਗੀ ਕੀਤੀ ਸੀ। ਇਸ ਤੋਂ ਇਲਾਵਾ ਇਨ੍ਹਾਂ ਕੋਲੋਂ 5 ਸੈਟੇਲਾਈਟ ਫੋਨ ਤੇ ਦੋ ਵਾਇਰਲੈੱਸ ਸੈੱਟ ਵੀ ਬਰਾਮਦ ਕੀਤੇ ਗਏ ਸੀ।

ਦੱਸ ਦੇਈਏ ਇੰਨੀ ਵੱਡੀ ਤਾਦਾਦ 'ਚ ਹਥਿਆਰਾਂ ਦੀ ਸਪਲਾਈ ਕਰਨ ਤੋਂ ਬਾਅਦ ਪੰਜਾਬ ਪੁਲਿਸ ਨੇ ਪਾਕਿਸਤਾਨ ਵੱਲੋਂ ਭੇਜੇ 2 ਡ੍ਰੋਨ ਬਰਾਮਦ ਕੀਤੇ ਸੀ। ਇਨ੍ਹਾਂ ਰਾਹੀਂ ਹੀ ਪੰਜਾਬ ਵਿੱਚ ਹਥਿਆਰਾਂ ਦਾ ਜ਼ਖੀਰਾ ਸਪਲਾਈ ਕੀਤਾ ਗਿਆ। ਮੁਲਜ਼ਮਾਂ ਨੂੰ ਕਾਬੂ ਕਰ ਲਿਆ ਗਿਆ ਹੈ ਪਰ ਹਾਲੇ ਵੀ ਪਾਕਿਸਤਾਨੀ ਡ੍ਰੋਨ ਦੇ ਫਿਰੋਜ਼ਪੁਰ ਵਿੱਚ ਗੇੜੇ ਲਾਉਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ।

# ਹੁਣ ਨਸ਼ਿਆਂ ਦੀ ਦਲਦਲ 'ਚੋਂ ਨਿਕਲਣਾ ਚਾਹੁੰਦੇ ਪੰਜਾਬੀ !



ਚੰਡੀਗੜ੍ਹ- ਨਸ਼ਿਆਂ ਦੇ ਜਾਲ ਵਿੱਚ ਉਲਝੇ ਪੰਜਾਬੀ ਨੌਜਵਾਨ ਇਸ ਅਲਾਮਤ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਸਰਕਾਰ ਦੇ ਓਟ ਕਲੀਨਕਾਂ ਤੇ ਨਸ਼ਾ-ਛੁਡਾਊ ਕੇਂਦਰਾਂ ਵਿੱਚ 2,75,373 ਨਸ਼ਾ ਪੀੜਤ ਇਲਾਜ ਕਰਵਾ ਰਹੇ ਹਨ। ਉਂਝ ਇਹ ਅੰਕੜਾ ਇਹ ਵੀ ਬਿਆਨ ਕਰਦਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਅਜੇ ਵੀ ਗੰਭੀਰ ਹੈ ਕਿਉਂਕਿ ਨਸ਼ਾ-ਛੁਡਾਊ ਕੇਂਦਰਾਂ ਵਿੱਚ ਮਹਿਜ਼ ਕੁਝ ਫੀਸਦੀ ਲੋਕ ਹੀ ਪਹੁੰਚਦੇ ਹਨ। ਹਾਸਲ ਜਾਣਕਾਰੀ ਮੁਤਾਬਕ ਸਰਕਾਰ ਵੱਲੋਂ 35 ਨਸ਼ਾ ਛੁਡਾਊ ਕੇਂਦਰ ਚਲਾਏ ਜਾ ਰਹੇ ਹਨ। ਸੂਬੇ ਵਿੱਚ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ 96 ਹੈ। ਇਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਵਿੱਚ 1,72,530 ਨਸ਼ਾ ਪੀੜਤ ਰਜਿਸਟਰਡ ਹੋ ਚੁੱਕੇ ਹਨ। ਇਨ੍ਹਾਂ ਵਿੱਚੋਂ 1,16,533 ਪੀੜਤ ਦੁਬਾਰਾ ਇਲਾਜ ਲਈ ਆਏ ਹਨ। ਹੁਣ ਸਰਕਾਰ ਨੇ ਓਟ ਕਲੀਨਕ ਤੇ ਸਰਕਾਰੀ ਨਸ਼ਾ-ਛੁਡਾਊ ਕੇਂਦਰਾਂ ਦੀ ਇਲਾਜ ਪ੍ਰਣਾਲੀ ਵਿੱਚ ਹੋਰ ਸੁਧਾਰ ਲਿਆਉਣ ਲਈ 'ਟੇਕ ਹੋਮ ਡੋਜ਼' ਸਰਵਿਸ ਦੀ ਸ਼ੁਰੂਆਤ ਕਰਨ ਦੀ ਤਿਆਰ ਕੀਤੀ ਹੈ ਜੋ ਨਸ਼ਾ-ਛੁਡਾਊ ਪ੍ਰੋਗਰਾਮ ਅਧੀਨ ਬਿਲਕੁਲ ਮੁਫ਼ਤ ਹੋਵੇਗੀ। ਸਰਕਾਰ ਵੱਲੋਂ ਕਰਵਾਏ ਸਰਵੇਖਣ ਅਨੁਸਾਰ ਡੇਢ ਸਾਲ ਦੇ ਮੁਕੰਮਲ ਇਲਾਜ ਦੇ ਕੋਰਸ ਲਈ ਕਈ ਮਰੀਜ਼ਾਂ ਨੂੰ ਰੋਜ਼ਾਨਾ ਇਲਾਜ ਲਈ ਓਟ ਕਲੀਨਕਾਂ ਵਿੱਚ ਆਉਣਾ ਮੁਸ਼ਕਲ ਹੁੰਦਾ ਹੈ ਤੇ ਇਸ ਨਾਲ ਨਸ਼ਾ ਛੁਡਾਊ ਪ੍ਰੋਗਰਾਮਾਂ ਅਧੀਨ ਚਲਾਈਆਂ ਸਹੂਲਤਾਂ ਵੀ ਪ੍ਰਭਾਵਿਤ ਹੁੰਦੀਆਂ ਹਨ। ਇਸ ਕਾਰਨ ਸਰਕਾਰ ਨੇ ਨਸ਼ਾ-ਛੁਡਾਊ ਪ੍ਰੋਗਰਾਮ ਅਧੀਨ ਬੁਪਰੀਨੌਰਫਿਨ-ਨੈਲੋਕਸਨ ਦੀ ਟੇਕ ਹੋਮ ਡੋਜ਼ ਸਰਵਿਸ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਮੁਤਾਬਕ ਸਰਕਾਰੀ ਸੰਸਥਾਵਾਂ ਤੋਂ ਇਲਾਵਾ ਨਿੱਜੀ ਮਨੋਰੋਗ ਚਿਕਿਤਸਕ ਕਲੀਨਕਾਂ ਨੂੰ ਵੀ ਟੇਕ ਹੋਮ ਡੋਜ਼ ਸਰਵਿਸ ਮੁਹੱਈਆ ਕਰਵਾਉਣ ਦੀ ਆਗਿਆ ਦੇ ਦਿੱਤੀ ਜਾਵੇਗੀ। ਇਸ ਪ੍ਰਕਿਰਿਆ ਲਈ ਨਿੱਜੀ ਮਨੋਰੋਗ ਚਿਕਿਤਸਕ ਕਲੀਨਕਾਂ ਨੂੰ ਓਟ ਕਲੀਨਿਕਾਂ ਦੇ ਸੈਂਟਰਲ ਰਜਿਸਟਰ ਆਨਲਾਈਨ ਪੋਰਟਲ 'ਤੇ ਰਜਿਸਟਰਡ ਕਰਵਾਉਣਾ ਲਾਜ਼ਮੀ ਹੋਵੇਗਾ। ਇਸ ਨਾਲ ਸਰਕਾਰੀ ਤੇ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜ਼ਾਂ ਦੀ ਆਮਦ ਵੀ ਵਧੇਗੀ। ਉਨ੍ਹਾਂ ਦੱਸਿਆ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਤੇ ਓਟ ਕਲੀਨਿਕਾਂ ਦੀ ਫਾਰਮੇਸੀ ਤੋਂ ਬੁਪਰੀਨੌਰਫਿਨ-ਨੈਲੋਕਸਨ ਦੀਆਂ 10 ਗੋਲੀਆਂ ਦਾ ਪੱਤਾ 60 ਰੁਪਏ ਵਿੱਚ ਉਪਲਬਧ ਹੋਵੇਗਾ ਜੋ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਤੋਂ ਮਿਲਣ ਵਾਲੀ ਦਵਾਈ ਤੋਂ ਦਸ ਗੁਣਾਂ ਸਸਤਾ ਹੈ।

ਇਹ ਵੀ ਹੈ ਕਿ ਆਮ ਤੌਰ ਨਸ਼ਿਆਂ ਨੂੰ ਸਿਹਤ ਨਾਲ ਜੋੜ ਕੇ ਹੀ ਵੇਖਿਆ ਜਾਂਦਾ ਹੈ ਪਰ ਇਸ ਦੇ ਪੰਜਾਬ ਦੇ ਆਰਥਿਕ ਤੇ ਸਮਾਜਿਕ ਨਾਲ ਗੂੜ੍ਹੇ ਸਬੰਧ ਹਨ।

# ਬੋਲਣ ਦੀ ਆਜ਼ਾਦੀ ਦੀ ਅਹਿਮੀਅਤ

ਸੱਭਿਆਚਾਰਕ ਤੌਰ 'ਤੇ ਪ੍ਰੌੜ੍ਹ ਸੱਭਿਅਕ ਕੌਮਾਂ ਸਿਰਫ਼ ਬੋਲਣ ਲਈ ਨਹੀਂ ਬੋਲਦੀਆਂ। ਗੁਫ਼ਤਾਰ, ਦਸਤਾਰ ਅਤੇ ਰਫ਼ਤਾਰ ਪੰਜਾਬੀ ਸਭਿਆਚਾਰ ਦੇ ਅੰਗ-ਪਹਿਲੂ ਹਨ ਜੋ ਕਿਸੇ ਵਿਅਕਤੀ ਵਿਸ਼ੇਸ਼ ਦੇ ਵਿਅਕਤਿਤਵ ਨੂੰ ਸਮਾਜ ਵਿਚ ਸਥਾਨ ਅਤੇ ਸਥਾਪਤੀ ਪ੍ਰਦਾਨ ਕਰਨ ਲਈ ਪ੍ਰਭਾਵਸ਼ਾਲੀ ਸਿੱਧ ਹੁੰਦੇ ਹਨ। ਮਨੁੱਖ ਦੀ ਸੋਚ ਅਤੇ ਵਿਚਾਰ ਜੀਵਨ ਸ਼ੈਲੀ ਵਿਚੋਂ ਜਨਮ ਲੈਂਦੇ ਹਨ। ਭਾਰਤ ਦੇ ਪ੍ਰਾਚੀਨਤਮ ਧਰਮਾਂ ਵਿਚੋਂ ਬੁੱਧ ਧਰਮ ਸੁਣਨ, ਮਨਨ ਅਤੇ ਵਿਚਾਰ ਕਰਨ ਦੀ ਹਾਮੀ ਭਰਦਾ ਹੈ। ਆਧੁਨਿਕ ਅਤੇ ਵਿਗਿਆਨਕ ਲੀਹਾਂ 'ਤੇ ਸਮੁੱਚੀ ਮਾਨਵਤਾ ਦੀ ਰਹਿਨੁਮਾਈ ਕਰਦੇ ਸਿੱਖ ਧਰਮ ਵਿਚ ਗੋਸ਼ਟਿ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ'। ਸਾਰਾ ਤੱਤ ਇਹ ਹੈ ਕਿ ਸਾਰੇ ਧਰਮ ਵਿਚਾਰ ਪੇਸ਼ ਕਰਨ ਦੀ ਆਜ਼ਾਦੀ ਨੂੰ ਸਨਮਾਨ ਦਿੰਦੇ ਹਨ। ਬੋਲਣ ਦੀ ਆਜ਼ਾਦੀ ਹਰ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਇਹ ਹੱਕ ਸਾਡੇ ਦੇਸ਼ ਦੇ ਸੰਵਿਧਾਨ ਦੀ ਧਾਰਾ 19 (1) (ਏ) ਜਾਤ-ਪਾਤ, ਰੰਗ, ਨਸਲ, ਧਰਮ ਅਤੇ ਲਿੰਗ ਦੇ ਭੇਦ-ਭਾਵ ਤੋਂ ਉਪਰ ਉੱਠ ਕੇ ਸਭ ਨੂੰ ਬਰਾਬਰ ਪ੍ਰਦਾਨ ਕਰਦੀ ਹੈ। ਪਰ ਅਜੋਕੇ ਅਤਿ-ਆਧੁਨਿਕ ਯੁੱਗ ਵਿਚ ਨਵ-ਪੂੰਜੀਵਾਦ ਦੇ ਪਸਾਰ ਅਤੇ ਤੇਜ਼ੀ ਨਾਲ ਵਧ ਰਹੀ ਬਾਜ਼ਾਰੀਕਰਨ ਦੀ ਪ੍ਰਕਿਰਿਆ ਨੇ ਮਾਨਵੀ ਸਰੋਕਾਰਾਂ ਨੂੰ ਮੁੱਢੋਂ ਹੀ ਬਦਲ ਦਿੱਤਾ ਹੈ। ਮਨੁੱਖ ਦਾ ਮਨੁੱਖ ਨਾਲੋਂ ਰਿਸ਼ਤਾ ਖ਼ਤਮ ਹੋ ਰਿਹਾ ਹੈ। ਪਣਪ ਰਹੇ ਨਵੇਂ ਰਿਸ਼ਤਿਆਂ ਦਾ ਆਧਾਰ ਸਿਰਫ਼ ਪੈਸਾ, ਸੁਆਰਥ ਅਤੇ ਥੋੜ੍ਹੇ ਸਮੇਂ ਵਿਚ ਜ਼ਿਆਦਾ ਕਾਮਯਾਬੀ ਪ੍ਰਾਪਤ ਕਰਨ ਲਈ ਇਕ ਦੂਜੇ ਨੂੰ ਵਰਤਣਾ ਹੈ। ਜਦੋਂ ਸਮਾਜ ਵਿਚ ਹਰ ਪਾਸੇ ਪੈਸਾ ਪ੍ਰਧਾਨ ਹੈ ਅਤੇ ਜ਼ਿਆਦਾਤਰ ਲੋਕ ਪੂੰਜੀ ਦੀ ਗ੍ਰਿਫ਼ਤ ਵਿਚ ਹਨ ਤਾਂ ਸਮਾਜ ਵਿਚ ਗ਼ੈਰ-ਸਮਾਜੀ ਵਰਤਾਰਾ ਫੈਲਣਾ ਸੁਭਾਵਿਕ ਹੈ। ਸਿੱਟੇ ਵਜੋਂ ਸਮਾਜ ਵਿਚ ਸਾਡੇ ਸਾਹਮਣੇ ਵਾਪਰਦੀਆਂ ਦੁਖਦਾਈ ਘਟਨਾਵਾਂ ਨਾਲ ਅਸੀਂ ਕੋਈ ਸਰੋਕਾਰ ਰੱਖਣਾ ਪਸੰਦ ਨਹੀਂ ਕਰਦੇ। ਜਦੋਂ ਕਿਸੇ ਕੌਮ ਦੇ ਸੰਘਰਸ਼, ਸ਼ਾਨਾਮੱਤੇ ਕਾਰਨਾਮੇ ਅਤੇ ਪ੍ਰਾਪਤੀਆਂ ਪ੍ਰਤੀ ਉਸ ਕੌਮ ਦੇ ਲੋਕ ਸੰਵੇਦਨਸ਼ੀਲ ਨਾ ਰਹਿਣ ਤਾਂ ਇਹ ਵਤੀਰਾ ਸਮਾਜ ਲਈ ਅਤਿ ਘਾਤਕ ਹੁੰਦਾ ਹੈ। ਸਮਾਜ ਵਿਚ ਜੋ ਗ਼ਲਤ ਵਾਪਰ ਰਿਹਾ ਹੁੰਦਾ ਹੈ, ਅਸੀਂ ਉਸ ਨੂੰ ਵੇਖਦੇ ਅਤੇ ਗ਼ਲਤ ਸਮਝਦੇ ਹੋਏ ਵੀ ਉਸ ਖ਼ਿਲਾਫ਼ ਆਵਾਜ਼ ਨਹੀਂ ਉਠਾਉਂਦੇ। ਧਨਾਢ ਲੋਕ ਪੈਸੇ ਦੇ ਸਿਰ 'ਤੇ ਕਾਨੂੰਨ ਤੋਂ ਬੇਪ੍ਰਵਾਹ ਹੋ ਕੇ ਸਮਾਜ ਨੂੰ ਜਿਵੇਂ ਚਾਹੇ ਵਰਤਣ ਅਤੇ ਚਲਾਉਣ, ਪਰ ਅਸੀਂ ਚੁੱਪ ਰਹਿਣ ਦੀ ਕੋਸ਼ਿਸ਼ ਕਰਦੇ ਹਾਂ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਸਦਾਚਾਰਕ ਕੀਮਤਾਂ, ਪਿਆਰ, ਪਵਿੱਤਰਤਾ, ਸੱਚ, ਵਫ਼ਾਦਾਰੀ, ਸਹਿਜ ਅਤੇ ਹਮਦਰਦੀ ਆਦਿ ਦਾ ਘਾਣ ਹੁੰਦਾ ਵੇਖਦੇ ਹਾਂ, ਪਰ ਮੂੰਹ ਬੰਦ ਰੱਖ ਕੇ ਸਮਾਜ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਮੂੰਹ ਫੇਰ ਲੈਂਦੇ ਹਾਂ ਜੋ ਇਕ ਚੇਤੰਨ ਅਤੇ ਜਾਗ੍ਰਰੂਕ ਨਾਗਰਿਕ ਲਈ ਸ਼ਰਮਨਾਕ ਹੈ। ਅਪਰਾਧ, ਅਨਿਆਂ ਅਤੇ ਜ਼ੁਲਮ ਜਦੋਂ ਸਾਫ਼-ਸੁਥਰੇ ਸਮਾਜ ਨੂੰ ਗੰਧਾਲਣ ਦਾ ਯਤਨ ਕਰਨ ਤਾਂ ਹਰ ਵਿਅਕਤੀ ਨੂੰ ਆਵਾਜ਼ ਉਠਾਉਣ ਦਾ ਅਧਿਕਾਰ ਹੈ। ਜੇਕਰ ਸਮਾਜ ਦੀ ਬਿਹਤਰੀ ਲਈ ਇਸ ਅਧਿਕਾਰ ਦੀ ਵਰਤੋਂ ਨਹੀਂ ਕੀਤੀ ਜਾਂਦੀ ਤਾਂ ਇਹ ਸਭ ਗ਼ੁਲਾਮੀ ਲਈ ਧਰਾਤਲ ਤਿਆਰ ਕਰਦਾ ਹੈ। ਕਾਬਿਲੇ-ਗੌਰ ਹੈ ਕਿ ਰਗਾਂ ਵਿਚ ਲਹੂ ਹਰ ਜੀਵ ਦੇ ਦੌੜਦਾ ਹੈ, ਪਰ ਮਹਾਨ ਸਿਰਫ਼ ਉਹੀ ਲਹੂ ਹੁੰਦਾ ਹੈ ਜੋ ਹੱਕ, ਸੱਚ ਅਤੇ ਇਨਸਾਨੀਅਤ ਦਾ ਇਕਬਾਲ ਬੁਲੰਦ ਕਰਨ ਲਈ ਰੋਹ ਭਰੀਆਂ ਅੱਖਾਂ ਵਿਚੋਂ ਛਲਕਦਾ ਹੈ। ਜੇਕਰ ਸਾਡਾ ਧਰਮ ਅਤੇ ਸੰਵਿਧਾਨ ਸਾਨੂੰ ਬੋਲਣ ਦੀ ਆਜ਼ਾਦੀ ਦਿੰਦੇ ਹਨ ਅਤੇ ਇਸ ਦੇ ਬਾਵਜੂਦ ਅਸੀਂ ਅਸੁਖਾਵੇਂ ਸਮਾਜਿਕ ਸਰੋਕਾਰਾਂ ਖ਼ਿਲਾਫ਼ ਬੋਲਣ ਦਾ ਹੀਆ ਨਹੀਂ ਕਰਦੇ ਤਾਂ ਇਹ ਸਾਡੀ ਆਜ਼ਾਦ ਜ਼ਹਿਨੀਅਤ ਦੇ ਮੂੰਹ 'ਤੇ ਜ਼ਬਰਦਸਤ ਚਪੇੜ ਹੋਣ ਦੇ ਨਾਲ ਨਾਲ ਸਮਾਜਿਕ ਨਿਘਾਰ ਦੀ ਪਹਿਲੀ ਪੌੜੀ ਹੈ। ਸਾਡਾ ਦੇਸ਼ ਜਮਹੂਰੀ ਮੁਲਕ ਹੈ ਜਿਸ ਵਿਚ ਸਾਰੇ ਰਾਜਸੀ, ਆਰਥਿਕ ਅਤੇ ਸਮਾਜਿਕ ਤਾਣੇ-ਬਾਣੇ ਦਾ ਕੇਂਦਰ ਮਨੁੱਖ ਹੈ। ਲੇਕਿਨ ਬਸਤੀਵਾਦ ਦੇ ਪੁਨਰ ਜਨਮ ਨੇ ਮਨੁੱਖ ਨੂੰ ਮੰਡੀ ਦੀ ਵਸਤੂ ਬਣਾ ਕੇ ਬਿਮਾਰ ਮਾਨਸਿਕਤਾ ਅਤੇ ਛਲ-ਕਪਟ ਦੀ ਅਲਾਮਤ ਉਸ ਦੀ ਝੋਲੀ ਵਿਚ ਪਾ ਦਿੱਤੀ ਹੈ। ਮਾਨਵੀ ਬਿਰਤੀ ਬਦਲਣ ਨਾਲ ਮਨੁੱਖ ਦੇ ਸਮਾਜ ਪ੍ਰਤੀ ਅਹਿਸਾਸ ਅਤੇ ਜ਼ਿੰਮੇਵਾਰੀਆਂ ਵੀ ਬਦਲ ਗਈਆਂ। ਨਤੀਜੇ ਵਜੋਂ ਸਮਾਜ ਭ੍ਰਿਸ਼ਟਾਚਾਰ, ਚੋਰ-ਬਾਜ਼ਾਰੀ ਅਤੇ ਹੋਰ ਸਮਾਜਿਕ ਦੁਸ਼ਵਾਰੀਆਂ ਦਾ ਘਰ ਬਣਦਾ ਜਾ ਰਿਹਾ ਹੈ। ਇਹ ਸਮਾਜਿਕ ਗਿਰਾਵਟ ਸਾਹਮਣੇ ਦੇਖ ਕੇ ਵੀ ਅਸੀਂ ਬੋਲਣ ਤੋਂ ਘਬਰਾ ਜਾਂਦੇ ਹਾਂ। ਜਮਹੂਰੀ ਢੰਗ ਨਾਲ ਸਰਕਾਰ ਬਣਾ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਜਾਂਦੇ। ਜਮਹੂਰੀਅਤ ਦੀ ਰੱਖਿਆ ਲਈ ਹਮੇਸ਼ਾ ਹਰੇਕ ਵਿਅਕਤੀ ਵਿਸ਼ੇਸ਼ ਦਾ ਯੋਗਦਾਨ ਲੋੜੀਂਦਾ ਹੈ। ਅਜੋਕੀ ਮਕਾਨਕੀ ਜ਼ਿੰਦਗੀ ਵਿਚ ਖ਼ੁਦ ਨੂੰ ਸਥਾਪਿਤ ਕਰਨ ਦੇ ਫ਼ਿਕਰ ਅਤੇ ਸਰੋਕਾਰ ਜਾਇਜ਼ ਹਨ। ਆਪਣੇ ਵਰਤਮਾਨ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਦੇ ਹੋਏ ਭਵਿੱਖ ਬਾਰੇ ਸਜੱਗ ਅਤੇ ਚੇਤੰਨ ਹੋਣਾ ਗ਼ਲਤ ਨਹੀਂ, ਪਰ ਨਾਲ ਹੀ ਸਮਾਜ ਵਿਚ ਵਾਪਰ ਰਹੇ ਗ਼ਲਤ ਵਰਤਾਰਿਆਂ ਨੂੰ ਦੇਖ ਕੇ ਅਣਡਿੱਠ ਕਰਨਾ ਆਪਣੀ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਕੁਤਾਹੀ ਹੈ। ਜੇਕਰ ਸਮਾਜਿਕ ਵਰਤਾਰੇ ਵਿਚ ਹੋ ਰਹੇ ਦੁਰਾਚਾਰ ਨੂੰ ਗ਼ਲਤ ਕਹਿਣ ਦੀ ਹਿੰਮਤ ਨਹੀਂ ਕਰ ਸਕਦੇ ਤਾਂ ਪ੍ਰਦੂਸ਼ਿਤ ਮਾਨਸਿਕਤਾ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਨਹੀਂ ਹੋ ਸਕਦੀ। ਲੋਕ ਸਿਆਣਪਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਸੱਚ ਬੋਲਣ ਅਤੇ ਸੱਚ ਨਾਲ ਖੜ੍ਹਨ ਤੋਂ ਵੱਡੀ ਕੋਈ ਸਾਕਾਰਾਤਮਕ ਸੋਚ ਨਹੀਂ ਹੋ ਸਕਦੀ। ਪਰ ਸਮਕਾਲ ਵਿਚ ਸਥਿਤੀ ਦੀ ਸਮੀਖਿਆ ਤੋਂ ਸਹਿਜੇ ਹੀ ਅੰਦਾਜ਼ਾ ਲੱਗਦਾ ਹੈ ਕਿ ਬਹੁਗਿਣਤੀ ਲੋਕਾਂ ਦਾ ਰਿਜ਼ਕ ਹੀ ਅੱਧੇ ਸੱਚ ਦੇ ਸਹਾਰੇ ਚਲਦਾ ਹੈ। ਕਾਬਿਲੇ-ਗੌਰ ਹੈ ਕਿ ਅੱਧਾ ਸੱਚ ਪੂਰੇ ਝੂਠ ਨਾਲੋਂ ਵੱਧ ਖ਼ਤਰਨਾਕ ਹੁੰਦਾ ਹੈ। ਇਸ ਸਭ ਕੁਝ ਨੇ ਮਨੁੱਖੀ ਚਰਿੱਤਰ ਵਿਚ ਅਜਿਹੀ ਗਿਰਾਵਟ ਲਿਆਂਦੀ ਹੈ ਕਿ ਉਸ ਲਈ ਰਿਸ਼ਤਿਆਂ ਦੇ ਸਮੀਕਰਣ ਹੀ ਬਦਲ ਗਏ ਹਨ। ਹਰ ਰਿਸ਼ਤੇ ਨੂੰ ਅਸੀਂ ਮੌਕਾਪ੍ਰਸਤੀ ਅਤੇ ਮਤਲਬ ਦੇ ਤਰਾਜ਼ੂ ਵਿਚ ਤੋਲਣ ਲੱਗ ਪਏ ਹਾਂ। ਬਾਜ਼ਾਰੀਕਰਨ ਦੇ ਮੱਕੜਜਾਲ ਵਿਚ ਉਲਝੀ ਮਾਨਸਿਕਤਾ ਨੇ ਸਿਰਫ਼ ਖੌਫ਼ ਦਾ ਅਹਿਸਾਸ ਹੀ ਦਿੱਤਾ ਹੈ। ਇਹੀ ਖੌਫ਼ ਬੋਲਣ ਦੀ ਆਜ਼ਾਦੀ ਵਿਚ ਸਭ ਤੋਂ ਵੱਡਾ ਅੜਿੱਕਾ ਹੈ। ਮੰਡੀ ਦਾ ਮੁੱਖ ਮਨੋਰਥ ਹੀ ਮਨੁੱਖ ਨੂੰ ਸ਼ਬਦਹੀਣ ਜਾਂ ਸ਼ਬਦਾਂ ਤੋਂ ਦੂਰ ਕਰਨਾ ਹੈ। ਡਰ ਦੇ ਅਹਿਸਾਸ ਵਿਚ ਅਸੀਂ ਕਸ਼ਟ ਸਹਿ ਲੈਂਦੇ ਹਾਂ, ਪਰ ਚੁੱਪ ਰਹਿੰਦੇ ਹਾਂ। ਇਹੀ ਚੁੱਪ ਮਨੁੱਖ ਅੰਦਰੋਂ ਉਸ ਦੀ ਹਸਤੀ ਖਾਰਿਜ ਕਰ ਰਹੀ ਹੈ। ਅਸੀਂ ਜ਼ਿੰਦਗੀ ਵਿਚ ਥੋੜ੍ਹ-ਚਿਰੇ ਰਸਾਂ ਨੂੰ ਮਾਣਨ ਲਈ ਆਪਣਾ ਮਾਨ-ਸਨਮਾਨ ਅਤੇ ਬੁਨਿਆਦੀ ਹੱਕ ਦਾਅ 'ਤੇ ਲਾ ਦਿੰਦੇ ਹਾਂ, ਪਰ ਆਪਣੇ ਨਿੱਜੀ ਅਤੇ ਹੀਣੇ ਸੁਆਰਥਾਂ ਨਾਲ ਸਮਝੌਤਾ ਨਾ ਕਰਦੇ ਹੋਏ ਇਨ੍ਹਾਂ ਦਾ ਪੱਲਾ ਨਹੀਂ ਛੱਡਦੇ। ਅਣਜਾਣੇ ਵਿਚ ਹੀ ਸਹਿਜ ਆਨੰਦ ਤੋਂ ਦੂਰ ਹੋ ਕੇ ਅਸੀਂ ਅਜਿਹੀ ਪ੍ਰਵਿਰਤੀ ਦਾ ਪਾਲਣ ਕਰ ਰਹੇ ਹਾਂ ਜੋ ਇਨਸਾਨੀਅਤ ਨੂੰ ਹੈਵਾਨੀਅਤ ਅਤੇ ਦਹਿਸ਼ਤ ਵੱਲ ਲਿਜਾ ਰਹੀ ਹੈ। ਅਸੀਂ ਕਿਸੇ ਲਈ ਤਾਂ ਕੀ, ਖ਼ੁਦ ਨਾਲ ਹੁੰਦੀ ਧੱਕੇਸ਼ਾਹੀ ਖ਼ਿਲਾਫ਼ ਆਵਾਜ਼ ਉਠਾਉਣ ਤੋਂ ਵੀ ਕੰਨੀ ਕਤਰਾਉਂਦੇ ਹਾਂ। ਜੇਕਰ ਵਧੇਰੇ ਲੋਕ ਅੱਜ-ਕੱਲ੍ਹ ਆਪਣੀ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਦੀ ਵਰਤੋਂ ਨਹੀਂ ਕਰਦੇ ਤਾਂ ਇਸ ਵਿਚ ਸਾਡੀ ਸਿੱਖਿਆ ਪ੍ਰਣਾਲੀ ਦਾ ਦੋਸ਼ ਵੀ ਹੈ। ਸਕੂਲ ਭਾਸ਼ਾ ਦੀ ਜਾਣਕਾਰੀ ਅਤੇ ਬੋਲਚਾਲ ਸਿਖਾਉਂਦੇ ਹਨ ਅਤੇ ਕਾਲਜ ਤੇ ਯੂਨੀਵਰਸਿਟੀਆਂ ਸੰਵਾਦ ਨੂੰ ਪਰਪੱਕ ਕਰਦੀਆਂ ਹਨ, ਪਰ ਮੌਜੂਦਾ ਸਿੱਖਿਆ ਪ੍ਰਬੰਧ ਵਿਚ ਸੰਵਾਦ ਨਾਲੋਂ ਸਿਲੇਬਸ ਭਾਰੂ ਹੈ। ਪੜ੍ਹਣ-ਪੜ੍ਹਾਉਣ ਦੇ ਚੱਕਰ ਵਿਚ ਵਧੇਰੇ ਵਿਦਿਆਰਥੀ ਆਪਣੇ ਮੌਲਿਕ ਵਿਚਾਰਾਂ ਨੂੰ ਪ੍ਰਗਟ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਨੈਨੋਟੈਕਨੋਲੋਜੀ ਦੇ ਯੁੱਗ ਵਿਚ ਭਾਸ਼ਾ ਦਾ ਸਰੂਪ ਬਦਲ ਰਿਹਾ ਹੈ। ਸੰਵਾਦ ਲਈ ਸਿਆਣਪ, ਸੁਣਨ ਅਤੇ ਅਧਿਐਨ ਦੀ ਲੋੜ ਹੁੰਦੀ ਹੈ। ਇਹ ਸਭ ਪ੍ਰਦਾਨ ਕਰਨ ਦਾ ਸਭ ਤੋਂ ਉੱਤਮ ਮਾਧਿਅਮ ਸਿੱਖਿਆ ਹੀ ਹੈ। ਇਸ ਲਈ ਸੰਵਾਦ ਦੇ ਮੱਦੇਨਜ਼ਰ ਸਿੱਖਿਆ ਪ੍ਰਣਾਲੀ ਵਿਚ ਲੋੜੀਂਦੇ ਬਦਲਾਅ ਕਰਨੇ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ। ਸ਼ਬਦ ਮਨੁੱਖ ਅੰਦਰ ਮਨੁੱਖਤਾ ਜਗਾਉਣ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਇਨਕਲਾਬੀ ਵਿਚਾਰਧਾਰਾ ਨਾਲ ਨਾ ਸਿਰਫ਼ ਜ਼ੁਲਮ ਦੇ ਤਾਂਡਵ ਨੂੰ ਠੱਲ੍ਹ ਪਾਈ ਸਗੋਂ ਸਮੇਂ ਦੇ ਜ਼ਾਲਮ ਹਾਕਮਾਂ ਨੂੰ ਸਿੱਧੇ ਰਾਹ ਵੀ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀ ਕੌਮ ਨੂੰ ਸ਼ਬਦ ਗੁਰੂ ਦੇ ਲੜ ਲਗਾ ਕੇ ਸ਼ਬਦ ਸ਼ਕਤੀ ਦੀ ਅਹਿਮੀਅਤ ਨੂੰ ਹੋਰ ਪ੍ਰਚੰਡਤਾ ਅਤੇ ਪਾਕੀਜ਼ਗੀ ਬਖ਼ਸ਼ੀ। ਆਵਾਜ਼ ਮਨੁੱਖਤਾ ਦਾ ਸਾਂਝਾ ਹੁੰਗਾਰਾ ਹੈ। ਆਪਣੀ ਸਰਬਸਾਂਝੀ ਹੋਂਦ ਨੂੰ ਖ਼ੁਸ਼ਹਾਲ ਅਤੇ ਸੁਰੱਖਿਅਤ ਰੱਖਣ ਲਈ ਲਬ ਖੋਲ੍ਹਣੇ ਪੈਣਗੇ ਅਤੇ ਚੁੱਪ ਤੋੜਣੀ ਪਵੇਗੀ।

# ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਆਉਣ ਨਾਲ ਕੈਨੇਡਾ ਦੀ ਆਰਥਿਕਤਾ ਹੋਈ ਮਜ਼ਬੂਤ

## ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗ੍ਰੇਜੁਏਸ਼ਨ ਦਰ 89% ਅਤੇ ਕੈਨੇਡੀਅਨ ਵਿਦਿਆਰਥੀਆਂ ਦੀ ਸਿਰਫ਼ 69%

ਔਟਵਾ : ਬੀਤੇ ਦਿਨੀਂ ਕੈਨੇਡਾ ਦੇ ਇੱਕ ਪ੍ਰਸਿੱਧ ਮੀਡੀਆ ਵਲੋਂ ਰਿਪੋਰਟ ਪੇਸ਼ ਕੀਤੀ ਗਈ ਜਿਸ 'ਚ ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਨਾਲ ਕੈਨੇਡਾ ਨੂੰ ਹੋਣ ਵਾਲੇ ਚੋਖੇ ਮੁਨਾਫੇ ਬਾਰੇ ਦੱਸਿਆ ਗਿਆ। ਇਹ ਰਿਪੋਰਟ ਸਿਰਫ਼ ਓਂਟਾਰੀਓ ਸੂਬੇ ਦੇ ਕਾਲਜਾਂ ਤੇ ਉਹਨਾਂ ਚ ਪੜ੍ਹਦੇ ਇੰਟਰਨੈਸ਼ਨਲ ਸਟੂਡੈਂਟਸ ਬਾਰੇ ਛਪੀ ਜਿਸ 'ਚ ਖੁਲਾਸਾ ਕੀਤਾ ਗਿਆ ਕਿ ਸਿਰਫ਼ 2018 'ਚ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਦੀ ਇਕੋਨੋਮੀ 'ਚ 21.4 ਬਿਲੀਅਨ ਡਾਲਰ ਲੈਕੇ ਆਏ ਅਤੇ ਟੋਰਾਂਟੋ ਸਥਿੱਤ ਸੈਨਟੇਨੀਅਲ ਕਾਲਜ ਨੇ ਸਭ ਤੋਂ ਵੱਧ 210 ਮਿਲੀਅਨ ਡਾਲਰ ਇਕੱਠੇ ਕੀਤੇ ਤੇ ਲਗਭਗ 59 ਮਿਲੀਅਨ ਡਾਲਰ ਦਾ ਬੱਜਟ ਸਰਪਲੱਸ ਰਿਹਾ ਸਾਲ ਅੰਤ ਤੇ, ਜਿਸਦੇ ਵਿੱਚੋਂ ਹੀ ਕਾਲਜ ਨੇ 33 ਮਿਲੀਅਨ ਡਾਲਰ ਦਾ ਫ਼ੰਡ ਸਕੌਲਰਸ਼ਿਪ ਤੇ ਗ੍ਰਾਂਟਾ ਦੇਣ ਲਈ ਬਣਾਇਆ।

ਓਂਟਾਰੀਓ ਸੂਬੇ ਦੇ ਪਬਲਿਕ ਕਾਲਜਾਂ ਦੀ ਐਸੋਸੀਏਸ਼ਨ ਕਾਲਜਿਜ਼ ਓਂਟਾਰੀਓ ਦੇ ਹਵਾਲੇ ਦੱਸਿਆ ਗਿਆ ਕਿ ਸਰਕਾਰੀ ਫੰਡਿੰਗ ਦੀ ਘਾਟ ਕਾਰਨ ਕਾਲਜ ਬੁਰੇ ਹਲਾਤਾਂ 'ਚ ਸਨ ਪਰ ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਆਇਆ ਪੈਸਾ ਕੈਨੇਡੀਅਨ ਬੱਚਿਆਂ ਲਈ ਨਵੀਆਂ ਸਹੂਲਤਾਂ, ਨਵੇਂ ਕੈਂਪਸ ਤੇ ਉਨ੍ਹਾਂ ਦੀ ਪੜ੍ਹਾਈ ਲਈ ਵੀ ਵਰਤਿਆ ਜਾ ਰਿਹਾ ਹੈ। ਕਿਚਨਰ ਵਾਲੇ ਕੋਨੇਸਟੋਗਾ ਕਾਲਜ ਦੇ ਪ੍ਰਧਾਨ ਦਾ ਕਹਿਣਾ ਕਿ ਜੇ ਅੰਤਰਰਾਸ਼ਟਰੀ ਵਿਦਿਆਰਥੀ ਨਾ ਹੁੰਦੇ ਤਾਂ ਸਾਨੂੰ ਬਹੁਤ ਕੋਰਸ ਬੰਦ ਕਰਨੇ ਪੈਂਦੇ ਤੇ ਅਧਿਆਪਕ ਵੀ ਕੱਢਣੇ ਪੈਂਦੇ ਪਰ ਹੁਣ ਉਹਨਾਂ ਨੇ 90 ਨਵੀਆਂ ਭਰਤੀਆਂ ਦੇ ਨਾਲ ਨਾਲ 54 ਮਿਲੀਅਨ ਡਾਲਰ ਦਾ ਕੈਂਪਸ ਵੀ ਨਵਾਂ ਬਣਾਇਆ ਹੈ। 2018 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗ੍ਰੇਜੁਏਸ਼ਨ (ਪਾਸ ਹੋਣ ਦੀ) ਦਰ 89% ਰਹੀ ਜਦਕਿ ਕੈਨੇਡੀਅਨ ਵਿਦਿਆਰਥੀਆਂ ਦੀ ਸਿਰਫ਼ 69% ਦਰਜ ਕੀਤੀ ਗਈ।

ਉਧਰ ਜੇਕਰ ਪੰਜਾਬ ਤੋਂ ਆ ਰਹੇ ਵਿਦਿਆਰਥੀਆਂ ਦੀ ਗੱਲ ਕਰੀਏ ਤਾਂ ਸਟੱਡੀ ਵੀਜ਼ੇ ਦੇ ਜਦੋਂ ਤੋਂ ਬੰਨ੍ਹ ਖੁੱਲ੍ਹੇ ਹਨ, ਉਦੋਂ ਤੋਂ ਪੰਜਾਬ ਦੇ ਪਿੰਡਾਂ ਦੇ ਮੁੰਡੇ-ਕੁੜੀਆਂ ਵਿਦੇਸ਼ ਦੇ ਸੁਪਨੇ ਵੇਖਣ ਲੱਗੇ ਹਨ। ਤਾਜ਼ਾ ਰਿਪੋਰਟਾਂ ਅਨੁਸਾਰ ਪਾਸਪੋਰਟ ਬਣਾਉਣ 'ਚ ਪੰਜਾਬੀ ਹੁਣ ਭਾਰਤ ਵਿਚੋਂ ਪਹਿਲੇ ਨੰਬਰ 'ਤੇ ਹਨ। ਪੰਜਾਬ ਜਨਵਰੀ 2017 ਤੋਂ ਪਾਸਪੋਰਟਾਂ ਦੀਆਂ ਪੰਡਾਂ ਬੰਨ੍ਹਣ ਲੱਗਾ ਹੈ। ਨਾਲੋਂ ਨਾਲ ਕਿਸਾਨੀ ਕਰਜ਼ੇ ਦੀ ਪੰਡ ਵੀ ਬੋਝਲ ਹੋਣ ਲੱਗੀ ਹੈ। ਇਕੱਲੇ ਪਾਸਪੋਰਟਾਂ ਦੇ ਖਰਚ ਦੀ ਗੱਲ ਕਰੀਏ ਤਾਂ ਪੰਜਾਬੀਆਂ ਨੇ ਪਹਿਲੀ ਜਨਵਰੀ 2014 ਤੋਂ ਅਗਸਤ 2019 ਤੱਕ (ਪੌਣੇ ਛੇ ਵਰ੍ਹਿਆਂ) ਤੱਕ ਕਰੀਬ 914.45 ਕਰੋੜ ਰੁਪਏ ਖਰਚੇ ਹਨ।

ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਦੇਸ਼ ਭਰ 'ਚ ਪਹਿਲੀ ਜਨਵਰੀ 2014 ਤੋਂ ਅਗਸਤ 2019 ਤੱਕ 5.81 ਕਰੋੜ ਪਾਸਪੋਰਟ ਜਾਰੀ ਕੀਤੇ ਗਏ ਹਨ। ਪੰਜਾਬ ਵਿਚ ਇਸੇ ਸਮੇਂ ਦੌਰਾਨ (ਪੌਣੇ ਛੇ ਵਰ੍ਹਿਆਂ) 45.72 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ ਲੰਘੇ ਢਾਈ ਸਾਲਾਂ (1 ਜਨਵਰੀ 2017 ਤੋਂ ਅਗਸਤ 2019 ਤੱਕ) ਪੰਜਾਬ ਵਿਚ 26.99 ਲੱਖ ਪਾਸਪੋਰਟ ਬਣੇ ਹਨ। ਵੱਡੀ ਗਿਣਤੀ ਸਟੱਡੀ ਵੀਜ਼ੇ ਵਾਲੇ ਵਿਦਿਆਰਥੀਆਂ ਦੀ ਹੈ ਅਤੇ ਉਨ੍ਹਾਂ ਦੇ ਮਾਪਿਆਂ ਦੀ ਹੈ। ਢਾਈ ਵਰ੍ਹਿਆਂ ਦੀ ਔਸਤਨ ਦੇਖੀਏ ਤਾਂ ਪੰਜਾਬ ਵਿਚ ਰੋਜ਼ਾਨਾ ਕਰੀਬ 2800 ਪਾਸਪੋਰਟ ਬਣ ਰਹੇ ਹਨ। ਹਰ ਵਰ੍ਹੇ ਪਾਸਪੋਰਟਾਂ ਦਾ ਰਿਕਾਰਡ ਟੁੱਟ ਰਿਹਾ ਹੈ। ਕਿੰਨੇ ਪਾਸਪੋਰਟਾਂ 'ਤੇ ਵੀਜ਼ੇ ਦਾ ਠੱਪਾ ਲੱਗਦਾ ਹੈ, ਇਹ ਵੱਖਰੀ ਗੱਲ ਹੈ। ਤੱਥਾਂ ਅਨੁਸਾਰ ਪੰਜਾਬ 'ਚ ਸਾਲ 2017 ਵਿਚ 9.73 ਲੱਖ ਪਾਸਪੋਰਟ ਜਾਰੀ ਹੋਏ ਜਦੋਂ ਕਿ ਸਾਲ 2018 ਵਿਚ ਇਹ ਗਿਣਤੀ ਵਧ ਕੇ 10.69 ਲੱਖ ਹੋ ਗਈ। ਚਾਲੂ ਸਾਲ ਦੇ ਅੱਠ ਮਹੀਨਿਆਂ ਵਿਚ 6.55 ਲੱਖ ਪਾਸਪੋਰਟ ਬਣੇ ਹਨ। ਪਿਛਾਂਹ ਨਜ਼ਰ ਮਾਰੀਏ ਤਾਂ ਸਾਲ 2014 ਵਿਚ 5.48 ਲੱਖ, ਸਾਲ 2015 ਵਿਚ 6.65 ਲੱਖ ਅਤੇ ਸਾਲ 2016 ਵਿਚ 6.59 ਲੱਖ ਪਾਸਪੋਰਟ ਬਣੇ ਹਨ। ਪਾਸਪੋਰਟਾਂ ਦਾ ਇਹ ਰੁਝਾਨ ਪੰਜਾਬ ਦੇ ਭਵਿੱਖ ਨੂੰ ਤਸਦੀਕ ਕਰਦਾ ਹੈ ਅਤੇ ਪਰਵਾਸ ਦੇ ਨਾਗ ਵਲ ਨੂੰ ਵੀ। ਲੰਘੇ ਢਾਈ ਸਾਲਾਂ 'ਚ ਦੇਸ਼ ਭਰ ਵਿਚ ਤਿੰਨ ਕਰੋੜ ਪਾਸਪੋਰਟ ਬਣੇ ਹਨ ਜਿਸ ਦਾ ਕਰੀਬ 9 ਫੀਸਦੀ ਇਕੱਲੇ ਪੰਜਾਬ 'ਚ ਬਣੇ ਪਾਸਪੋਰਟਾਂ ਦਾ ਹੈ। ਬਾਕੀ ਸੂਬਿਆਂ ਦਾ ਰੁਝਾਨ ਦੇਖੀਏ ਤਾਂ ਦੇਸ਼ 'ਚੋਂ ਪਹਿਲਾ ਨੰਬਰ ਮਹਾਰਾਸ਼ਟਰ ਦਾ ਹੈ, ਜਿਥੇ ਪੌਣੇ ਛੇ ਸਾਲਾਂ ਵਿਚ 68.38 ਲੱਖ ਪਾਸਪੋਰਟ ਬਣੇ ਹਨ ਅਤੇ ਕੇਰਲ 64.52 ਲੱਖ ਪਾਸਪੋਰਟਾਂ ਨਾਲ ਦੂਜੇ ਨੰਬਰ ਉਤੇ ਹੈ। ਤੀਜੇ ਨੰਬਰ ਵਾਲੇ ਤਾਮਿਲਨਾਡੂ ਵਿਚ 57.70 ਲੱਖ ਤੇ ਚੌਥੇ ਨੰਬਰ 'ਤੇ ਉੱਤਰ ਪ੍ਰਦੇਸ਼ ਹੈ, ਜਿਥੇ 56.69 ਲੱਖ ਪਾਸਪੋਰਟ ਬਣੇ ਹਨ। ਉੱਤਰੀ ਭਾਰਤ 'ਚੋਂ ਪੰਜਾਬ ਨੇ ਇਸ ਫਰੰਟ ਉਤੇ ਬੱਲੇ ਬੱਲੇ ਕਰਾਈ ਹੈ। ਹਰਿਆਣਾ ਵਿਚ ਪੌਣੇ ਛੇ ਸਾਲਾਂ 'ਚ 17.86 ਲੱਖ ਅਤੇ ਰਾਜਸਥਾਨ ਵਿਚ 18.42 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ ਹਿਮਾਚਲ ਪ੍ਰਦੇਸ਼ ਵਿਚ 2.79 ਲੱਖ ਪਾਸਪੋਰਟ ਜਾਰੀ ਹੋਏ ਹਨ। ਦਿੱਲੀ ਵਿਚ 24.46 ਲੱਖ ਅਤੇ ਚੰਡੀਗੜ੍ਹ ਵਿਚ 1.74 ਲੱਖ ਪਾਸਪੋਰਟ ਬਣੇ ਹਨ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801

Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਦਿੱਲੀ ਗੁਰਦੁਆਰਾ ਕਮੇਟੀ ਸ੍ਰੀ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ ਸਜਾਉਣ ਲਈ ਪੂਰੀ ਤਰ੍ਹਾਂ ਤਿਆਰ

## ਸਾਡੇ ਕੋਲ ਲੋੜੀਂਦੀਆਂ ਸਾਰੀਆਂ ਪ੍ਰਵਾਨਗੀਆਂ ਮੌਜੂਦ : ਕਾਲਕਾ



ਨਵੀਂ ਦਿੱਲੀ- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 13 ਅਕਤੂਬਰ ਨੂੰ ਦਿੱਲੀ ਤੋਂ ਸ੍ਰੀ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ ਸਜਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਇਸ ਕੋਲ ਨਗਰ ਕੀਰਤਨ ਵਾਸਤੇ ਲੋੜੀਂਦੀਆਂ ਸਾਰੀਆਂ ਪ੍ਰਵਾਨਗੀਆਂ ਮੌਜੂਦ ਹਨ । ਇਹ ਪ੍ਰਗਟਾਵਾ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਨੇ ਕੀਤਾ ਹੈ। ਇਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਕਾਲਕਾ ਨੇ ਕਿਹਾ ਕਿ ਜਦੋਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੀ ਵੱਲੋਂ ਸਿਰਫ ਇੱਕ ਹੀ ਨਗਰ ਕੀਰਤਨ ਸਜਾਉਣ ਦਾ ਹੁਕਮ ਹੋਇਆ ਹੈ, ਉਸ ਦਿਨ ਤੋਂ ਕੁਝ ਅਨਸਰ ਕੂੜ ਪ੍ਰਚਾਰ 'ਤੇ ਉਤਰ ਆਏ ਹਨ ਜੋ ਕਦੇ ਕੋਈ ਤੇ ਕਦੇ ਕੋਈ ਝੂਠ ਬੋਲ ਕੇ ਸੰਗਤ ਵਿਚ ਇਹ ਗਲਤ ਪ੍ਰਚਾਰ ਕਰਨਾ ਚਾਹੁੰਦੇ ਹਨ ਕਿ ਦਿੱਲੀ ਗੁਰਦੁਆਰਾ ਕਮੇਟੀ ਨਗਰ ਕੀਰਤਨ ਨਹੀਂ ਸਜਾ ਰਹੀ। ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ 15 ਮਾਰਚ ਨੂੰ ਹੋਈ ਗੁਰਦੁਆਰਾ ਕਮੇਟੀ ਦੀ ਕਾਰਜਕਾਰਨੀ ਦੀ ਚੋਣ ਤੋਂ ਬਾਅਦ 29 ਮਾਰਚ ਨੂੰ ਹੀ ਅਸੀਂ ਗ੍ਰਹਿ ਮੰਤਰਾਲੇ ਕੋਲ ਪ੍ਰਵਾਨਗੀ ਵਾਸਤੇ ਅਪਲਾਈ ਕਰ ਦਿੱਤਾ ਸੀ। ਉਹਨਾਂ ਦੱਸਿਆ ਕਿ ਸਾਡੇ ਕੋਲ ਨਗਰ ਕੀਰਤਨ ਸਜਾਉਣ ਲਈ ਸਾਰੀਆਂ ਪ੍ਰਵਾਨਗੀਆਂ ਮੌਜੂਦ ਹਨ ਅਤੇ ਸਿਰਫ ਪਾਕਿਸਤਾਨ ਤੋਂ ਵੀਜ਼ੇ ਦੀ ਉਡੀਕ ਹੈ ਜੋ ਕਿ ਪਾਕਿਸਤਾਨ ਹਾਈ ਕਮਿਸ਼ਨ ਨੇ ਆਖਿਆ ਹੈ ਕਿ ਵੀਜ਼ੇ ਛੇਤੀ ਜਾਰੀ ਕਰਨ ਦੀ ਪ੍ਰਕਿਰਿਆ ਤੇਜ਼ ਕੀਤੀ ਗਈ ਹੈ ਤੇ ਸੰਭਵ ਹੈ ਕਿ ਅਗਲੇ ਕੁਝ ਸਮੇਂ ਵਿਚ ਨਗਰ ਕੀਰਤਨ ਵਿਚ ਜਾਣ ਵਾਲਿਆਂ ਲਈ ਵੀਜ਼ੇ ਪ੍ਰਾਪਤ ਹੋ ਜਾਣ। ਉਹਨਾਂ ਕਿਹਾ ਕਿ ਕੁੱਲ 478 ਸ਼ਰਧਾਲੂਆਂ ਨੇ ਨਗਰ ਕੀਰਤਨ ਦੇ ਨਾਲ ਜਾਣਾ ਹੈ ਤੇ ਦੋ ਵਾਰ ਵਿਚ ਇਹਨਾਂ ਦੀ ਸੂਚੀ ਅਸੀਂ ਵੀਜ਼ੇ ਵਾਸਤੇ ਭੇਜੀ ਹੈ। ਸ੍ਰੀ ਕਾਲਕਾ ਨੇ ਕਿਹਾ ਕਿ ਸੰਗਤ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸੁਸ਼ੋਭਿਤ ਕਰਨ ਵਾਸਤੇ ਸੋਨੇ ਦੀ ਪਾਲਕੀ ਵੀ ਤਿਆਰ ਹੋ ਚੁੱਕੀ ਹੈ ਜੋ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਰੱਖੀ ਗਈ ਹੈ ਤੇ ਇਹ ਨਗਰ ਕੀਰਤਨ ਦੇ ਨਾਲ ਹੀ ਪਾਕਿਸਤਾਨ ਜਾਵੇਗੀ। ਉਹਨਾਂ ਦੱਸਿਆ ਕਿ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਅਸੀਂ ਸਾਂਝੇ ਨਗਰ ਕੀਰਤਨ ਵਾਸਤੇ ਮੀਟਿੰਗ ਸ਼ੁਰੂ ਕੀਤੀ ਤਾਂ ਕੁਝ ਲੋਕਾਂ ਤੋਂ ਇਹ ਗੱਲ ਬਰਦਾਸ਼ਤ ਨਹੀਂ ਹੋਈ ਤੇ ਮੀਟਿੰਗ ਖਤਮ ਹੋਣ ਤੋਂ ਪਹਿਲਾਂ ਹੀ ਇਹਨਾਂ ਲੋਕਾਂ ਨੇ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਤੇ ਦਿੱਲੀ ਗੁਰਦੁਆਰਾ ਕਮੇਟੀ ਖਿਲਾਫ ਮਾੜੀ ਸ਼ਬਦਾਵਲੀ ਦੀ ਵਰਤੋਂ ਵਾਲੇ ਬਿਆਨ ਜਾਰੀ ਕੀਤੇ। ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਸਾਡੇ ਕੋਲ ਸਾਰੀਆਂ ਪ੍ਰਵਾਨਗੀਆਂ ਹਨ ਅਤੇ ਵੀਜ਼ੇ ਜਾਰੀ ਹੋਣ ਮਗਰੋਂ ਅਸੀਂ ਨਗਰ ਕੀਰਤਨ ਤੈਅ ਪ੍ਰੋਗਰਾਮ ਅਨੁਸਾਰ ਸਜਾਵਾਂਗੇ। ਉਹਨਾਂ ਕਿਹਾ ਕਿ ਨਗਰ ਕੀਰਤਨ ਵਾਸਤੇ ਸਟਾਫ ਅਤੇ ਮੈਂਬਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ। ਇਸ ਵਾਸਤੇ ਬੱਸਾਂ, ਕਾਰਾਂ ਤੇ ਹੋਰ ਸਾਧਨਾਂ ਦੇ ਪ੍ਰਬੰਧ ਵੀ ਹੋ ਚੁੱਕੇ ਹਨ ਤੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਪੰਜਾਂ ਤਖਤਾਂ ਦੇ ਜਥੇਦਾਰਾਂ, ਸਮੂਹ ਪ੍ਰਤੀਨਿਧ ਸੰਸਥਾਵਾਂ ਤੇ ਹੋਰਨਾਂ ਨੂੰ ਸੱਦਾ ਪੱਤਰ ਵੀ ਭੇਜੇ ਜਾ ਚੁੱਕੇ ਹਨ। ਸ੍ਰੀ ਕਾਲਕਾ ਨੇ ਕਿਹਾ ਕਿ ਸਾਡੀ ਇੱਛਾ ਸੀ ਕਿ ਅਸੀਂ ਸ਼ਤਾਬਦੀ ਅਮਨ ਸ਼ਾਂਤੀ ਤੇ ਭਾਈਚਾਰੇ ਨਾਲ ਮਨਾਉਣਾ ਚਾਹੁਦੇ ਸੀ ਪਰ ਕੁਝ ਲੋਕਾਂ ਕੋਲ ਚਿੱਕੜ ਉਛਾਲਣ ਤੋਂ ਇਲਾਵਾ ਕੋਈ ਕੰਮ ਨਹੀਂ ਉਹਨਾਂ ਕਿਹਾ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਇੰਤਜਾਰ ਕਰ ਰਹੇ ਹਾਂ ਅਤੇ ਜੋ ਵੀ ਹੁਕਮ ਹੋਏਗਾ ਉਹ ਸਾਨੂੰ ਸਾਰਿਆਂ ਨੂੰ ਪ੍ਰਵਾਨ ਹੋਏਗਾ। ਇਸ ਮੌਕੇ ਸ. ਹਰਮੀਤ ਸਿੰਘ ਕਾਲਕਾ ਤੋਂ ਇਲਾਵਾ ਜਗਦੀਪ ਸਿੰਘ ਕਾਹਲੋਂ, ਪਰਮਜੀਤ ਸਿੰਘ ਚੰਡੋਕ, ਹਰਜੀਤ ਸਿੰਘ ਪੱਪਾ, ਭੁਪਿੰਦਰ ਸਿੰਘ ਪੁਤਲੀ, ਚਮਨ ਸਿੰਘ, ਰਮਿੰਦਰ ਸਿੰਘ ਸਵੀਟਾ, ਓਂਕਾਰ ਸਿੰਘ ਰਾਜ, ਸਰਬਜੀਤ ਸਿੰਘ ਵਿਰਕ, ਦਲਜੀਤ ਸਿੰਘ ਸਰਨਾ, ਅਮਰਜੀਤ ਸਿੰਘ ਪਿੰਕੀ, ਹਰਜਿੰਦਰ ਸਿੰਘ, ਜਸਪ੍ਰੀਤ ਸਿੰਘ ਵਿੱਕੀ ਮਾਨ ਵੀ ਮੌਜੂਦ ਰਹੇ।

# ਗੁਰਦੁਆਰਾ ਸ੍ਰੀ ਬੰਗਲਾ ਸਾਹਿਬ 'ਚ ਲੱਗਾ ਇਨ੍ਹਾਂ ਚੀਜ਼ਾਂ 'ਤੇ ਬੈਨ



ਚੰਡੀਗੜ੍ਹ: ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਲਈ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਕੰਪਲੈਕਸ ਵਿੱਚ ਹਰ ਕਿਸਮ ਦੇ ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਮੰਗਲਵਾਰ ਨੂੰ ਕਿਹਾ ਕਿ ਰਾਸ਼ਟਰੀ ਰਾਜਧਾਨੀ ਵਿੱਚ ਸਭ ਤੋਂ ਵੱਡੀ ਵਿਰਾਸਤ ਵਾਲੇ ਸਿੱਖ ਧਰਮ ਅਸਥਾਨ ਨੇ ਡਿਸਪੋਜ਼ੇਬਲ ਪਲੇਟਾਂ, ਗਲਾਸ, ਚਮਚ, ਥਰਮੋਕੋਲ ਕੱਪ ਤੇ ਪਲੇਟਾਂ ਆਦਿ ਉੱਤੇ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਲਾਸਟਿਕ ਦੇ ਬਰਤਨਾਂ ਦੀ ਥਾਂ ਹੁਣ ਸਟੀਲ ਦੇ ਕੌਲਿਆਂ ਦੀ ਵਰਤੋਂ ਕੀਤੀ ਜਾਏਗੀ। ਪੀਣ ਵਾਲੇ ਪਾਣੀ ਦੀ ਲਈ ਸਟੀਲ ਦੇ ਕਟੋਰੇ ਤੇ ਸ਼ਰਧਾਲੂਆਂ ਨੂੰ ਲੰਗਰ ਛਕਾਉਣ ਲਈ ਵੀ ਸਟੀਲ ਦੀਆਂ ਪਲੇਟਾਂ ਦਾ ਇਸਤੇਮਾਲ ਕੀਤਾ ਜਾਏਗਾ।

'ਪ੍ਰਸ਼ਾਦ' ਤੇ ਸ਼ਰਧਾਲੂਆਂ ਨੂੰ ਰੋਜ਼ਾਨਾ ਫਲ ਵੰਡਣ ਲਈ ਵਰਤੇ ਜਾਂਦੇ ਲਗਪਗ 5,000 ਪੌਲੀ ਬੈਗ/ਥਰਮੋਕਲ ਕੱਪ ਪਲੇਟਾਂ ਨੂੰ 2 ਅਕਤੂਬਰ ਤੋਂ ਵਾਤਾਵਰਣ ਪੱਖੀ ਜੂਟ ਬੈਗ ਤੇ ਪੱਤਿਆਂ ਦੇ ਕਟੋਰੇ ਨਾਲ ਤਬਦੀਲ ਕਰ ਦਿੱਤਾ ਗਿਆ ਹੈ। ਇੱਕ ਬਿਆਨ ਦੇ ਅਨੁਸਾਰ, ਦਿੱਲੀ ਵਿਚ ਸਭ ਤੋਂ ਸਵੱਛ ਜਗ੍ਹਾ ਦਾ ਦਰਜਾ ਹਾਸਲ ਕਰਨ ਲਈ ਧਾਰਮਕ ਸੰਸਥਾ ਇਸ ਤੋਂ ਇਲਾਵਾ ਵੀ ਕਈ ਹੋਰ ਵਾਤਾਵਰਣ-ਪੱਖੀ ਪਹਿਲਕਦਮੀਆਂ ਕਰ ਰਹੀ ਹੈ।

# ਫਿਰੋਜ਼ਪੁਰ 'ਚ ਫੇਰ ਲੰਘ ਆਏ ਪਾਕਿਸਤਾਨੀ ਡ੍ਰੋਨ, ਸੁਰੱਖਿਆ ਏਜੰਸੀਆਂ ਚੌਕਸ

ਫ਼ਿਰੋਜ਼ਪੁਰ: ਪੰਜਾਬ ਦੇ ਹੁਸੈਨੀਵਾਲਾ ਸੈਕਟਰ 'ਚ ਸਰਹੱਦੀ ਸੁਰੱਖਿਆ ਬਲ (ਬੀਐਸਐਫ) ਨੇ ਕਾਫੀ ਉਚਾਈ 'ਤੇ ਉੱਡ ਰਹੇ ਦੋ ਡ੍ਰੋਨਾਂ ਨੂੰ ਵੇਖਿਆ। ਇਸ ਤੋਂ ਪਹਿਲਾਂ ਪੁਲਿਸ ਨੇ ਸੂਬੇ 'ਚ ਸਰਹੱਦੀ ਖੇਤਰਾਂ 'ਚ ਹਥਿਆਰ ਤੇ ਨਸ਼ਾ ਸੁੱਟਣ ਵਾਲੇ ਦੋ ਡ੍ਰੋਨ ਬਰਾਮਦ ਕੀਤੇ ਸੀ। ਫ਼ਿਰੋਜ਼ਪੁਰ 'ਚ ਦਿਖੇ ਡ੍ਰੋਨਾਂ ਤੋਂ ਬਾਅਦ ਭਾਰਤੀ ਜਵਾਨਾਂ ਵੱਲੋਂ ਮੁਸ਼ਤੈਦੀ ਵਧਾ ਦਿੱਤੀ ਗਈ ਹੈ। ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਨੇ ਹਰ ਹਰਕਤ 'ਤੇ ਪੈਨੀ ਨਜ਼ਰ ਰੱਖੀ ਹੋਈ ਹੈ।

ਮਿਲੀ ਜਾਣਕਾਰੀ ਮੁਤਾਬਕ ਫ਼ਿਰੋਜ਼ਪੁਰ ਦੇ ਸਰਹੱਦੀ ਖੇਤਰ ਟੇਂਡੀ ਵਾਲਾ 'ਚ ਰਾਤ ਸਮੇਂ ਦੋ ਡ੍ਰੋਨ ਉੱਡਦੇ ਵੇਖੇ ਗਏ। ਇਸ ਬਾਰੇ ਸੈਨਿਕਾਂ ਨੇ ਉੱਚ ਅਧਿਕਾਰੀਆਂ ਨੂੰ ਸੂਚਨਾ ਦਿੱਤੀ। ਇਹ ਡ੍ਰੋਨ ਕੁਝ ਸਮੇਂ ਤੱਕ ਉੱਡਦੇ ਨਜ਼ਰ ਆਏ। ਇਨ੍ਹਾਂ ਵਿੱਚੋਂ ਇੱਕ ਡ੍ਰੋਨ ਭਾਰਤੀ ਸਰੱਹਦ ਦੇ ਕੁਝ ਅੰਦਰ ਤਕ ਵੀ ਆਇਆ ਪਰ ਬਾਅਦ 'ਚ ਵਾਪਸ ਹੋ ਗਿਆ। ਇਸ ਤੋਂ ਬਾਅਦ ਸੈਨਿਕਾਂ ਨੂੰ ਅਲਰਟ ਰਹਿਣ ਲਈ ਕਿਹਾ ਗਿਆ। ਇਸ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਹੋ ਸਕਦਾ ਹੈ ਕਿ ਤਸਕਰਾਂ ਵੱਲੋਂ ਡ੍ਰੋਨ ਰਾਹੀਂ ਨਸ਼ਾ ਸਪਲਾਈ ਕਰਨ ਦਾ ਵੱਖਰਾ ਢੰਗ ਅਪਣਾਇਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਸੈਨਿਕ ਦੇਸ਼ ਦੀ ਰਾਖੀ ਲਈ ਹਰ ਪੱਖੋਂ ਤਿਆਰ ਹਨ। ਇਸ ਦੇ ਨਾਲ ਹੀ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਵੀ ਡ੍ਰੋਨ ਬਾਰੇ ਜਾਣਕਾਰੀ ਦਿੱਤੀ ਗਈ ਹੈ ਤੇ ਕਿਹਾ ਗਿਆ ਹੈ ਕਿ ਜ਼ੀਰੋ ਲਾਈਨ 'ਤੇ ਕੁਝ ਵੀ ਹਲਚਲ ਦਿੱਖਣ 'ਤੇ ਸੈਨਿਕਾਂ ਨੂੰ ਉਸ ਦੀ ਸੂਚਨਾ ਦਿੱਤੀ ਜਾਵੇ।

# ਸਿੱਧੂ ਦਾ ਚੋਣ ਪ੍ਰਚਾਰ ਤੋਂ ਮੋਹ ਭੰਗ, ਇਸ ਵਾਰ ਸਟਾਰ ਪ੍ਰਚਾਰਕ ਨਹੀਂ ਚਮਕੇਗਾ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਦੇ ਰਿਸ਼ਤਿਆਂ ਵਿੱਚ ਕੜਵਾਹਟ ਰੁਕਣ ਦਾ ਨਾਂ ਨਹੀਂ ਲੈ ਰਹੀ। ਹਰਿਆਣਾ, ਮਹਾਰਾਸ਼ਟਰ ਵਿੱਚ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਉੱਤੇ ਵੀ ਉਪ ਚੋਣਾਂ ਹੋ ਰਹੀਆਂ ਹਨ। ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਜਗ੍ਹਾ ਹਾਸਲ ਕਰਨ ਦੇ ਬਾਵਜੂਦ ਨਵਜੋਤ ਸਿੱਧੂ ਚੋਣ ਪ੍ਰਚਾਰ ਵਿੱਚ ਹਿੱਸਾ ਨਹੀਂ ਲੈ ਰਹੇ।



ਇੱਕ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਅਨੁਸਾਰ ਸਿੱਧੂ ਪਿਛਲੇ ਕੁਝ ਦਿਨਾਂ ਤੋਂ ਵੈਸ਼ਨੋ ਦੇਵੀ ਵਿਖੇ ਮੌਜੂਦ ਹਨ। ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸਿੱਧੂ ਨੂੰ 29ਵੇਂ ਨੰਬਰ 'ਤੇ ਥਾਂ ਦਿੱਤੀ ਗਈ ਹੈ। ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸਿੱਧੂ ਤੋਂ ਪਹਿਲਾਂ ਕੈਬਨਿਟ ਮੰਤਰੀ ਤੇ ਪੰਜ ਵਿਧਾਇਕਾਂ ਨੂੰ ਜਗ੍ਹਾ ਦਿੱਤੀ ਗਈ ਹੈ।

ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਅਮਰਿੰਦਰ ਕੈਬਨਿਟ ਦੇ 16 ਵਿੱਚੋਂ 14 ਮੰਤਰੀ ਸ਼ਾਮਲ ਹਨ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਸਰਜਰੀ ਕਾਰਨ ਚੋਣ ਮੁਹਿੰਮ ਵਿੱਚ ਹਿੱਸਾ ਨਹੀਂ ਲੈ ਪਾ ਰਹੇ, ਜਦਕਿ ਮੰਤਰੀ ਭਾਰਤ ਭੂਸ਼ਣ ਢਾਕਾ ਸੀਟ ਤੋਂ ਚੋਣਾਂ ਲੜ ਰਹੇ ਉਮੀਦਵਾਰ ਸੰਦੀਪ ਸਿੰਘ ਦੇ ਚੋਣ ਪ੍ਰਚਾਰ ਇੰਚਾਰਜ ਹਨ।

ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਕਾਂਗਰਸ ਜਨਰਲ ਸਕੱਤਰ ਆਸ਼ਾ ਕੁਮਾਰੀ ਤੇ ਸੀਐਮ ਕੈਪਟਨ ਅਮਰਿੰਦਰ ਸਿੰਘ ਨੂੰ ਸਿਖਰ 'ਤੇ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਰਾਜ ਸਭਾ ਮੈਂਬਰ ਅੰਬਿਕਾ ਸੋਨੀ, ਪ੍ਰਤਾਪ ਸਿੰਘ ਬਾਜਨਾ ਅਤੇ ਸ਼ਮਸ਼ੇਰ ਸਿੰਘ ਵੀ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਹਨ।

# ਡੱਬਵਾਲੀ ਵਿੱਚ ਕਥਿਤ ਨਸ਼ਾ ਤਸਕਰ ਨੂੰ ਫੜਨ ਗਈ ਪੰਜਾਬ ਪੁਲਿਸ ਦੀ ਟੀਮ ਨਾਲ ਝੜਪ ਗੋਲੀਬਾਰੀ 'ਚ ਇੱਕ ਦੀ ਮੌਤ



ਬਠਿੰਡਾ - ਬਠਿੰਡਾ ਨੇੜੇ ਹਰਿਆਣਾ ਦੇ ਡੱਬਵਾਲੀ ਦੇ ਪਿੰਡ ਦੇਸੂ ਜੋਧਾ ਵਿੱਚ ਕਈ ਲੋਕਾਂ ਦੀ ਅੱਜ ਸਵੇਰੇ ਦੀ ਜਾਗ ਗੋਲੀਆਂ ਦੀਆਂ ਆਵਾਜ਼ਾਂ ਨਾਲ ਖੁੱਲ੍ਹੀ। ਪੁਲਿਸ ਮੁਤਾਬਕ ਇਸ ਪਿੰਡ ਵਿੱਚ ਕਥਿਤ ਤੌਰ 'ਤੇ ਨਸ਼ੇ ਦੀਆਂ ਗੋਲੀਆਂ ਵੇਚਣ ਵਾਲੇ ਸ਼ਖਸ ਕੁਲਵਿੰਦਰ ਨੂੰ ਫੜਨ ਲਈ ਪੁਲਿਸ ਦੀ ਇੱਕ ਟੀਮ ਪਿੱਛਾ ਕਰਦੀ ਪਹੁੰਚੀ ਸੀ। ਪਿੰਡ ਵਿੱਚੋਂ ਇਸ ਘਟਨਾ ਦੀ ਵਾਇਰਲ ਵੀਡੀਓ ਮੁਤਾਬਕ ਕਥਿਤ ਤੌਰ 'ਤੇ ਪੰਜਾਬ ਪੁਲਿਸ ਦਾ ਇੱਕ ਮੁਲਾਜ਼ਮ ਗੋਲੀਬਾਰੀ ਕਰਦਾ ਦਿਖਾਈ ਦੇ ਰਿਹਾ ਹੈ। ਜਿਹੜੇ ਸ਼ਖਸ ਕੁਲਵਿੰਦਰ ਨੂੰ ਪੰਜਾਬ ਪੁਲਿਸ ਫੜਨ ਲਈ ਪਹੁੰਚੀ ਉਸ ਦੇ ਭਰਾ ਭਿੰਦਰ ਨੇ ਇਹ ਵੀਡੀਓ ਬਣਾਉਣ ਦਾ ਦਾਅਵਾ ਕੀਤਾ ਹੈ। ਇਸ ਗੋਲੀਬਾਰੀ ਵਿੱਚ ਪਿੰਡ ਦੇ ਇੱਕ ਸ਼ਖਸ ਦੀ ਮੌਤ ਹੋ ਗਈ ਹੈ। ਗੋਲੀ ਪੰਜਾਬ ਪੁਲਿਸ ਦੇ ਮੁਲਾਜ਼ਮ ਨੂੰ ਵੀ ਲੱਗੀ ਹੈ। ਵਾਇਰਲ ਵੀਡੀਓ ਵਿੱਚ ਦਿਖਾਈ ਦੇ ਰਿਹਾ ਹੈ ਕਿ ਭੜਕੇ ਪਿੰਡ ਵਾਲਿਆਂ ਨੇ ਪੰਜਾਬ ਪੁਲਿਸ ਦੇ ਜਵਾਨਾਂ ਨੂੰ ਘੇਰ ਲਿਆ ਅਤੇ ਕੁੱਟਮਾਰ ਸ਼ੁਰੂ ਕਰ ਦਿੱਤੀ। ਇਨ੍ਹਾਂ ਵਿੱਚ ਇੱਕ ਮਹਿਲਾ ਪੁਲਿਸ ਮੁਲਾਜ਼ਮ ਵੀ ਸ਼ਾਮਲ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਹਰਿਆਣਾ ਪੁਲਿਸ ਨੇ ਪੰਜਾਬ ਪੁਲਿਸ ਨੂੰ ਉੱਥੋਂ ਕੱਢਿਆ।

## ਪੁਲਿਸ ਦਾ ਕੀ ਕਹਿਣਾ ਹੈ ?

ਬਠਿੰਡਾ ਵਿੱਚ ਐਸ.ਪੀ. (ਡੀ) ਜੀ.ਐਸ. ਸੰਘਾ ਜ਼ਖਮੀ ਪੁਲਿਸ ਮੁਲਾਜ਼ਮਾਂ ਦਾ ਹਾਲ ਜਾਨਣ ਲਈ ਪੁੱਜੇ ਹੋਏ ਸਨ। ਉਨ੍ਹਾਂ ਨੇ ਕਿਹਾ, "ਨਸ਼ੇ ਦੇ ਇੱਕ ਮਾਮਲੇ ਵਿੱਚ ਦੋ ਲੋਕਾਂ ਨੂੰ ਬਠਿੰਡਾ ਪੁਲਿਸ ਨੇ ਫੜਿਆ ਸੀ। ਉਨ੍ਹਾਂ ਨਾਲ ਪੁੱਛਗਿੱਛ ਵਿੱਚ ਡੱਬਵਾਲੀ ਦੇ ਦੇਸੂ ਜੋਧਾ ਪਿੰਡ ਦੇ ਕੁਲਵਿੰਦਰ ਦਾ ਨਾਂ ਸਾਹਮਣੇ ਆਇਆ ਸੀ। ਉਸ ਬਾਰੇ ਸੂਹ ਮਿਲੀ ਸੀ ਕਿ ਉਹ ਹਰਿਆਣਾ-ਪੰਜਾਬ ਬਾਰਡਰ 'ਤੇ ਆਇਆ ਹੋਇਆ ਹੈ। ਪੰਜਾਬ ਪੁਲਿਸ ਦੀ ਸੱਤ ਮੈਂਬਰੀ ਟੀਮ ਪੁੰਹਚੀ ਤਾਂ ਕੁਲਵਿੰਦਰ ਦੇਸੂ ਜੋਧਾ ਪਿੰਡ ਵੱਲ ਭੱਜਿਆ। ਪੁਲਿਸ ਫੜੇ ਗਏ ਜਿਹੜੇ ਬੰਦੇ ਗਗਨਦੀਪ ਨੂੰ ਨਾਲ ਲੈ ਕੇ ਗਈ ਸੀ ਉਸਨੂੰ ਵੀ ਪਿੰਡ ਵਾਲਿਆਂ ਨੇ ਛੁਡਾ ਲਿਆ। ਫੜੇ ਗਏ ਬੰਦੇ ਮੁਤਾਬਕ ਉਹ ਨਸ਼ੇ ਦੀਆਂ ਗੋਲੀਆਂ ਕੁਲਵਿੰਦਰ ਕੋਲੋਂ ਲਿਆਉਂਦੇ ਸਨ।"ਬਠਿੰਡਾ ਨੇੜੇ ਹਰਿਆਣਾ ਦੇ ਡੱਬਵਾਲੀ ਦੇ ਪਿੰਡ ਦੇਸੂ ਜੋਧਾ ਵਿੱਚ ਕਈ ਲੋਕਾਂ ਦੀ ਅੱਜ ਸਵੇਰੇ ਦੀ ਜਾਗ ਗੋਲੀਆਂ ਦੀਆਂ ਆਵਾਜ਼ਾਂ ਨਾਲ ਖੁੱਲ੍ਹੀ। ਪੁਲਿਸ ਮੁਤਾਬਕ ਇਸ ਪਿੰਡ ਵਿੱਚ ਕਥਿਤ ਤੌਰ 'ਤੇ ਨਸ਼ੇ ਦੀਆਂ ਗੋਲੀਆਂ ਵੇਚਣ ਵਾਲੇ ਸ਼ਖਸ ਕੁਲਵਿੰਦਰ ਨੂੰ ਫੜਨ ਲਈ ਪੁਲਿਸ ਦੀ ਇੱਕ ਟੀਮ ਪਿੱਛਾ ਕਰਦੀ ਪਹੁੰਚੀ ਸੀ।

# ਕੈਨੇਡਾ 'ਚ ਪ੍ਰਵਾਸੀਆਂ ਨੂੰ ਮੁਫਤ ਸਿਟੀਜ਼ਨਸ਼ਿਪ ਦੇਵੇਗੀ ਲਿਬਰਲ ਪਾਰਟੀ

ਓਟਾਵਾ- ਆਮ ਚੋਣਾਂ ਨੂੰ ਲੈ ਕੇ ਕੈਨੇਡਾ 'ਚ ਸਿਆਸੀ ਨੇਤਾਵਾਂ ਵੱਲੋਂ ਵੱਡੇ-ਵੱਡੇ ਵਾਅਦੇ ਕੀਤੇ ਜਾ ਰਹੇ ਹਨ। ਉਥੇ ਹੁਣ ਕੈਨੇਡਾ 'ਚ ਮੁੜ ਜੇ ਲਿਬਰਲ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਪ੍ਰਵਾਸੀਆਂ ਨੂੰ ਸਿਟੀਜ਼ਨਸ਼ਿਪ ਲਈ ਆਪਣੀ ਜੇਬ ਢਿੱਲੀ ਨਹੀਂ ਕਰਨੀ ਪਵੇਗੀ। ਇਮੀਗ੍ਰੇਸ਼ਨ ਮਾਹਰਾਂ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਉਨ੍ਹਾਂ ਪ੍ਰਵਾਸੀਆਂ ਨੂੰ ਸਭ ਤੋਂ ਜ਼ਿਆਦਾ ਫ਼ਾਇਦਾ ਹੋਵੇਗਾ ਜੋ ਆਰਥਿਕ ਤੰਗੀ ਕਾਰਨ ਸਿਟੀਜ਼ਨਸ਼ਿਪ ਦੀ ਅਰਜ਼ੀ ਦਾਖ਼ਲ ਨਹੀਂ ਕਰਦੇ। ਦੱਸ ਦੇਈਏ ਕਿ ਸਟੀਫ਼ਨ ਹਾਰਪਰ ਦੀ ਸਰਕਾਰ ਵੇਲੇ ਸਿਟੀਜ਼ਨਸ਼ਿਪ ਫੀਸ 100 ਡਾਲਰ ਤੋਂ ਵਧਾ ਕੇ 530 ਡਾਲਰ ਕਰ ਦਿਤੀ ਗਈ ਸੀ ਜਦ ਕਿ 100 ਡਾਲਰ ਦੀ ਰਾਈਟ ਟੂ ਸਿਟੀਜ਼ਨਸ਼ਿਪ ਫ਼ੀਸ




ਵੱਖਰੇ ਤੌਰ 'ਤੇ ਅਦਾ ਕਰਨੀ ਪੈਂਦੀ ਹੈ। ਕੈਨੇਡੀਅਨ ਕਾਉਂਸਿਲ ਫਾਰ ਰਫਿਊਜੀ ਵੱਲੋਂ ਫੀਸ ਦੇ ਮੁਕੰਮਲ ਖਤਮ ਕਰਨ ਲਈ ਲਗਾਤਾਰ ਸਰਕਾਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਸੀ.ਸੀ.ਆਰ. ਦੀ ਕਾਰਜਕਾਰੀ ਡਾਇਰੈਕਟਰ ਨੇ ਆਖਿਆ ਕਿ ਸਿਰਫ ਐਪਲੀਕੇਸ਼ਨ ਫ਼ੀਸ ਦੀ ਵਸੂਲ ਕੀਤੀ ਜਾਣੀ ਚਾਹੀਦੀ ਹੈ ਪਰ ਇਸ ਤੋਂ ਇਲਾਵਾ ਭਾਸ਼ਾ ਦੇ ਟੈਸਟ ਲਈ ਵੀ ਰਫਿਊਜੀਆਂ ਨੂੰ ਫੀਸ ਅਦਾ ਕਰਨੀ ਪੈਂਦੀ ਹੈ। ਦੂਜੇ ਪਾਸੇ ਸਾਬਕਾ ਇਮੀਗ੍ਰੇਸ਼ਨ ਅਫ਼ਸਰ ਐਂਡਰਿਊ ਗ੍ਰਿਫਥ ਦਾ ਆਖਣਾ ਸੀ ਕਿ ਬਿਨਾਂ ਸ਼ੱਕ ਕੰਜ਼ਰਵੇਟਿਵ ਸਰਕਾਰ ਵੱਲੋਂ ਸਿਟੀਜ਼ਨਸ਼ਿਪ ਫੀਸ 'ਚ ਖਾਸਾ ਵਾਧਾ ਕੀਤਾ ਗਿਆ ਪਰ ਇਸ ਨੂੰ ਪੂਰੀ ਤਰਾਂ ਖਤਮ ਕਰਨਾ ਵੀ ਜਾਇਜ਼ ਨਹੀਂ ਹੋਵੇਗਾ

## ਫਰਾਂਸ: ਪੈਰਿਸ ਦੇ ਪੁਲਸ ਹੈੱਡਕੁਆਰਟਰ 'ਤੇ ਹਮਲਾ, ਕਈ ਅਧਿਕਾਰੀ ਜ਼ਖ਼ਮੀ



ਪੈਰਿਸ-ਫਰਾਂਸ ਦੀ ਰਾਜਧਾਨੀ ਪੈਰਿਸ ਸਥਿਤ ਹੈੱਡਕੁਆਰਟਰ 'ਤੇ ਹਮਲੇ ਦੀ ਖਬਰ ਮਿਲੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਸ ਹਮਲੇ 'ਚ ਕਈ ਪੁਲਸ ਅਧਿਕਾਰੀ ਜ਼ਖਮੀ ਹੋਏ ਹਨ। ਰਿਪੋਰਟ ਦੇ ਮੁਤਾਬਕ ਇਕ ਵਿਅਕਤੀ ਨੇ ਹੈੱਡਕੁਆਰਟਰ 'ਚ ਤਾਇਨਾਤ ਪੁਲਸ ਕਰਮਚਾਰੀਆਂ 'ਤੇ ਚਾਕੂ ਨਾਲ ਹਮਲਾ ਕੀਤਾ। ਹਾਲਾਂਕਿ ਪੁਲਸ ਨੇ ਹਮਲਾਵਰ ਨੂੰ ਮਾਰ ਦਿੱਤਾ। ਘਟਨਾ ਸਥਾਨਕ ਸਮੇਂ ਮੁਤਾਬਕ ਦੁਪਹਿਰੇ ਡੇਢ ਵਜੇ ਦੀ ਹੈ। ਯੂਨੀਅਨ ਦੇ ਅਧਿਕਾਰੀ ਯਵੇਸ ਲਫੇਬਵਰੇ ਨੇ ਕਿਹਾ ਕਿ ਹਮਲਾ ਵੀਰਵਾਰ ਦੁਪਹਿਰੇ ਨੋਟ੍ਰੇਡਮ ਕੈਥੇਡ੍ਰਲ ਦੇ ਨੇੜੇ ਮੁੱਖ ਦਫਤਰ 'ਚ ਹੋਇਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਅਧਿਕਾਰੀਆਂ 'ਚੋਂ ਇਕ ਗੰਭੀਰ ਜ਼ਖਮੀ ਹੈ। ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਪੁਲਸ ਵਲੋਂ ਕੀਤੀ ਗੋਲੀਬਾਰੀ 'ਚ ਮਰਨ ਤੋਂ ਪਹਿਲਾਂ ਹਮਲਾਵਰ ਇਮਾਰਤ 'ਚ ਅੰਦਰ ਕਿੰਨੀ ਦੂਰੀ ਤੱਕ ਦਾਖਲ ਹੋ ਸਕਿਆ ਸੀ। ਪੈਰਿਸ ਦੇ ਆਵਾਜਾਈ ਵਿਭਾਗ ਨੇ ਹਮਲੇ ਦੀ ਥਾਂ ਦੇ ਨੇੜੇ ਮੈਟ੍ਰੋ ਸਟੇਸ਼ਨ ਨੂੰ ਸੁਰੱਖਿਆ ਕਾਰਨਾਂ ਕਰਕੇ ਬੰਦ ਕਰ ਦਿੱਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਪੈਰਿਸ ਹੈੱਡਕੁਆਰਟਰ ਦੀ ਥਾਂ ਪੁਲਸ ਨੇ ਆਪਣੇ ਕਬਜ਼ੇ 'ਚ ਲੈ ਲਈ ਹੈ।

## ਇਰਾਕ ਚ ਬੇਰੁਜ਼ਗਾਰੀ ਖਿਲਾਫ਼ ਪ੍ਰਦਰਸ਼ਨ ਦੌਰਾਨ ਗੋਲੀ ਲੱਗਣ ਕਾਰਨ 5 ਹਲਾਕ

ਕੁਤ,- ਇਰਾਕ ਦੇ ਦੱਖਣੀ ਸ਼ਹਿਰ ਅਮਾਰਾ 'ਚ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਦੇ ਖਿਲਾਫ ਕੱਢੀ ਗਈ ਰੈਲੀ 'ਚ ਚਾਰ ਪ੍ਰਦਰਸ਼ਨਕਾਰੀਆਂ ਦੀ ਗੋਲੀ ਲੱਗਣ



ਕਾਰਨ ਮੌਤ ਹੋ ਗਈ। ਇਹ ਜਾਣਕਾਰੀ ਮੈਡੀਕਲ ਸੂਤਰਾਂ ਨੇ ਵੀਰਵਾਰ ਨੂੰ ਦਿੱਤੀ ਹੈ। ਖੇਤਰੀ ਸਿਹਤ ਮੁਖੀ ਅਬਦੁਲਹੁਸੈਨ ਅਲ ਜਾਬੇਰੀ ਨੇ ਦੱਸਿਆ ਕਿ ਵੀਰਵਾਰ ਨੂੰ ਜੀ ਕਾਰ ਸੂਬੇ 'ਚ ਗੋਲੀ ਲੱਗਣ ਕਾਰਨ ਇਕ ਪ੍ਰਦਰਸ਼ਨਕਾਰੀ ਦੀ ਮੌਤ ਹੋ ਗਈ, ਜਿਥੇ ਸਭ ਤੋਂ ਹਿੰਸਕ ਪ੍ਰਦਰਸ਼ਨ ਹੋਇਆ। ਉਨ੍ਹਾਂ ਦੱਸਿਆ ਕਿ ਬੀਤੇ ਤਿੰਨ ਦਿਨਾਂ 'ਚ ਪ੍ਰਦਰਸ਼ਨ ਦੌਰਾਨ ਇਕ ਪੁਲਸ ਅਧਿਕਾਰੀ ਸਣੇ 18 ਲੋਕਾਂ ਦੀ ਮੌਤ ਹੋਈ ਹੈ।

## ਬ੍ਰੈਗਜ਼ਿਟ ਤੇ ਸਾਥੀਆਂ ਨੂੰ ਮਨਾਉਣ 'ਚ ਲੱਗੇ ਬ੍ਰਿਟਿਸ਼ ਪ੍ਰਧਾਨ ਮੰਤਰੀ ਜਾਨਸਨ

ਲੰਡਨ-ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਬ੍ਰੈਗਜ਼ਿਟ ਸਬੰਧੀ ਆਪਣੀ ਯੋਜਨਾ 'ਤੇ ਯੂਰਪੀ ਯੂਨੀਅਨ ਨੂੰ ਮਨਾਉਣ ਤੋਂ ਪਹਿਲਾਂ ਵੀਰਵਾਰ ਨੂੰ ਆਪਣੀ ਕੈਬਨਿਟ ਦੇ ਸੀਨੀਅਰ ਮੰਤਰੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਬ੍ਰੈਗਜ਼ਿਟ ਲਈ ਤੇਜ਼ੀ ਨਾਲ ਖਤਮ ਹੋ ਰਹੀ ਸਮਾਂ ਸੀਮਾ ਤੇ ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ਾਂ ਦੇ ਵਿਰੋਧ ਦੇ ਵਿਚਾਲੇ ਜਾਨਸਨ ਸਾਢੇ ਤਿੰਨ ਸਾਲਾਂ ਤੋਂ ਜਾਰੀ ਇਸ ਸੰਕਟ ਨੂੰ ਖਤਮ ਕਰਨ ਦੀ ਆਪਣੀ ਯੋਜਨਾ ਲਈ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਬ੍ਰਿਟਿਸ਼ ਸੰਸਦ 'ਚ ਉਨ੍ਹਾਂ ਨੂੰ ਕਈ ਮੈਂਬਰਾਂ ਦਾ ਸਮਰਥਨ ਵੀ ਮਿਲਿਆ ਹੈ ਜੋ ਮੰਗਲਵਾਰ ਨੂੰ 2017 'ਚ ਬ੍ਰੈਗਜ਼ਿਟ 'ਤੇ ਸਰਕਾਰ ਵਲੋਂ ਪੇਸ਼ ਪਰਿਯੋਜਨਾਵਾਂ ਨੂੰ ਖਾਰਿਜ ਕਰ ਰਹੇ ਹਨ। ਇਨ੍ਹਾਂ 'ਚ ਵਿਰੋਧੀ ਲੇਬਰ ਪਾਰਟੀ ਦੇ ਉਦਾਰਵਾਦੀ ਸੰਸਦ ਮੈਂਬਰ ਤੇ ਖੁਦ ਉਨ੍ਹਾਂ ਦੀ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਸ਼ਾਮਲ ਹਨ। ਜੇਕਰ ਉਹ ਈਯੂ ਤੇ ਗੁੱਟਾਂ 'ਚ ਵੰਡੀ ਸੰਸਦ ਨੂੰ ਸਮਝਾਉਣ 'ਚ ਅਸਫਲ ਹੋਣਗੇ ਤੇ ਬ੍ਰਿਟੇਨ ਨੂੰ ਈਯੂ ਨਾਲ ਵਪਾਰ ਸਮਝੌਤੇ ਤੋਂ ਵੱਖ ਹੋਣਾ ਪਵੇਗਾ ਜਾਂ ਇਸ ਪ੍ਰਕਿਰਿਆ 'ਚ ਹੋਰ ਤੇਜ਼ੀ ਹੋਵੇਗੀ। ਜਾਨਸਨ ਦੇ ਸਫਲ ਹੋਣ 'ਤੇ ਉਨ੍ਹਾਂ ਨੂੰ ਹੋਰ ਜਟਿਲ ਪ੍ਰਕਿਰਿਆ ਤੋਂ ਲੰਘਣਾ



ਹੋਵੇਗਾ ਤੇ ਈਯੂ ਦੇ ਨਾਲ ਵਪਾਰ ਸਮਝੌਤੇ ਦੇ ਲਈ ਗੱਲਬਾਤ ਵੀ ਕਰਨੀ ਹੋਵੇਗੀ।

## ਹਿਊਸਟਨ 'ਚ ਬਣੇਗੀ ਸੰਦੀਪ ਦੀ ਯਾਦਗਾਰ

ਕਪੂਰਥਲਾ-: ਅਮਰੀਕਾ ਦੇ ਹਿਊਸਟਨ 'ਚ ਮਾਰੇ ਗਏ ਦਸਤਾਰ ਨਾਲ ਡਿਊਟੀ ਦੇਣ ਵਾਲੇ ਪਹਿਲੇ ਸਿੱਖ ਪੁਲਸ ਅਫਸਰ ਸੰਦੀਪ ਧਾਲੀਵਾਲ ਦਾ ਬੁੱਧਵਾਰ ਨੂੰ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਹ ਕਪੂਰਥਲਾ ਦੇ ਪਿੰਡ ਧਾਲੀਵਾਲ ਨਾਲ ਸਬੰਧ ਰੱਖਦੇ ਸਨ। ਗਾਂਧੀ ਜਯੰਤੀ ਮੌਕੇ ਸੰਦੀਪ ਨੂੰ ਸ਼ਰਧਾਂਜਲੀ ਦੇਣ ਲਈ ਭਾਰੀ ਜਨ ਸੈਲਾਬ ਉਮੜਿਆ। ਇਸ ਮੌਕੇ 'ਤੇ ਹਿਊਸਟਨ ਸਿਟੀ ਕਾਊਂਸਿਲ ਨੇ ਦੋ ਅਕਤੂਬਰ ਦਾ ਦਿਨ ਸੰਦੀਪ ਸਿੰਘ ਧਾਲੀਵਾਲ ਨੂੰ ਸਮਰਪਿਤ ਕਰਨ ਦਾ ਐਲਾਨ ਕੀਤਾ। ਹਰ ਸਾਲ ਦੋ ਅਕਤੂਬਰ ਨੂੰ ਧਾਲੀਵਾਲ ਨੂੰ ਯਾਦ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਹਿਊਸਟਨ ਵਿਖੇ ਇਕ ਲੜਕੀ ਅਗਵਾ ਕਰਨ ਦੇ ਮਾਮਲੇ 'ਚ ਪੈਰੋਲ 'ਤੇ ਆਏ ਸਜ਼ਾ ਜ਼ਾਬਤਾ ਅਪਰਾਧੀ ਨੇ ਬੀਤੇ ਸ਼ੁੱਕਰਵਾਰ ਨੂੰ ਹਾਈਵੇਅ ਸਿਕ ਵੈਸਡ ਰੋਡ 'ਤੇ ਸੰਦੀਪ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

## ਬੰਬਰ ਜਹਾਜ਼ ਹਾਦਸੇ ਦਾ ਸ਼ਿਕਾਰ, ਸੱਤ ਦੀ ਮੌਤ

ਵਾਸ਼ਿੰਗਟਨ-ਦੂਜੀ ਵਿਸ਼ਵ ਜੰਗ 'ਚ ਅਮਰੀਕਾ ਵੱਲੋਂ ਇਸਤੇਮਾਲ ਕੀਤਾ ਗਿਆ ਬੀ-17 ਬੰਬਾਰ ਜਹਾਜ਼




ਕਨੈਕਟੀਕਟ ਸੂਬੇ ਦੇ ਇਕ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਦੌਰਾਨ ਹਾਦਸੇ ਦਾ ਸ਼ਿਕਾਰ ਹੋ ਗਿਆ। ਹਾਰਟਫੋਰਡ ਦੇ ਬ੍ਰੈਡਲੀ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰਦੇ ਸਮੇਂ ਇਹ ਜਹਾਜ਼ ਰਨਵੇ 'ਤੇ ਫਿਸਲ ਕੇ ਜਹਾਜ਼ਾਂ ਦੀ ਸਾਂਭ ਸੰਭਾਲ ਲਈ ਬਣੇ ਸੈਂਟਰ ਨਾਲ ਜਾ ਟਕਰਾਇਆ। ਬੁੱਧਵਾਰ ਸਵੇਰੇ ਹੋਏ ਇਸ ਹਾਦਸੇ 'ਚ ਸੱਤ ਲੋਕਾਂ ਦੀ ਮੌਤ ਹੋ ਗਈ। ਹਾਦਸੇ ਦੀ ਵਜ੍ਹਾ ਨਾਲ ਏਅਰਪੋਰਟ ਦੇ ਰਨਵੇ ਨੂੰ ਕਈ ਘੰਟੇ ਤਕ ਬੰਦ ਰੱਖਣਾ ਪਿਆ। ਕਨੈਕਟੀਕਟ ਹਵਾਈ ਅੱਡਾ ਅਥਾਰਟੀ ਦੇ ਕਾਰਜਕਾਰੀ ਨਿਰਦੇਸ਼ਕ ਕੇਵਿਨ ਡਿਲਨ ਮੁਤਾਬਕ, ਉਡਾਣ ਭਰਨ ਤੋਂ 10 ਮਿੰਟ ਬਾਅਦ ਹੀ ਕਿਸੇ ਗੜਬੜੀ ਦਾ ਪਤਾ ਲੱਗਣ 'ਤੇ ਬੋਇੰਗ ਬੀ-17 ਫਲਾਇੰਗ ਫੋਰਟਰੇਸ ਜਹਾਜ਼ ਦੀ ਲੈਂਡਿੰਗ ਕਰਵਾਈ ਜਾ ਰਹੀ ਸੀ। ਜਹਾਜ਼ 'ਚ 13 ਲੋਕ ਸਵਾਰ ਸਨ, ਜਿਨ੍ਹਾਂ 'ਚੋਂ ਸੱਤ ਦੀ ਮੌਤ ਹੋ ਗਈ ਤੇ ਛੇ ਜ਼ਖਮੀ ਹੋ ਗਏ। ਹਾਦਸੇ ਕਾਰਨ ਅਸਮਾਨ 'ਚ ਕਾਲੇ ਧੂੰਏਂ ਦਾ ਗ਼ੁਬਾਰ ਛਾ ਗਿਆ ਸੀ।

## ਨਿਵੇਸ਼ਕ ਯੈੱਸ ਬੈਂਕ ਵਿੱਚ ਵਿਸ਼ਵਾਸ ਕਰ ਰਹੇ ਹਨ

ਚੰਡੀਗੜ੍ਹ -ਯੈੱਸ ਬੈਂਕ ਰਿਕਵਰੀ ਮੋਡ ਵਿੱਚ ਹੈ ਅਤੇ ਨਿਵੇਸ਼ਕ ਪ੍ਰਾਈਵੇਟ ਸੈਕਟਰ ਦੇ ਬੈਂਕ ਵਿੱਚ ਵਿਸ਼ਵਾਸ ਬਣਾ ਰਹੇ ਹਨ। ਯੈੱਸ ਬੈਂਕ ਦੇ ਐਮਡੀ ਅਤੇ ਸੀਈਓ ਰਵਨੀਤ ਗਿੱਲ ਨੇ ਨਿਵੇਸ਼ਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਬੈਂਕ ਦੀ ਵਿੱਤੀ ਅਤੇ ਕਾਰਜਸ਼ੀਲ ਕਾਰਗੁਜ਼ਾਰੀ ਸਹੀ ਅਤੇ ਸਥਿਰ ਹੈ ਅਤੇ ਇਸ ਦੀ ਤਰਲਤਾ ਸਥਿਤੀ ਵਿੱਚ ਸੁਧਾਰ ਹੋ ਰਿਹਾ ਹੈ। ਉਨਾਂ ਪ੍ਰਾਪਰਟੀ ਜਾਇਦਾਦ ਦੀ ਗੁਣਵੱਤਾ ਅਤੇ ਪ੍ਰਚੂਨ ਕਾਰੋਬਾਰ ਦੇ ਵਾਧੇ ਨੂੰ ਵਧਾਉਣ ਲਈ ਵੀ ਬੈਂਕ ਦੀ ਵਚਨਬੱਧਤਾ ਨੂੰ ਦੁਹਰਾਇਆ। ਰਵਨੀਤ ਗਿੱਲ ਨੇ ਕਿਹਾ ਕਿ ਸਾਡੀਆਂ ਨਵੀਆਂ ਫਿਕਸਡ ਡਿਪਾਜ਼ਿਟ ਵਿੱਚ ਵਿੱਚ 39 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਸ ਮਿਆਦ ਦੇ ਮੁਕਾਬਲੇ ਪਹਿਲਾਂ ਨਾਲੋਂ ਜ਼ਿਆਦਾ ਬਚਤ ਖਾਤੇ ਖੋਲ੍ਹ ਦਿੱਤੇ ਹਨ। ਯੈਸ ਬੈਂਕ ਪੂੰਜੀ ਵਧਾਉਣ ਲਈ ਨਿੱਜੀ ਇਕਵਿਟੀ ਫੰਡਾਂ ਅਤੇ ਪਰਿਵਾਰਕ ਦਫਤਰਾਂ ਨਾਲ ਗੱਲਬਾਤ ਕਰ ਰਿਹਾ ਹੈ। ਯੈੱਸ ਬੈਂਕ ਦੇ ਇੰਡੀਆਬੁੱਲਜ਼ ਵਰਗੇ ਐਨ ਬੀ ਐਫ ਸੀ ਵਰਗੇ ਸੰਵੇਦਨਸ਼ੀਲ ਸੈਕਟਰਾਂ ਦੇ ਸੰਪਰਕ ਵਿੱਚ ਆਉਣ ਦੇ ਮੁੱਦੇ 'ਤੇ ਗਿੱਲ ਨੇ ਭਰੋਸਾ ਦਿਵਾਇਆ ਕਿ ਇਸ ਬਾਰੇ ਚਿੰਤਾ ਕਰਨ ਦੀ ਕੋਈ ਗੱਲ ਨਹੀਂ ਹੈ ਅਤੇ ਇਸ ਖਾਤੇ ਦਾ ਆਚਰਨ ਵਧੀਆ ਰਿਹਾ ਹੈ। ਹੁਣ ਬੈਂਕ ਪੂੰਜੀ ਸੰਭਾਲ ਅਤੇ ਸੰਪਤੀ ਦੀ ਗੁਣਵੱਤਾ ਨੂੰ ਸਥਿਰ ਕਰਨ 'ਤੇ ਜ਼ੋਰ ਦੇ ਰਿਹਾ ਹੈ।

# ਕੈਨੇਡਾ ਦੀ ਆਬਾਦੀ 'ਚ ਰਿਕਾਰਡ ਵਾਧਾ, ਸਾਢੇ ਤਿੰਨ ਕਰੋੜ ਤੋਂ ਹੋਈ ਪਾਰ

ਬ੍ਰਿਟਿਸ਼ ਕੋਲੰਬੀਆ- ਕੈਨੇਡਾ 'ਚ 21 ਅਕਤੂਬਰ ਨੂੰ ਆਮ ਚੋਣਾਂ ਹੋਣ ਜਾ ਰਹੀਆਂ ਹਨ ਤੇ ਬੀਤੇ ਦਿਨੀਂ ਪੀ. ਐੱਮ. ਟਰੂਡੋ ਨੇ ਚੋਣ ਪ੍ਰਚਾਰ ਦੌਰਾਨ ਵਾਅਦਾ ਕੀਤਾ ਹੈ ਕਿ ਜੇਕਰ ਉਨ੍ਹਾਂ ਦੀ ਪਾਰਟੀ (ਲਿਬਰਲ ਪਾਰਟੀ) ਮੁੜ ਸੱਤਾ 'ਚ ਆਉਂਦੀ ਹੈ ਤਾਂ ਆਉਂਦੇ ਤਿੰਨ ਸਾਲਾਂ 'ਚ 10 ਲੱਖ ਲੋਕਾਂ ਨੂੰ ਕੈਨੇਡਾ ਸੱਦਿਆ ਜਾਵੇਗਾ। ਲਿਬਰਲ ਪਾਰਟੀ ਨੇ ਪਿਛਲੇ ਸਾਲ ਵੀਜ਼ੇ ਸਬੰਧੀ ਕਈ ਛੋਟਾਂ ਦਿੱਤੀਆਂ ਸਨ, ਇਸੇ ਕਾਰਨ ਵੱਡੀ ਗਿਣਤੀ 'ਚ ਪ੍ਰਵਾਸੀ ਕੈਨੇਡਾ ਪੁੱਜੇ। ਸਟੈਟਿਕਸ ਕੈਨੇਡਾ ਦੀ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਕੈਨੇਡਾ ਦੀ ਜਨਸੰਖਿਆ 'ਚ ਬੀਤੇ



ਇਕ ਸਾਲ ਵਿਚ ਕਾਫੀ ਵਾਧਾ ਹੋਇਆ ਹੈ ਤੇ ਇਹ ਲਗਭਗ ਸਾਢੇ ਤਿੰਨ ਕਰੋੜ ਤੋਂ ਵਧ ਹੋ ਗਈ ਹੈ। ਕੈਨੇਡਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਬਹੁਤ ਵੱਡੀ ਗਿਣਤੀ ਵਿਚ ਲੋਕ ਕੈਨੇਡਾ ਪੁੱਜੇ, ਜਦਕਿ 1,61,536 ਲੋਕ ਵਿਜ਼ਟਰ ਵੀਜ਼ਾ, ਵਰਕ ਪਰਮਿਟ ਤੇ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਪੁੱਜੇ ਹਨ ਰਿਪੋਰਟ ਮੁਤਾਬਕ ਪਹਿਲੀ ਜੁਲਾਈ, 2019 ਤੱਕ ਕੈਨੇਡਾ ਦੀ ਜਨਸੰਖਿਆ 3,75,89, 262 ਹੋ ਗਈ, ਜਿਹੜੀ ਕਿ 1 ਜੁਲਾਈ, 2018 ਦੇ ਮੁਕਾਬਲੇ 5,31,497 ਵਿਅਕਤੀ ਵੱਧ ਹੈ ਭਾਵ ਪਹਿਲੀ ਜੁਲਾਈ, 2018 ਤੋਂ ਪਹਿਲੀ ਜੁਲਾਈ, 2019 ਤੱਕ ਇਕ ਸਾਲ ਵਿਚ 1 ਮਿੰਟ 'ਚ ਇਕ ਵਿਅਕਤੀ ਕੈਨੇਡਾ ਪੁੱਜਾ। ਸਭ ਤੋਂ ਵਧ ਲੋਕ ਪ੍ਰਿੰਸ ਐਡਵਰਡ ਆਈਲੈਂਡ ਸੂਬੇ ਤੇ ਸਭ ਤੋਂ ਘੱਟ ਬ੍ਰਿਟਿਸ਼ ਕੋਲੰਬੀਆ 'ਚ ਲੋਕ ਪੁੱਜੇ ਹਨ। ਬ੍ਰਿਟਿਸ਼ ਕੋਲੰਬੀਆ ਨੂੰ ਪੰਜਾਬੀਆਂ ਦਾ ਗੜ੍ਹ ਕਿਹਾ ਜਾਂਦਾ ਹੈ। ਕੈਨੇਡਾ 'ਚ ਆਮ ਚੋਣਾਂ ਹੋਣ ਕਾਰਨ ਵੱਡੀ ਗਿਣਤੀ 'ਚ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਲੋਕ ਇੱਥੇ ਆ ਰਹੇ ਹਨ ਤਾਂ ਕਿ ਦੇਸ਼ ਦੀ ਵਾਗਡੋਰ ਆਪਣੀ ਪਸੰਦ ਦੇ ਨੇਤਾ ਦੇ ਹੱਥ ਫੜਾ ਸਕਣ।

## ਸਪੇਸ 'ਚ ਬਣੇਗਾ ਇਤਿਹਾਸ

# ਪਹਿਲੀ ਵਾਰ 2 ਔਰਤਾਂ ਇਕੱਠੇ ਕਰਨਗੀਆਂ ਸਪੇਸਵਾਕ

### ਸੋਲਰ ਪੈਨਲ ਵਿਚ ਲੱਗੀ ਲੀਥੀਅਮ ਆਇਨ ਬੈਟਰੀ ਨੂੰ ਬਦਲਣਗੀਆਂ

ਵਾਸ਼ਿੰਗਟਨ- ਸਪੇਸ ਵਿਚ 2 ਔਰਤਾਂ ਮਿਲ ਕੇ ਇਤਿਹਾਸ ਬਣਾਉਣ ਜਾ ਰਹੀਆਂ ਹਨ । ਪੁਲਾੜ ਵਿਗਿਆਨ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਵੇਗਾ ਜਦੋਂ



ਦੋ ਔਰਤਾਂ ਪੁਲਾੜ ਯਾਤਰੀ ਇਕੱਠੇ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਦੇ ਬਾਹਰ ਸਪੇਸਵਾਕ ਕਰਨਗੀਆਂ । 21 ਅਕਤੂਬਰ ਨੂੰ ਪੁਲਾੜ ਯਾਤਰੀ ਜੇਸਿਕਾ ਮੀਰ ਅਤੇ ਕ੍ਰਿਸਟੀਨਾ ਕੋਚ ਆਈ.ਐੱਸ.ਐੱਸ. ਵਿਚੋਂ ਬਾਹਰ ਨਿਕਲਣਗੀਆਂ ਅਤੇ ਸਪੇਸ ਸਟੇਸ਼ਨ ਦੇ ਸੋਲਰ ਪੈਨਲ ਵਿਚ ਲੱਗੀ ਲੀਥੀਅਮ ਆਇਨ ਬੈਟਰੀ ਨੂੰ ਬਦਲਣਗੀਆਂ । ਇਸ ਤੋਂ ਪਹਿਲਾਂ ਔਰਤਾਂ ਦਾ ਸਪੇਸਵਾਕ ਦਾ ਪ੍ਰੋਗਰਾਮ ਮਾਰਚ ਮਹੀਨੇ ਦਾ ਸੀ ਪਰ ਸਪੇਸਸੂਟ ਨਾ ਹੋਣ ਕਾਰਨ ਪ੍ਰੋਗਰਾਮ ਟਾਲ ਦਿੱਤਾ ਗਿਆ ਸੀ । ਅਕਤੂਬਰ ਦੇ ਮਹੀਨੇ ਵਿਚ ਕੁੱਲ ਮਿਲਾ ਕੇ 5 ਸਪੇਸਵਾਕ ਕੀਤੇ ਜਾਣਗੇ । ਇਨ੍ਹਾਂ ਸਪੇਸਵਾਕ ਜ਼ਰੀਏ ਸਪੇਸ ਸਟੇਸ਼ਨ 'ਤੇ ਮੌਜੂਦ 6 ਪੁਲਾੜ ਯਾਤਰੀ ਬਾਹਰ ਨਿਕਲ ਕੇ ਸਪੇਸ ਸਟੇਸ਼ਨ ਦੀ ਮੁਰੰਮਤ ਕਰਨਗੇ । ਇਸ ਸਮੇਂ ਪੁਲਾੜ ਸਟੇਸ਼ਨ 'ਤੇ ਜੇਸਿਕਾ ਮੀਰ, ਕ੍ਰਿਸਟੀਨੀ ਕੋਚ, ਐਂਡਰਿਊ ਮੋਰਗਨ, ਓਲੇਗ ਸਕ੍ਰੀਪੋਚਾ, ਅਲੈਗਜ਼ੈਂਡਰ ਸਕਵੋਰਤਸੋਵ ਅਤੇ ਲੂਕਾ ਪਰਮਿਤਾਨੋ ਹਨ । ਇਹ ਸਾਰੇ ਅਕਤਬੂਰ ਮਹੀਨੇ ਵਿਚ ਵੱਖ-ਵੱਖ ਤਰੀਕਾਂ 'ਤੇ ਸਪੇਸਵਾਕ ਕਰਨਗੇ । ਇਨ੍ਹਾਂ ਦੇ ਇਲਾਵਾ 5 ਸਪੇਸਵਾਕ ਨਵੰਬਰ ਅਤੇ ਦਸੰਬਰ ਵਿਚ ਕੀਤੇ ਜਾਣਗੇ ।

### ਇਨ੍ਹਾਂ ਤਰੀਕਾਂ ਨੂੰ ਹੋਵੇਗਾ ਸਪੇਸਵਾਕ

11 ਅਕਤੂਬਰ- ਕ੍ਰਿਸਟੀਨਾ ਕੋਚ ਅਤੇ ਐਂਡਰਿਊ ਮੋਰਗਨ ਸਪੇਸ ਸਟੇਸ਼ਨ ਦੇ ਬਾਹਰ ਨਿਕਲ ਕੇ ਸੋਲਰ ਐਰੇ ਵਿਚ ਲੱਗੀ ਲਿਥੀਅਨ ਆਇਨ ਬੈਟਰੀ ਬਦਲਣਗੇ। 16 ਅਕਤੂਬਰ- ਜੇਸਿਕਾ ਮੀਰ ਅਤੇ ਐਂਡਰਿਊ ਮੋਰਗਨ ਸਪੇਸ ਸਟੇਸ਼ਨ ਤੋਂ ਬਾਹਰ ਨਿਕਲ ਕੇ ਸੋਲਰ ਐਰੇ ਵਿਚ ਲੱਗੀ ਲਿਥੀਅਨ ਆਇਨ ਬੈਟਰੀ ਬਦਲਣਗੇ। 21 ਅਕਤੂਬਰ- ਜੇਸਿਕਾ ਮੀਰ ਅਤੇ ਕ੍ਰਿਸਟੀਨਾ ਕੋਚ ਆਈ.ਐੱਸ.ਐੱਸ. ਤੋਂ ਬਾਹਰ ਨਿਕਲਣਗੀਆਂ ਅਤੇ ਸਪੇਸ ਸਟੇਸ਼ਨ ਦੇ ਸੋਲ ਐਰੇ ਵਿਚ ਲੱਗੀ ਲਿਥੀਅਨ ਆਇਨ ਬੈਟਰੀ ਬਦਲਣਗੀਆਂ। 25 ਅਕਤੂਬਰ- ਜੇਸਿਕਾ ਮੀਰ ਅਤੇ ਲੂਕਾ ਪਰਮਿਤਾਨੋ ਸਪੇਸ ਸਟੇਸ਼ਨ ਦੇ ਬਾਹਰ ਨਿਕਲ ਕੇ ਸੋਲਰ ਐਰੇ ਵਿਚ ਲੱਗੀ ਲਿਥੀਅਨ ਆਇਨ ਬੈਟਰੀ ਬਦਲਣਗੇ। 31 ਅਕਤੂਬਰ- ਓਲੇਗ ਸਕਰੀਪੋਚਾ ਅਤੇ ਅਲੈਗਜ਼ੈਂਡਰ ਸਕਵੋਰਤਸੋਵ ਵੀ ਸਪੇਸ ਸਟੇਸ਼ਨ ਤੋਂ ਬਾਹਰ ਨਿਕਲ ਕੇ ਮੁਰੰਮਤ ਦਾ ਕੰਮ ਕਰਨਗੇ।

## ਹੁਣ ਸੌਖਾ ਨਹੀਂ ਮਿਲੇਗਾ ਯੂ.ਐਸ. ਦਾ ਵੀਜ਼ਾ



ਵਾਸ਼ਿੰਗਟਨ- ਯੂ.ਐਸ. ਦਾ ਵੀਜ਼ਾ ਲੈਣਾ ਹੁਣ ਹੋਰ ਵੀ ਮੁਸ਼ਕਲ ਹੋਣ ਜਾ ਰਿਹਾ ਹੈ। ਵ੍ਹਾਈਟ ਹਾਊਸ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਹੁਕਮ ਜਾਰੀ ਕੀਤਾ ਹੈ, ਜਿਸ ਮੁਤਾਬਕ ਹੁਣ ਵੀਜ਼ਾ ਅਰਜ਼ੀ 'ਚ ਲੋਕਾਂ ਨੂੰ ਇਹ ਵੀ ਦੱਸਣਾ ਜ਼ਰੂਰੀ ਹੋਵੇਗਾ ਕਿ ਉਹ ਸਿਹਤ ਸੇਵਾਵਾਂ ਦਾ ਖਰਚ ਖੁਦ ਉਠਾ ਸਕਦੇ ਹਨ ਜਾਂ ਨਹੀਂ। ਇਹ ਇਕ ਅਜਿਹਾ ਕਦਮ ਹੈ ਜਿਸ ਨਾਲ ਗਰੀਬ ਪ੍ਰਵਾਸੀਆਂ ਦਾ ਅਮਰੀਕਾ 'ਚ ਦਾਖਲ ਹੋਣਾ ਮੁਸ਼ਕਲ ਹੋ ਸਕਦਾ ਹੈ। ਨਵਾਂ ਨਿਯਮ 3 ਨਵੰਬਰ ਤੋਂ ਲਾਗੂ ਹੋਣ ਜਾ ਰਿਹਾ ਹੈ। ਇਹ ਨਿਯਮ ਉਨ੍ਹਾਂ ਲੋਕਾਂ 'ਤੇ ਵੀ ਲਾਗੂ ਹੋਵੇਗਾ ਜਿਨ੍ਹਾਂ ਦਾ ਕੋਈ ਰਿਸ਼ਤੇਦਾਰ ਯੂ.ਐੱਸ. 'ਚ ਰਹਿ ਰਿਹਾ ਹੈ, ਯਾਨੀ ਸਭ ਤਰ੍ਹਾਂ ਦੇ ਵਿਦੇਸ਼ੀ ਲੋਕਾਂ ਨੂੰ ਵੀਜ਼ਾ ਅਰਜ਼ੀ 'ਚ ਇਹ ਜਾਣਕਾਰੀ ਸਪੱਸ਼ਟ ਦੇਣੀ ਹੋਵੇਗੀ। ਵ੍ਹਾਈਟ ਹਾਊਸ ਨੇ ਹੁਕਮ ਜਾਰੀ ਕਰਦੇ ਹੋਏ ਕਿਹਾ ਹੈ ਕਿ ਯੂ. ਐੱਸ. ਵੱਲੋਂ ਉਨ੍ਹਾਂ ਲੋਕਾਂ ਨੂੰ ਵੀਜ਼ਾ ਨਹੀਂ ਜਾਰੀ ਕੀਤਾ ਜਾਵੇਗਾ ਜੋ ਖੁਦ ਦੇ ਇਲਾਜ ਦਾ ਖਰਚ ਨਹੀਂ ਉਠਾ ਸਕਦੇ ਤੇ ਅਮਰੀਕੀ ਸਿਹਤ ਸੇਵਾਵਾਂ 'ਤੇ ਵਿੱਤੀ ਬੋਝ ਬਣ ਸਕਦੇ ਹਨ। ਯੂ.ਐੱਸ. 'ਚ ਦਾਖਲ ਹੋਣ ਤੋਂ ਪਹਿਲਾਂ ਵਿਦੇਸ਼ੀ ਨਾਗਰਿਕਾਂ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਨ੍ਹਾਂ ਕੋਲ ਸਿਹਤ ਬੀਮਾ ਹੈ ਜਾਂ ਉਹ ਖੁਦ ਦੇ ਇਲਾਜ ਤੇ ਸਿਹਤ ਸੇਵਾਵਾਂ ਦਾ ਖਰਚ ਪੂਰੀ ਤਰ੍ਹਾਂ ਉਠਾ ਸਕਦੇ ਹਨ। ਯੂ. ਐੱਸ. ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਕਮਾਂ 'ਚ ਕਿਹਾ ਹੈ ਕਿ ਅਮਰੀਕੀ ਸਿਹਤ ਸੇਵਾਵਾਂ 'ਤੇ ਹੁਣ ਇਮੀਗ੍ਰੈਂਟਸ ਦੇ ਖਰਚ ਦਾ ਹੋਰ ਬੋਝ ਨਹੀਂ ਪੈਣ ਦਿੱਤਾ ਜਾ ਸਕਦਾ।

## ਯੂ.ਏ.ਈ. 'ਚ ਭਾਰਤੀ ਔਰਤਾਂ ਨੇ ਵਾਤਾਵਰਨ ਨੂੰ ਬਚਾਉਣ ਲਈ ਵਿੱਢੀ ਮੁਹਿੰਮ

ਦੁਬਈ- ਸੰਯੁਕਤ ਅਰਬ ਅਮੀਰਾਤ 'ਚ ਭਾਰਤੀ ਔਰਤਾਂ ਨੇ ਵਾਤਾਵਰਨ ਨੂੰ ਬਚਾਉਣ ਲਈ ਮੁਹਿੰਮ



ਵਿੱਢੀ ਹੈ । 'ਦਿ ਇੰਡੀਅਨ ਲੇਡੀਜ਼ ਐਸੋਸੀਏਸ਼ਨ' ਯੂ. ਏ. ਈ. ਵਲੋਂ ਵਾਤਾਵਰਨ ਦੀ ਸੰਭਾਲ ਲਈ ਇਕ ਸਾਲ ਦਾ ਲੰਬਾ ਮਿਸ਼ਨ ਚਲਾਇਆ । ਇਸ ਤਹਿਤ ਆਬੂ ਧਾਬੀ 'ਚ ਦਰੱਖਤ ਲਗਾਉਣ, ਬੀਚਾਂ ਦੀ ਸਫਾਈ ਕਰਨ, ਖਰਾਬ ਕਾਗਜ਼ ਅਤੇ ਈ-ਵੇਸਟ ਆਦਿ ਨੂੰ ਸਾਫ ਕਰਨਾ ਸ਼ਾਮਲ ਹੈ । ਐਸੋਸੀਏਸ਼ਨ ਦੀ ਪ੍ਰਧਾਨ ਭਾਰਤੀ ਮੂਲ ਦੀ ਸੁਨੀਤਾ ਵੇਗਲ ਹੈ । ਉਨ੍ਹਾਂ ਨੇ ਦੱਸਿਆ ਕਿ ਉਹ ਹੁਣ ਤਕ 500 ਕਿਲੋ ਕੂੜਾ ਇਕੱਠਾ ਕਰ ਚੁੱਕੇ ਹਨ । ਉਨ੍ਹਾਂ ਨੇ ਸਫਾਈ ਦੌਰਾਨ ਦਫਤਰੀ ਕੰਮਾਂ ਲਈ ਵਰਤੇ ਗਏ ਕਾਗਜ਼, ਮੈਗਜ਼ੀਨ, ਪੁਰਾਣੀਆਂ ਕਿਤਾਬਾਂ, ਕਾਗਜ਼ ਦੇ ਲਿਫਾਫੇ, ਕਿਤਾਬਾਂ ਅਤੇ ਅਖਬਾਰਾਂ ਦੀਆਂ ਕਾਪੀਆਂ ਇਕੱਠੀਆਂ ਕੀਤੀਆਂ ਤੇ ਆਲੇ-ਦੁਆਲੇ ਨੂੰ ਸਾਫ ਕੀਤਾ। ਐਸੋਸੀਏਸ਼ਨ ਵਾਤਾਵਰਨ ਨੂੰ ਸਾਫ ਤੇ ਸਮਾਜ ਨੂੰ ਇਸ ਪ੍ਰਤੀ ਸੁਚੇਤ ਕਰਨ ਲਈ ਲੋਕਾਂ ਨੂੰ ਜਾਗਰੂਕ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨਾਲ ਕਈ ਲੋਕ ਜੁੜ ਚੁੱਕੇ ਹਨ ਤੇ ਉਹ ਮਿਲ ਕੇ ਸਮਾਜ ਨੂੰ ਜਾਣਕਾਰੀ ਦੇ ਰਹੇ ਹਨ ਕਿ ਕਿਵੇਂ ਉਹ ਛੋਟੀ ਜਿਹੀ ਕੋਸ਼ਿਸ਼ ਕਰਕੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਅ ਸਕਦੇ ਹਨ । ਉਨ੍ਹਾਂ ਦੱਸਿਆ ਕਿ ਅਕਤੂਬਰ ਦੇ ਅਖੀਰ ਤਕ ਉਹ ਨਿੰਮ ਵਰਗੇ ਪੌਦੇ ਲਗਾਉਣ ਸਬੰਧੀ ਇਕ ਪਲਾਨ ਲਾਂਚ ਕਰਨਗੇ । ਉਹ ਪੌਦੇ ਲਗਾ ਕੇ ਇਨ੍ਹਾਂ ਦੀ ਸੰਭਾਲ ਸਬੰਧੀ ਕੰਮ ਕਰਾਂਗੇ । ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਲੋਕਾਂ ਨੂੰ ਇਕ ਪਲੇਟਫਾਰਮ ਦੇ ਰਹੀ ਹੈ ਤਾਂ ਕਿ ਲੋਕ ਵਾਤਾਵਰਣ ਬਚਾਉਣ ਲਈ ਕੋਸ਼ਿਸ਼ ਕਰ ਸਕਣ । ਤੁਹਾਨੂੰ ਦੱਸ ਦਈਏ ਕਿ 'ਦਿ ਇੰਡੀਅਨ ਲੇਡੀਜ਼ ਐਸੋਸੀਏਸ਼ਨ' ਆਬੂ ਧਾਬੀ 'ਚ ਉਨ੍ਹਾਂ 5 ਭਾਰਤੀ ਭਾਈਚਾਰੇ ਦੀਆਂ ਆਰਗੇਨਾਇਜ਼ੇਸ਼ਨਾਂ 'ਚੋਂ ਇਕ ਹੈ ਜੋ ਯੂ. ਏ. ਈ. ਮਿਨਿਸਟਰੀ ਆਫ ਕਮਿਊਨਿਟੀ ਵਿਭਾਗ ਵਲੋਂ ਰਜਿਸਟਰਡ ਹਨ ।

## 70 ਸਾਲਾ ਮਹਿਲਾ ਦਾ ਕਮਾਲ, ਪਾਰ ਕੀਤੀ ਖਤਰਨਾਕ ਡੈੱਥ ਰੋਡ

ਲਾ ਪਾਜ਼-ਬੋਲੀਵੀਆ ਦੀ 70 ਸਾਲਾ ਮਿਰਥਾ ਮੁਨੋਜ਼ ਇਨੀਂ ਦਿਨੀਂ ਸੁਰਖੀਆਂ ਵਿਚ ਹੈ। ਉਸ ਨੇ ਹਾਲ ਹੀ ਵਿਚ ਦੁਨੀਆ ਦੀ ਸਭ ਤੋਂ ਖਤਰਨਾਕ ਸੜਕ 'ਤੇ ਦੌੜ ਜਿੱਤ ਕੇ ਬਹਾਦੁਰੀ ਦੀ ਮਿਸਾਲ ਕਾਇਮ ਕੀਤੀ ਹੈ ।



ਗੌਰਤਲਬ ਹੈ ਕਿ ਦੱਖਣੀ ਅਮਰੀਕਾ ਦੇ ਤਰਾਈ ਜੰਗਲਾਂ ਤੋਂ ਲੈ ਕੇ ਬਰਫ ਨਾਲ ਢਕੀਆਂ ਐਂਡੀਜ਼ ਦੀਆਂ ਚਟਾਨਾਂ ਤਕ ਫੈਲੀਆਂ ਵਲਾਵੇਂਦਾਰ ਖਤਰਨਾਕ ਸੜਕਾਂ ਲੱਗਭਗ 11,000 ਫੁੱਟ ਦੀ ਉੱਚਾਈ 'ਤੇ ਬੋਲੀਵੀਆ ਵਿਚ ਸਥਿਤ ਹਨ । 'ਡੈੱਥ ਰੋਡ' ਦੇ ਨਾਮ ਨਾਲ ਮਸ਼ਹੂਰ ਇਸ ਸੜਕ 'ਤੇ ਹਜ਼ਾਰਾਂ ਲੋਕਾਂ ਦੀ ਜਾਨ ਜਾ ਚੁੱਕੀ ਹੈ । 70 ਸਾਲਾ ਮਿਰਥਾ ਮੁਨੋਜ਼ ਨੇ ਇੱਥੇ 67 ਕਿਲੋਮੀਟਰ (37 ਮੀਲ) ਸਟ੍ਰਾਈਕ ਦੌੜ ਜਿੱਤ ਕੇ ਬਹਾਦੁਰੀ ਦੀ ਮਿਸਾਲ ਕਾਇਮ ਕਰ ਦਿੱਤੀ ਹੈ । ਕੋਹਰਾ, ਮੀਂਹ ਅਤੇ ਚਟਾਨਾਂ ਇਸ ਸੜਕ ਦੇ ਮੁੱਖ ਆਕਰਸ਼ਣ ਹਨ । ਮਿਰਥਾ ਨੇ 5 ਸਾਲ ਪਹਿਲਾਂ ਇਸ ਜਨੂੰਨ ਦੀ ਸ਼ੁਰੂਆਤ ਕੀਤੀ ਸੀ । ਦੌੜ ਦੇ ਸੰਸਥਾਪਕਾਂ ਵਿਚੋਂ ਇਕ ਦਾ ਕਹਿਣਾ ਹੈ ਕਿ ਮਿਰਥਾ ਆਪਣੇ 6 ਪੋਤੇ-ਪੋਤੀਆਂ ਨਾਲ ਬਾਈਕ ਦੀ ਸਵਾਰੀ ਕਰਨ ਵਿਚ ਜ਼ਿਆਦਾ ਆਨੰਦ ਲੈਂਦੀ ਹੈ ।

# ਕੱਟੜਪੰਥੀ ਅਕਸ ਛੱਡ ਉਦਾਰਵਾਦ ਦੀ ਰਾਹ 'ਤੇ ਅੱਗੇ ਵਧ ਰਹੇ ਸਾਊਦੀ ਅਰਬ

### ਸਾਊਦੀ ਅਰਬ ਦੇ ਹੋਟਲ 'ਚ ਹੁਣ ਇਕੱਠੇ ਰਹਿ ਸਕਣਗੇ ਔਰਤ-ਮਰਦ



ਰਿਆਧ -ਕੱਟੜਪੰਥੀ ਅਕਸ ਛੱਡ ਉਦਾਰਵਾਦ ਦੀ ਰਾਹ 'ਤੇ ਅੱਗੇ ਵਧ ਰਹੇ ਸਾਊਦੀ ਅਰਬ ਨੇ ਇਕ ਹੋਰ ਕ੍ਰਾਂਤੀਕਾਰੀ ਕਦਮ ਚੁੱਕਿਆ ਹੈ। ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਨਵੇਂ ਵੀਜ਼ਾ ਨਿਯਮ ਲਾਗੂ ਕਰਨ ਤੋਂ ਬਾਅਦ ਸਰਕਾਰ ਨੇ ਹੁਣ ਦੇਸ਼ ਦੇ ਹੋਟਲਾਂ 'ਚ ਵਿਦੇਸ਼ੀ ਔਰਤਾਂ ਤੇ ਮਰਦਾਂ ਨੂੰ ਇਕੱਠੇ ਰਹਿਣ ਦੀ ਛੋਟ ਦਿੱਤੀ ਹੈ। ਉਹ ਆਪਣਾ ਸਬੰਧ ਸਾਬਿਤ ਕੀਤੇ ਬਗ਼ੈਰ ਵੀ ਹੋਟਲ 'ਚ ਇਕੱਠੇ ਰਹਿ ਸਕਣਗੇ। ਇਹੀ ਨਹੀਂ ਸਾਊਦੀ ਔਰਤਾਂ ਨੂੰ ਵੀ ਹੋਟਲ 'ਚ ਕਮਰਾ ਲੈਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਓਕਾਜ ਅਖ਼ਬਾਰ 'ਚ ਸ਼ੁੱਕਰਵਾਰ ਨੂੰ ਸਾਊਦੀ ਦੇ ਸਖ਼ਤ ਨਿਯਮਾਂ 'ਚ ਬਦਲਾਅ ਕੀਤੇ ਜਾਣ ਦੀ ਖ਼ਬਰ ਪ੍ਰਕਾਸ਼ਿਤ ਕੀਤੀ ਗਈ ਸੀ। ਇਨ੍ਹਾਂ ਬਦਲਾਵਾਂ ਤੋਂ ਇਹ ਜਾਹਿਰ ਹੁੰਦਾ ਹੈ ਕਿ ਇਸ ਦਾ ਮਕਸਦ ਗ਼ੈਰ ਵਿਆਹੁਤਾ ਵਿਦੇਸ਼ੀ ਜੋੜਿਆਂ ਦੀ ਯਾਤਰਾ ਨੂੰ ਆਸਾਨ ਕਰਨਾ ਹੈ। ਸਾਊਦੀ ਕਮਿਸ਼ਨ ਫਾਰ ਟੂਰਿਜ਼ਮ ਐਂਡ ਨੈਸ਼ਨਲ ਹੈਰੀਟੇਜ ਨੇ ਇਸ ਖ਼ਬਰ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਾਰੇ ਸਾਊਦੀ ਨਾਗਰਿਕਾਂ ਨੂੰ ਹੋਟਲ 'ਚ ਠਹਿਰਣ ਲਈ ਆਪਣਾ ਫੈਮਿਲੀ ਆਈਡੀ ਜਾਂ ਸਬੰਧ ਸਾਬਿਤ ਕਰਨ ਦਾ ਸਬੂਤ ਦਿਖਾਉਣ ਲਈ ਕਿਹਾ ਗਿਆ ਹੈ। ਇਹ ਵਿਦੇਸ਼ੀ ਸੈਲਾਨੀਆਂ ਲਈ ਜ਼ਰੂਰੀ ਨਹੀਂ ਹੈ। ਜਦਕਿ ਸਾਊਦੀ ਸਮੇਤ ਸਾਰੀਆਂ ਔਰਤਾਂ ਆਪਣਾ ਆਈਡੀ ਮੁਹੱਈਆ ਕਰਵਾ ਕੇ ਹੋਟਲ 'ਚ ਕਮਰਾ ਬੁੱਕ ਕਰ ਸਕਣਗੀਆਂ ਤੇ ਇਕੱਲੀਆਂ ਵੀ ਰਹਿ ਸਕਦੀਆਂ ਹਨ।' ਹਾਲੇ ਤਕ ਤੇਲ ਸੰਪੰਨ ਇਸ ਖਾੜੀ ਦੇਸ਼ 'ਚ ਵਿਦੇਸ਼ੀ ਨਾਗਰਿਕਾਂ ਨੂੰ ਠਹਿਰਣ 'ਤੇ ਵਿਆਪਕ ਬੰਦਿਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

# ਜਾਪਾਨੀ ਪੀਐੱਮ ਨੇ ਕਿਮ ਨਾਲ ਮੁਲਾਕਾਤ ਦੀ ਇੱਛਾ ਪ੍ਰਗਟਾਈ

ਟੋਕੀਓ-ਜਾਪਾਨ ਦੀ ਵਿਦੇਸ਼ ਨੀਤੀ 'ਚ ਬਦਲਾਅ ਦਾ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨੇ ਕਿਹਾ ਕਿ ਉਹ ਉੱਤਰੀ ਕੋਰੀਆ ਦੇ ਸਰਬਉੱਚ ਆਗੂ ਕਿਮ ਜੋਂਗ ਉਨ ਨਾਲ ਮੁਲਾਕਾਤ ਕਰਨ ਦੀ ਇੱਛਾ ਰੱਖਦੇ ਹਨ। ਇਸਦੇ ਲਈ ਉਨ੍ਹਾਂ ਨੇ ਪਹਿਲਾਂ ਕਿਸੇ ਵੀ ਤਰ੍ਹਾਂ ਦੀ ਸ਼ਰਤ ਰੱਖਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਸ਼ੁੱਕਰਵਾਰ ਨੂੰ ਜਾਪਾਨੀ ਸੰਸਦ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਆਪਣੇ ਭਾਸ਼ਣ ਦੌਰਾਨ ਅਬੇ ਨੇ ਇਹ ਗੱਲ ਕਹੀ। ਭਾਸ਼ਣ 'ਚ ਉਨ੍ਹਾਂ ਨੇ ਦੱਖਣੀ ਕੋਰੀਆ ਤੋਂ ਦੂਰੀ ਬਣਾਉਣ ਦਾ ਵੀ ਸੰਕੇਤ ਦਿੱਤਾ। ਕਿਮ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦੀ ਸੰਭਾਵਨਾ 'ਤੇ ਪਹਿਲਾਂ ਅਬੇ ਕਹਿੰਦੇ ਸਨ ਕਿ ਉੱਤਰੀ



ਕੋਰੀਆ ਵੱਲੋਂ ਪਰਮਾਣੂ ਹਥਿਆਰਬੰਦੀ 'ਤੇ ਅੱਗੇ ਵਧੇ ਬਿਨਾਂ ਅਜਿਹਾ ਨਹੀਂ ਹੋ ਸਕਦਾ। ਜਾਪਾਨ ਤੋਂ ਪਹਿਲਾਂ ਚੀਨ, ਰੂਸ ਤੇ ਦੱਖਣੀ ਕੋਰੀਆ ਵੀ ਆਪਣੇ ਰੁਖ਼ 'ਚ ਬਦਲਾਅ ਕਰਦਿਆਂ ਕਿਮ ਨੂੰ ਮਿਲਣ ਦੀ ਇੱਛਾ ਪ੍ਰਗਟਾ ਚੁੱਕੇ ਹਨ। ਉੱਤਰੀ ਕੋਰੀਆ ਵੱਲੋਂ ਹਥਿਆਰਾਂ ਦੀ ਪਰਖ ਨੂੰ ਲੈ ਕੇ ਅਬੇ ਨੇ ਕਿਹਾ ਕਿ ਅਮਰੀਕਾ ਤੇ ਕੌਮਾਂਤਰੀ ਭਾਈਚਾਰੇ ਦੇ ਸਹਿਯੋਗ ਨਾਲ ਸੁਰੱਖਿਆ ਵਿਵਸਥਾ ਪੁਖ਼ਤਾ ਕਰ ਲਈ ਜਾਵੇਗੀ। ਬੀਤੇ ਬੁੱਧਵਾਰ ਨੂੰ ਉੱਤਰੀ ਕੋਰੀਆ ਵੱਲੋਂ ਦਾਗੀ ਗਈ ਇਕ ਮਿਜ਼ਾਈਲ ਜਾਪਾਨ ਦੀ ਸਮੁੰਦਰੀ ਸੀਮਾ 'ਚ ਡਿੱਗੀ ਸੀ।

# 'ਭਾਰਤ ਹਿੰਦੂ ਰਾਸ਼ਟਰ' ਦਾ ਪੰਜਾਬ ਤੱਕ ਪਹੁੰਚਿਆ ਸੇਕ, 'ਆਪ' ਨੇ ਕਿਹਾ, 'ਆਰਐਸਐਸ ਦੇ ਸਰਟੀਫਿਕੇਟ ਦੀ ਨਹੀਂ ਲੋੜ'

ਦੇ ਦੇਖਦੇ-ਦੇਖਦੇ ਹੀ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਪੂਰਾ ਹੋ ਜਾਵੇਗਾ। ਹੁਣ ਇਸ ਵਿੱਚ ਜ਼ਿਆਦਾ ਦੇਰ ਨਹੀਂ ਹੈ। ਮੋਹਨ ਭਾਗਵਤ ਨੇ ਕਿਹਾ ਕਿ ਹਿੰਦੂ ਸਮਾਜ ਜਾਗ ਗਿਆ ਹੈ, ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ। ਉਨ੍ਹਾ ਕਿਹਾ, 'ਅਸੀਂ ਕਿਸੇ ਦਾ ਧਰਮ ਪਰਿਵਰਤਨ ਨਹੀਂ ਕਰਦੇ। ਭੁੱਲਿਆਂ-ਭਟਕਿਆਂ ਨੂੰ ਵਾਪਸ ਲਿਆਉਂਦੇ ਹਾਂ। ਇਹ ਏਧਰੋਂ ਹੀ ਗਏ ਸਨ, ਲੋਭ ਲਾਲਚ 'ਚ ਇਹ ਲੁੱਟ ਲਏ ਗਏ ਸਨ। ਸਾਡਾ ਮਾਲ ਲੁੱਟ ਲਿਆ ਗਿਆ ਹੈ, ਅਸੀਂ ਆਪਣਾ ਮਾਲ ਵਾਪਸ ਲੈ ਰਹੇ ਹਾਂ, ਕਿਸੇ ਨੂੰ ਕੀ ਦਿੱਕਤ ਹੈ? ਪਸੰਦ ਨਹੀਂ ਤਾਂ ਕਾਨੂੰਨ ਲਿਆਓ ਮੋਹਨ ਭਾਗਵਤ ਨੇ ਕਿਹਾ ਕਿ ਹਿੰਦੂ ਸਮਾਜ ਨੇ ਸੰਕਲਪ ਲਿਆ ਹੈ ਕਿ ਹਿੰਦੂ ਸਮਾਜ ਜਦੋਂ ਵੀ ਮਨ ਵਿੱਚ ਸੰਕਲਪ ਕਰਦਾ ਹੈ ਤਾਂ ਉਸ ਸੰਕਲਪ ਨੂੰ ਰੋਕਣ ਦੀ ਤਾਕਤ ਦੁਨੀਆ ਵਿੱਚ ਕਿਸੇ ਦੀ ਵੀ ਨਹੀਂ ਹੁੰਦੀ ਹੈ, ਕਿਉਂਕਿ ਹਿੰਦੂ ਸਮਾਜ ਦਾ ਸੰਕਲਪ ਕਿਸੇ ਦੇ ਵਿਰੁੱਧ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਹਿੰਦੂ ਸਮਾਜ ਦੀ ਉਨਤੀ ਹੁੰਦੀ ਹੈ, ਦੁਨੀਆ ਦਾ ਕਲਿਆਣ ਹੁੰਦਾ ਹੈ। ਭਾਗਵਤ ਨੇ ਕਿਹਾ ਕਿ ਸੰਤ ਸਾਡੇ ਲਈ ਸੰਕਲਪ ਹਨ। ਉਨ੍ਹਾ ਵਿੱਚ ਸਾਰਿਆਂ ਲਈ ਕਲਿਆਣ ਦੀ ਭਾਵਨਾ ਹੈ। ਉਨ੍ਹਾ ਪਿੱਛੇ ਸਾਰਿਆਂ ਦਾ ਸੰਕਲਪ ਅਤੇ ਬਾਹੂਬਲ ਹੈ।ਭਾਗਵਤ ਨੇ ਕਿਹਾ ਕਿ ਹਿੰਦੂ ਰਾਸ਼ਟਰ ਹੈ ਅਤੇ ਹਿੰਦੂ ਜਾਗ ਰਿਹਾ ਹੈ। ਕਿਸੇ ਤੋਂ ਡਰਨਾ ਦੀ ਲੋੜ ਨਹੀਂ ਹੈ। ਡਰਦੇ ਉਹ ਹਨ, ਜਿਨ੍ਹਾਂ ਦੇ ਮਨ ਵਿੱਚ ਪਾਪ ਹੁੰਦਾ ਹੈ। ਹਿੰਦੂਆਂ ਨੇ ਕਦੇ ਵੀ ਕਿਸੇ 'ਤੇ ਜ਼ੁਲਮ ਨਹੀਂ ਕੀਤਾ।ਭਾਗਵਤ ਨੇ ਕਿਹਾ ਕਿ ਹੁਣ ਤੱਕ ਹਿੰਦੂ ਸਹਿਣ ਕਰਦਾ ਰਿਹਾ ਹੈ, ਪਰ ਸਾਡੇ ਕਰਨਾਟਕ ਨੇ ਕਿਹਾ ਹੈ ਕਿ 100 ਤੋਂ ਵੱਧ ਵਾਰੀ ਸਹਿਣ ਨਹੀਂ ਕਰਨਾ ਹੈ, ਹੁਣ ਹੋਰ ਸਹਿਣ ਨਹੀਂ ਕਰਨਾ ਹੈ। ਦੁਨੀਆ ਸਹਿਣ ਕਰਦੀ ਆਈ ਹੈ। ਹੋਰਾਂ ਕੋਲ ਉਪਾਅ ਨਹੀਂ ਹੈ, ਪਰ ਸਾਡੇ ਕੋਲ ਉਪਾਅ ਹੈ, ਹਿੰਦੂ ਜਾਗ ਰਿਹਾ ਹੈ। ਉਨ੍ਹਾ ਕਿਹਾ ਕਿ ਹਿੰਦੂ ਆਪਣੀ ਰੱਖਿਆ ਕਰ ਲਵੇਗਾ ਅਤੇ ਪੂਰੀ ਦੁਨੀਆ ਨੂੰ ਸੁੱਖ ਕਲਿਆਣ ਦਾ ਮੰਤਰ ਦੇਵੇਗਾ। ਭਾਗਵਤ ਨੇ ਕਿਹਾ ਕਿ ਜੋ ਲੋਕ ਭੁੱਲੇ ਭਟਕੇ ਸਨ, ਉਨ੍ਹਾਂ ਨੂੰ ਵਾਪਸ ਲਿਆਵਾਂਗੇ। ਉਨ੍ਹਾ ਕਿਹਾ ਕਿ ਜੇ ਅਸੀਂ ਚੋਰੀ ਹੋਇਆ ਸਾਮਾਨ ਵਾਪਸ ਲਿਆ ਰਹੇ ਹਾਂ, ਇਸ ਵਿੱਚ ਕਿਸੇ ਨੂੰ ਵੀ ਇਤਰਾਜ਼ ਨਹੀਂ ਹੋਣਾ ਚਾਹੀਦਾ ਅਤੇ ਜੇ ਕਿਸੇ ਨੂੰ ਪਸੰਦ ਨਹੀਂ ਤਾਂ ਕਾਨੂੰਨ ਲਿਆਓ। ਭਾਗਵਤ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦਾ ਸਿਰ ਕੱਟਿਆ ਗਿਆ ਸੀ। ਬਾਅਦ ਵਿੱਚ ਦੇਖਿਆ ਤਾਂ ਉਨ੍ਹਾਂ ਇੱਕ ਕਾਗਜ਼ \'ਤੇ ਲਿਖਿਆ ਸੀ, \'ਸਿਰ ਦੇ ਦੀਆ ਸਿਰੜ ਨਹੀਂ ਦੀਆ\' ਪਰ ਅਸੀਂ ਸਿਰ ਵੀ ਬਚਾਵਾਂਗੇ, ਸਿਰੜ ਵੀ ਨਹੀਂ ਦਿਆਂਗੇ। ਭਾਗਵਤ ਨੇ ਕਿਹਾ ਕਿ ਪਾਕਿਸਤਾਨ ਵੀ ਭਾਰਤ ਦੀ ਭੂਮੀ ਹੈ। 1947 ਵਿੱਚ ਜੋ ਕੁਝ ਹੋਇਆ, ਪਰ ਇਹ ਸਥਾਈ ਨਹੀਂ। ਹਿੰਦੂਆਂ ਨੂੰ ਉਠਣ ਨਹੀਂ ਦਿੱਤਾ ਗਿਆ ਤਾਂ ਪਾਕਿਸਤਾਨ ਕਿਹੜਾ ਸੁੱਖ ਭੋਗ ਰਿਹਾ? ਉਨ੍ਹਾ ਕਿਹਾ ਕਿ ਜਦੋਂ ਤੱਕ ਹਿੰਦੂ ਉਠ ਕੇ ਖੜਾ ਨਹੀਂ ਹੁੰਦਾ, ਉਦੋਂ ਤੱਕ ਭਾਰਤ ਵਿੱਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨੂੰ ਸੁੱਖ ਨਹੀਂ ਹੈ। ਭਾਗਵਤ ਨੇ ਕਿਹਾ ਕਿ ਉਹ ਭਾਰਤ ਨੂੰ ਪੂਰਨ ਹਿੰਦੂ ਰਾਸ਼ਟਰ ਖੜਾ ਕਰਨਗੇ। ਸਮਾਗਮ ਵਿੱਚ ਹਾਜ਼ਰ ਲੋਕਾਂ ਦੀ ਜਵਾਨੀ ਪੂਰੀ ਹੋਣ ਤੋਂ ਪਹਿਲਾਂ ਇਹ ਸੁਪਨਾ ਪੂਰਾ ਹੋਵੇਗਾ।

## ਅਕਾਲ ਤਖ਼ਤ ਦੇ ਜਥੇਦਾਰ: ਸੋਨੇ ਦੀ ਪਾਲਕੀ ਦੀ ਥਾਂ ਬੱਚਿਆਂ ਦੀ ਪੜ੍ਹਾਈ 'ਤੇ ਪੈਸਾ ਖਰਚ ਹੋਵੇ

ਨੂੰ ਫੌਰਨ ਹਟਾਇਆ ਜਾਵੇ।"
"ਇਸ ਦੇ ਨਾਲ ਹੀ ਜੋ ਪੈਸਾ ਇਕੱਠਾ ਕੀਤਾ ਗਿਆ ਹੈ ਉਸ ਦਾ ਵੀ ਪੂਰਾ ਹਿਸਾਬ ਤਿਆਰ ਕਰਕੇ ਸਿੱਖ ਸੰਗਤਾਂ ਨੂੰ ਫਲੈਕਸਾਂ ਰਾਹੀਂ ਦੱਸਿਆ ਜਾਵੇ ਤੇ ਨਾਲ ਹੀ ਅਕਾਲ ਤਖ਼ਤ ਸਾਹਿਬ ਨੂੰ ਵੀ ਭੇਜਿਆ ਜਾਵੇ।"
ਜਥੇਦਾਰ ਹਰਪ੍ਰੀਤ ਸਿੰਘ ਨੇ ਸੋਨੇ ਦੀ ਪਾਲਕੀ ਨੂੰ ਗ਼ੈਰ ਜ਼ਰੂਰੀ ਦੱਸਿਆ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਦਿੱਲੀ ਕਮੇਟੀ ਵੱਲੋਂ ਸੋਨੇ ਦੀ ਪਾਲਕੀ ਗੁਰਦੁਆਰਾ ਨਨਕਾਣਾ ਸਾਹਿਬ, ਪਾਕਿਸਤਾਨ ਵਿੱਚ ਦਿੱਤੀ ਗਈ ਸੀ ਜੋ ਅਜੇ ਤੱਕ ਇਸਤੇਮਾਲ ਵਿੱਚ ਨਹੀਂ ਲਿਆਈ ਗਈ ਹੈ।
ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ, "ਸੋਨੇ ਦੀ ਪਾਲਕੀ ਲਿਜਾਉਣ ਲਈ ਵੀ ਇਜਾਜ਼ਤ ਦੀ ਲੋੜ ਹੁੰਦੀ ਹੈ ਪਰ ਦਿੱਲੀ ਕਮੇਟੀ ਕੋਲ ਅਜਿਹੀ ਇਜਾਜ਼ਤ ਨਹੀਂ ਹੈ।"
ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ, "ਸੋਨੇ ਦੀ ਪਾਲਕੀ ਦੀ ਥਾਂ ਜੇ ਕਮੇਟੀ ਵੱਲੋਂ ਪਾਕਿਸਤਾਨ ਵਿੱਚ ਰਹਿ ਰਹੇ ਸਿੱਖਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਪੈਸਾ ਇਕੱਠਾ ਕੀਤਾ ਜਾਂਦਾ ਤਾਂ ਇਸ ਨਾਲ ਕੌਮੀ ਭਲਾ ਵੀ ਹੋਣਾ ਸੀ ਤੇ ਨਾਲ ਹੀ ਸੰਗਤਾਂ ਵਿੱਚ ਰੋਸ ਵੀ ਨਹੀਂ ਹੁੰਦਾ।"
"ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਵਿਖੇ ਸੋਨੇ ਦੀ ਪਾਲਕੀ ਸੁਸ਼ੋਭਿਤ ਕਰਨ ਬਾਰੇ ਅਕਾਲ ਤਖ਼ਤ ਸਿੱਖ ਚਿੰਤਕਾਂ ਨਾਲ ਸਲਾਹ ਕਰਕੇ ਫੈਸਲਾ ਲਵੇਗਾ।"

## ਜਗਮੀਤ ਤੇ ਟਰੂਡੋ ਨੇ ਬਹਿਸ ਦੌਰਾਨ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਬਾਰੇ ਕੀ ਕਿਹਾ

ਮੰਤਰੀ ਜਸਟਿਨ ਟਰੂਡੋ ਨੂੰ ਪੁੱਛਿਆ, "ਤੁਸੀਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਸਫ਼ੀਨ ਹਾਰਪਰ ਨੂੰ ਵਾਤਾਵਰਣ 'ਤੇ ਸਵਾਲ ਚੁੱਕੇ ਪਰ ਖੁਦ ਵੀ ਕਾਮਯਾਬੀ ਹਾਸਿਲ ਨਹੀਂ ਕੀਤੀ, ਫੰਡਿੰਗ 'ਤੇ ਸਵਾਲ ਚੁੱਕੇ ਪਰ ਖੁਦ ਫੰਡਿੰਗ ਅੱਧੀ ਕਰ ਦਿੱਤੀ, ਤੁਸੀਂ ਇਲਜ਼ਾਮ ਲਾਇਆ ਕਿ ਉਨ੍ਹਾਂ ਨੇ ਕਾਰਪੋਰੇਟਰਜ਼ ਨੂੰ ਕਈ ਬਿਲੀਅਨ ਦਿੱਤੇ ਪਰ ਤੁਸੀਂ ਵੀ 40 ਬਿਲੀਅਨ ਹੋਰ ਦਿੱਤੇ। ਤੁਸੀਂ ਲੋਕਾਂ ਨੂੰ ਧੋਖਾ ਦੇ ਰਹੇ ਹੋ, ਜਿਨਾਂ ਨੇ ਤੁਹਾਨੂੰ ਵੋਟ ਪਾਈ।"
ਇਸ ਦੇ ਜਵਾਬ ਵਿੱਚ ਜਸਟਿਨ ਟਰੂਡੋ ਨੇ ਕਿਹਾ, "ਅਸੀਂ ਮੱਧ ਵਰਗੀ ਲੋਕਾਂ ਲਈ ਟੈਕਸ ਕਟੌਤੀ ਕੀਤੀ। ਵਾਤਾਵਰਣ ਬਦਲਾਅ ਵਿੱਚ ਸਟੀਫ਼ਨ ਹਾਰਪਰ ਸਰਕਾਰ ਨੇ ਦਸ ਸਾਲਾਂ ਤੱਕ ਕੁਝ ਨਹੀਂ ਕੀਤਾ। ਪਰ ਅਸੀਂ ਸਿਰਫ਼ ਚਾਰ ਸਾਲਾਂ ਵਿੱਚ ਹੀ ਟੀਚੇ ਦਾ ਤਿੰਨ ਕਵਾਰਟਰ ਪੂਰਾ ਕਰ ਲਿਆ ਹੈ। 2023 ਤੱਕ ਅਸੀਂ ਟੀਚਾ ਪੂਰਾ ਕਰ ਲਵਾਂਗੇ। ਪਰ ਅਸੀਂ ਇੱਥੇ ਹੀ ਨਹੀਂ ਰੁਕਾਂਗੇ ਕਿਉਂਕਿ ਸਾਨੂੰ ਪਤਾ ਹੈ ਕਿ ਇਸ ਲਈ ਹੋਰ ਕੰਮ ਕਰਨ ਦੀ ਲੋੜ ਹੈ। ਅਸੀਂ 200 ਬਿਲੀਅਨ ਬੂਟੇ ਲਾਵਾਂਗੇ।" ਜਗਮੀਤ ਸਿੰਘ ਨੇ ਕਿਹਾ ਕਿ ਵਾਤਾਵਰਣ ਬਦਲਾਅ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਦੀ ਲੋੜ ਹੈ। ਪ੍ਰਦੂਸ਼ਣ ਫੈਲਾਉਣ ਵਾਲੇ ਵੱਡੇ ਲੋਕਾਂ ਨਾਲ ਲੜਨ ਦੀ ਲੋੜ ਹੈ। ਇਸੇ ਕਾਰਨ ਅਸੀਂ ਜੈਵਿਕ ਸੈਕਟਰ ਨੂੰ ਸਬਸਿਡੀ ਦੇਣ ਦੀ ਗੱਲ ਕਰਦੇ ਹਾਂ।ਜਗਮੀਤ ਸਿੰਘ ਨੇ ਬਾਅਦ ਵਿੱਚ ਵਾਤਾਵਰਣ ਬਦਲਾਅ ਬਾਰੇ ਟਵੀਟ ਵੀ ਕੀਤਾ। ਉਨ੍ਹਾਂ ਲਿਖਿਆ, "ਤੁਹਾਨੂੰ ਮਿਸਟਰ ਡਿਲੇਅ (ਜਸਟਿਨ ਟਰੂਡੋ) ਤੇ ਮਿਸਟਰ ਡਿਨਾਈ (ਐਂਡਰਿਊ ਸ਼ੀਅਰ) ਚੋਂ ਹੀ ਚੁਣਨ ਦੀ ਲੋੜ ਨਹੀਂ ਹੈ। ਹੁਣ ਵਾਤਾਵਰਣ ਚੁਣੌਤੀ ਨਾਲ ਲੜਨ ਦੀ ਲੋੜ ਹੈ। ਅਸੀਂ ਪ੍ਰਦੂਸ਼ਣ ਫੈਲਾਉਣ ਵਾਲੇ ਵੱਡੇ ਲੋਕਾਂ ਤੋਂ ਜਿੱਤਣਾ ਹੈ ਤੇ ਤਿੰਨ ਲੱਖ ਨਵੀਆਂ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ।

# ਨਿਊਯਾਰਕ ਵਿਚ 'ਕਸ਼ਮੀਰ ਮਸਲੇ ਲਈ ਨਵੀਆਂ ਚੁਣੌਤੀਆਂ' ਵਿਸ਼ੇ 'ਤੇ ਅਹਿਮ ਚਰਚਾ ਹੋਈ; ਸਿੱਖ ਵਫਦ ਨੇ ਪਾਕਿਸਤਾਨੀ ਕੌਂਸਲ ਜਨਰਲ ਸਮੇਤ ਕੀਤੀ ਸ਼ਮੂਲੀਅਤ

ਨਿਊਯਾਰਕ: ਮੋਦੀ ਸਰਕਾਰ ਵੱਲੋਂ ਕਸ਼ਮੀਰ ਦੇ ਸਿਆਸੀ ਖਾਸ ਰੁਤਬੇ ਨੂੰ ਸੰਵਿਧਾਨਕ ਮਾਨਤਾ ਦੇਣ ਵਾਲੀ ਧਾਰਾ 370 ਹਟਾਉਣ ਤੋਂ ਬਾਅਦ ਜੰਮੂ-ਕਸ਼ਮੀਰ ਦੀ ਬਦਲੀ ਸਥਿਤੀ ਨੂੰ ਮੁੱਖ ਰੱਖਦਿਆਂ ਟਰਾਈ-ਸਟੇਟ ਸਥਿਤ ਪਾਕਿਸਤਾਨੀ ਅਮਰੀਕਨ ਸੋਸਾਇਟੀ ਆਫ ਨਿਊਯਾਰਕ ਵੱਲੋਂ ਲਾਂਗ ਆਈਲੈਂਡ ਵਿਖੇ ਕਸ਼ਮੀਰ ਲਈ ਉਭਰੀਆਂ ਨਵੀਆਂ ਚੁਣੌਤੀਆਂ ਸਬੰਧੀ ਇੱਕ ਖਾਸ ਵਿਚਾਰ ਚਰਚਾ ਕਰਵਾਈ ਗਈ। ਇਸ ਖਰਚਾ ਵਿੱਚ ਖਾਸ ਤੌਰ ਤੇ ਪਾਕਿਸਤਾਨ ਦੀ ਕੌਂਸਲ ਜਨਰਲ ਆਇਸ਼ਾ ਅਲੀ ਅਤੇ ਸਿੱਖ ਵਫਦ ਨੇ ਡਾ. ਅਮਰਜੀਤ ਸਿੰਘ ਦੀ ਅਗਵਾਈ ਵਿੱਚ ਸ਼ਮੂਲੀਅਤ




ਕੀਤੀ।ਕਸ਼ਮੀਰ ਦੀ ਬਦਲੀ ਸਥਿਤੀ ਤੇ ਬੋਲਦਿਆਂ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਕਿਹਾ ਕਿ 2014 ਵਿੱਚ ਹੋਂਦ ਵਿੱਚ ਆਈ ਮੋਦੀ ਸਰਕਾਰ ਅਤੇ ਆਰ.ਐਸ.ਐਸ ਹਿੰਦੀ, ਹਿੰਦੂ ਅਤੇ ਹਿੰਦੁਸਤਾਨ ਦਾ ਏਜੰਡਾ ਲਾਗੂ ਕਰ ਰਹੀ ਹੈ ਅਤੇ ਉਹਨਾਂ ਦਾ ਨਿਸ਼ਾਨਾ ਹਿੰਦੂਤਵੀ ਅਖੰਡ ਭਾਰਤ ਬਣਾਉਣਾ ਹੈ, ਜਿਸ ਤਹਿਤ ਮੁਸਲਮਾਨ ਅਤੇ ਸਿੱਖਾਂ ਸਮੇਤ ਹੋਰ ਘੱਟਗਿਣਤੀਆਂ ਨੂੰ ਆਪਣੇ 'ਚ ਜਜ਼ਬ ਕਰਨ ਜਾਂ ਖਤਮ ਕਰਨ ਲਈ ਮੋਦੀ ਹੁਕੂਮਤ ਵੱਲੋਂ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਾਰਾ 370 ਨੂੰ ਖਤਮ ਕਰਕੇ ਕਸ਼ਮੀਰ ਨੂੰ ਆਪਣੇ ਅਧੀਨ ਕਰਨਾ ਉਸੇ ਨੀਤੀ ਦਾ ਹਿੱਸਾ ਹੈ।ਪਾਕਿਸਤਾਨੀ ਕੌਂਸਲ ਜਨਰਲ ਆਇਸ਼ਾ ਅਲੀ ਨੇ ਕਿਹਾ ਕਿ ਕਸ਼ਮੀਰ ਬਾਰੇ ਚਿੰਤਤ ਹਲਕਿਆਂ ਨੂੰ ਬਾਹਰਲੇ ਮੁਲਕਾਂ ਵਿੱਚ ਭਾਰਤ ਸਰਕਾਰ ਦੇ 'ਝੂਠੇ ਪ੍ਰਚਾਰ' ਨੂੰ ਬੇਨਕਾਬ ਕਰਨਾ ਚਾਹੀਦਾ ਹੈ ਅਤੇ ਕਸ਼ਮੀਰੀਆਂ ਤੇ ਢਾਹੇ ਜਾ ਰਹੇ ਤਸ਼ੱਦਦ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਹਰ ਉੱਦਮ ਕਰਨਾ ਚਾਹੀਦਾ ਹੈ। ਆਇਸ਼ਾ ਅਲੀ ਨੇ ਕਿਹਾ ਕਿ ਅਮਰੀਕਾ ਬੈਠੇ ਕਸ਼ਮੀਰ ਲਈ ਚਿੰਤਤ ਭਾਈਚਾਰੇ ਨੂੰ ਚਾਹੀਦਾ ਹੈ ਕਿ ਇੱਥੋਂ ਦੇ ਸਿਆਸਤਦਾਨਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ ਅਤੇ ਉਹਨਾਂ ਸਾਹਮਣੇ ਕਸ਼ਮੀਰੀਆਂ ਦਾ ਰੱਖਿਆ ਜਾਵੇ।
ਇਸ ਮੌਕੇ ਕਸ਼ਮੀਰੀ ਆਗੂ ਗੁਲਾਮ ਨਬੀ ਫਾਈ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਇੱਕਜੁਟਤਾ ਨਾਲ ਭਾਰਤੀ ਜਬਰ ਦਾ ਸਾਹਮਣਾ ਕਰਨ ਦੇ ਅਮਲ ਹੋਰ ਮਜ਼ਬੂਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਪਾਸਨੀ ਜਥੇਬੰਦੀ ਦੇ ਆਗੂਆਂ ਕਰਨਲ ਮਕਬੂਲ, ਅਸ਼ਰਫ ਆਜ਼ਮੀ, ਰਫੀ ਫਜ਼ਲੀ, ਫਜ਼ਲੁਲ ਸਈਦ, ਓਵੈਸ ਬਿਨਮੋਗਨੀ ਸਮੇਤ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।

## ਭਾਰਤੀ ਉਪ-ਮਹਾਂਦੀਪ ਦਾ ਅਲ-ਕਾਇਦਾ ਮੁਖੀ 'ਅਫ਼ਗਾਨਿਸਤਾਨ 'ਚ ਮਾਰਿਆ ਗਿਆ



ਅਮਰੀਕਾ - ਪਿਛਲੇ ਸਾਲ ਅਮਰੀਕਾ-ਅਫ਼ਗਾਨਿਸਤਾਨ ਦੇ ਸਾਂਝੇ ਮਿਲੀਟਰੀ ਅਪਰੇਸ਼ਨ ਦੌਰਾਨ ਭਾਰਤੀ ਉਪ ਮਹਾਂਦੀਪ ਵਿੱਚ ਅਲ ਕਾਇਦਾ (ਏਕਿਉਆਈਐਸ) ਦੇ ਮੁਖੀ ਆਸਿਮ ਉਮਰ ਦੀ ਮੌਤ ਹੋ ਗਈ ਸੀ। ਇਹ ਦਾਅਵਾ ਅਫ਼ਗਾਨਿਸਤਾਨ ਦੀ ਇੰਟੈਲੀਜੈਂਸ ਨੇ ਕੀਤਾ ਹੈ।
ਨੈਸ਼ਨਲ ਡਾਇਰੈਕਟੋਰੇਟ ਆਫ਼ ਸਿਕਉਰਿਟੀ (ਐਨਡੀਐਸ) ਨੇ ਕਿਹਾ ਕਿ 23 ਸਤੰਬਰ ਨੂੰ ਹੈਲਮੰਦ ਸੂਬੇ ਵਿੱਚ ਤਾਲਿਬਾਨ ਦੇ ਕੈਂਪ 'ਤੇ ਛਾਪੇਮਾਰੀ ਦੌਰਾਨ ਆਸਿਮ ਮਾਰਿਆ ਗਿਆ ਸੀ। ਇਸ ਦੌਰਾਨ ਘੱਟੋ-ਘੱਟ 40 ਆਮ ਨਾਗਰਿਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਹਾਲਾਂਕਿ ਅਮਰੀਕਾ ਤੇ ਅਲ-ਕਾਇਦਾ ਨੇ ਉਮਰ ਦੀ ਮੌਤ ਦੀ ਪੁਸ਼ਟੀ ਨਹੀਂ ਕੀਤੀ ਹੈ।
ਤਾਲਿਬਾਨ ਨੇ ਵੀ ਖ਼ਬਰ ਨੂੰ ਖਾਰਿਜ ਕੀਤਾ ਹੈ। ਤਾਲਿਬਾਨ ਦੇ ਇੱਕ ਬੁਲਾਰੇ ਨੇ ਇਸ ਨੂੰ "ਦੁਸ਼ਮਣ ਦਾ ਝੂਠਾ ਪ੍ਰੋਪੇਗੈਂਡਾ" ਕਰਾਰ ਦੇ ਕੇ ਖਾਰਿਜ ਕੀਤਾ ਹੈ। ਸਗੋਂ ਉਸ ਨੇ ਇਲਜ਼ਾਮ ਲਾਇਆ ਕਿ ਇਸ ਛਾਪੇ ਨਾਲ "ਸਿਰਫ਼ ਨਾਗਰਿਕਾਂ ਦਾ ਹੀ ਵੱਡਾ ਨੁਕਸਾਨ ਹੋਇਆ ਹੈ।"
ਆਸਿਮ ਉਮਰ ਬਾਰੇ ਘੱਟ ਜਾਣਕਾਰੀ ਹੈ ਪਰ ਕਿਹਾ ਜਾਂਦਾ ਹੈ ਕਿ ਉਹ ਭਾਰਤ ਤੋਂ ਸਬੰਧ ਰੱਖਦਾ ਹੈ ਤੇ ਉਸ ਨੇ ਕਈ ਸਾਲ ਪਾਕਿਸਤਾਨੀ ਸ਼ਹਿਰ ਮਿਰਾਨਸ਼ਾਹ ਵਿੱਚ ਗੁਜ਼ਾਰੇ ਹਨ।
ਮੰਗਲਵਾਰ ਨੂੰ ਟਵਿੱਟਰ 'ਤੇ ਸਾਂਝੇ ਕੀਤੇ ਗਏ ਇੱਕ ਬਿਆਨ ਵਿੱਚ ਐਨਡੀਐਸ ਨੇ ਕਿਹਾ, "ਤਾਲਿਬਾਨ ਦੇ ਗੜ੍ਹ ਮੰਨੇ ਜਾਂਦੇ ਮੂਸਾ ਕਾਲਾ ਵਿੱਚ ਅਫ਼ਗਾਨਿਸਤਾਨ-ਅਮਰੀਕਾ ਨੇ ਸਾਂਝੀ ਛਾਪੇਮਾਰੀ ਕੀਤੀ, ਉੱਥੇ ਉਮਰ ਤੇ ਏਕਿਉਆਈਐਸ ਦੇ ਮੈਂਬਰ ਦਫ਼ਨ ਕਰ ਦਿੱਤੇ ਗਏ।"

## ਬਠਿੰਡਾ 'ਚ ਗੰਢਿਆਂ ਦਾ ਟਰੱਕ ਲੁੱਟਣ ਲਈ ਡ੍ਰਾਈਵਰ ਦਾ ਕਤਲ

ਬਠਿੰਡਾ: ਤਿਉਹਾਰ ਦੇ ਦਿਨਾਂ ਵਿੱਚ ਪਿਆਜ਼ ਦੀਆਂ ਕੀਮਤਾਂ ਅਸਮਾਨੀਂ ਛੂਹ ਰਹੀਆਂ ਹਨ। ਅਜਿਹੇ ਵਿੱਚ ਪਿਆਜ਼ ਨਾਲ ਲੱਦੇ ਇੱਕ ਟਰੱਕ ਨੂੰ ਲੁੱਟਣ ਦੀ ਨੀਅਤ ਨਾਲ ਕੁਝ ਅਣਪਛਾਤੇ ਲੋਕਾਂ ਨੇ ਟਰੱਕ ਚਾਲਕ ਬਨਵਾਰੀ ਲਾਲ ਦਾ ਕਤਲ ਕਰ ਦਿੱਤਾ। ਇਹ ਟਰੱਕ ਸਵੇਰ ਤੋਂ ਬਾਦਲ ਫਲਾਈਵਰ ਕੋਲੋਂ ਲੰਘ ਰਿਹਾ ਸੀ ਤਾਂ ਕਿਸੇ ਨੇ ਟਰੱਕ ਚਾਲਕ ਬਨਵਾਰੀ ਲਾਲ 'ਤੇ ਹਮਲਾ ਕਰ ਦਿੱਤਾ। ਸ਼ੱਕ ਹੈ ਕਿ ਹਮਲਾਵਰ ਵੀ ਟਰੱਕ 'ਚ ਹੀ ਸਵਾਰ ਸਨ।
ਜ਼ਖ਼ਮੀ ਹਾਲਤ ਵਿੱਚ ਟਰੱਕ ਚਾਲਕ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਆਉਂਦਿਆਂ ਹੀ ਉਸ ਦੀ ਮੌਤ ਹੋ ਗਈ। ਪੁਲਿਸ ਨੇ ਘਟਨਾ ਵੇਲੇ ਮੌਕੇ 'ਤੇ ਮੌਜੂਦ ਦੂਜੇ ਟਰੱਕ ਚਾਲਕ ਨੂੰ ਹਿਰਾਸਤ ਵਿੱਚ ਲਿਆ ਹੈ। ਟਰੱਕ ਵਿੱਚ ਲੱਦੇ ਇਹ ਪਿਆਜ਼ ਨਾਸਿਕ ਤੋਂ ਬਠਿੰਡਾ ਲਈ ਆਏ ਸੀ।
ਬਠਿੰਡਾ ਪੁਲਿਸ ਨੇ ਦੱਸਿਆ ਕਿ ਪਿਆਜ਼ ਲੁੱਟਣ ਦੀ ਕੋਸ਼ਿਸ਼ ਵਿੱਚ ਡ੍ਰਾਈਵਰ ਦਾ ਦੋ ਗੰਨ ਸ਼ਾਰਟ ਨਾਲ ਕਤਲ ਕੀਤਾ ਗਿਆ। ਇਸ ਦੇ ਨਾਲ ਹੀ ਪੁਲਿਸ ਨੇ ਦੱਸਿਆ ਕਿ ਦੂਜੇ ਚਾਲਕ ਦੇ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਅਣਪਛਾਤਿਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕੈਨੇਡਾ ਚੋਣਾਂ : ਜਸਟਿਨ ਟਰੂਡੋ ਦੀ ਜਿੱਤ ਲਈ ਪੰਜਾਬ 'ਚ ਹੋ ਰਹੀਆਂ ਅਰਦਾਸਾਂ

ਟੋਰਾਂਟੋ- ਕੈਨੇਡਾ ਦੀਆਂ ਫੈਡਰਲ ਚੋਣਾਂ ਦੀ ਤਰੀਕ ਜਿਵੇਂ-ਜਿਵੇਂ ਨੇੜੇ ਆ ਰਹੀ ਹੈ ਉਵੇਂ-ਉਵੇਂ ਸਿਆਸੀ ਪਾਰਟੀਆਂ ਵਲੋਂ ਚੋਣ ਪ੍ਰਚਾਰ ਹੋਰ ਤੇਜ਼ ਕੀਤਾ ਜਾ ਰਿਹਾ ਹੈ । ਕੈਨੇਡਾ ਦੇ ਨਾਲ-ਨਾਲ ਪੰਜਾਬ ਵਿਚ ਵੀ ਚੋਣ ਮੈਦਾਨ ਪੂਰੀ ਤਰ੍ਹਾਂ ਭੱਖ ਚੁੱਕਾ ਹੈ ਅਤੇ ਪੰਜਾਬ ਵਾਸੀ ਵੀ ਪੱਬਾਂ ਭਾਰ ਹਨ । 21 ਅਕਤੂਬਰ ਨੂੰ ਹੋਣ ਜਾ ਰਹੀਆਂ ਚੋਣਾਂ 'ਤੇ ਆਮ ਲੋਕਾਂ ਦੇ ਨਾਲ ਵਿਦਿਆਰਥੀਆਂ ਤੇ ਵੀਜ਼ਾ ਸਲਾਹਕਾਰਾਂ



ਵਲੋਂ ਖਾਸ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਹ ਵੀ ਕੈਨੇਡਾ ਚੋਣਾਂ ਵਿਚ ਕਾਫੀ ਦਿਲਚਸਪੀ ਦਿਖਾ ਰਹੇ ਹਨ।

2015 ਵਿਚ ਚੋਣਾਂ ਵਿਚ ਜਿੱਤ ਹਾਸਲ ਕਰਨ ਵਾਲੇ ਲਿਬਰਲ ਪਾਰਟੀ ਆਫ ਕੈਨੇਡਾ ਦੇ ਆਗੂ ਤੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਵਾਰ ਫਿਰ ਚੋਣਾਂ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿਚ ਹਨ, ਜਿਨ੍ਹਾਂ ਦੀ ਜਿੱਤ ਲਈ ਕੈਨੇਡਾ ਦੇ ਨਾਲ-ਨਾਲ ਪੰਜਾਬ ਵਿਚ ਵੀ ਅਰਦਾਸਾਂ ਹੋ ਰਹੀਆਂ ਹਨ । ਲੋਕਾਂ ਦਾ ਮੰਨਣਾ ਹੈ ਕਿ ਅਗਲੇ ਸਾਲ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦਾ ਭਵਿੱਖ ਸਿੱਧੇ ਤੌਰ 'ਤੇ ਕੈਨੇਡਾ ਵਿਚ ਨਵੇਂ ਚੁਣੇ ਜਾਣ ਵਾਲੇ ਪ੍ਰਧਾਨ ਮੰਤਰੀ 'ਤੇ ਹੀ ਨਿਰਭਰ ਕਰੇਗਾ । 2015 ਤੋਂ ਪਹਿਲਾਂ ਕੈਨੇਡਾ ਵਿਚ ਵਿਦਿਆਰਥੀ ਵੀਜ਼ੇ ਲਈ ਸਖ਼ਤ ਨਿਯਮ ਸਨ ਪਰ ਜਸਟਿਨ ਟਰੂਡੋ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੇ ਸਾਲ ਹੀ 80 ਹਜ਼ਾਰ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਗਿਆ ਸੀ ?

# ਆਸਟ੍ਰੇਲੀਆ 'ਚ ਜਲਵਾਯੂ ਪਰਿਵਰਤਨ ਨੂੰ ਲੈ ਕੇ ਪ੍ਰਦਰਸ਼ਨ, 30 ਲੋਕ ਹਿਰਾਸਤ 'ਚ

**ਨਿਊਜ਼ੀਲੈਂਡ, ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਸਮੇਤ ਪੂਰੀ ਦੁਨੀਆ 'ਚ ਪ੍ਰਦਰਸ਼ਨ ਕਰਨ ਦਾ ਟੀਚਾ**


ਸਿਡਨੀ- ਜਲਵਾਯੂ ਪਰਿਵਰਤਨ ਨੂੰ ਲੈ ਕੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ 'ਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ । ਸੋਮਵਾਰ ਨੂੰ ਸਿਡਨੀ 'ਚ ਪ੍ਰਦਰਸ਼ਨਕਾਰੀਆਂ ਨੇ ਟ੍ਰੈਫਿਕ ਜਾਮ ਕਰ ਦਿੱਤਾ ਜਿਸ ਕਾਰਨ ਪੁਲਸ ਉਨ੍ਹਾਂ ਨੂੰ ਹਟਾਉਣ ਲੱਗ ਗਈ । ਬਹੁਤ ਸਾਰੇ ਪ੍ਰਦਰਸ਼ਨਕਾਰੀ ਬੈਂਕਾਂ ਅਤੇ ਐਨਰਜੀ ਕੰਪਨੀਆਂ 'ਚ ਦਾਖਲ ਹੋ ਗਏ । ਨਿਊ ਸਾਊਥ ਵੇਲਜ਼ ਪੁਲਸ ਨੇ ਦੱਸਿਆ ਕਿ ਪ੍ਰਦਰਸ਼ਨਕਾਰੀ



ਆਮ ਲੋਕਾਂ ਲਈ ਪ੍ਰੇਸ਼ਾਨੀ ਬਣ ਰਹੇ ਸਨ ਤੇ ਉਨ੍ਹਾਂ ਨੂੰ ਉੱਥੋਂ ਹਟਾਇਆ ਜਾ ਰਿਹਾ ਸੀ ਪਰ ਪ੍ਰਦਰਸ਼ਨਕਾਰੀ ਕਾਨੂੰਨ ਦਾ ਉਲੰਘਣ ਕਰ ਰਹੇ ਸਨ। ਸੈਂਕੜੇ ਲੋਕ ਪ੍ਰਦਰਸ਼ਨ ਕਰ ਰਹੇ ਸਨ, ਜਿਨ੍ਹਾਂ 'ਚੋਂ 30 ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ । ਇਨ੍ਹਾਂ 'ਚ 4 ਨਾਬਾਲਗ ਕੁੜੀਆਂ ਵੀ ਸ਼ਾਮਲ ਹਨ । ਰਿਪੋਰਟਾਂ ਮੁਤਾਬਕ ਬ੍ਰਿਸਬੇਨ ਪੁਲ 'ਤੇ ਲੋਕਾਂ ਨੇ ਜਾਮ ਕਰ ਦਿੱਤਾ ਸੀ । ਪ੍ਰਦਰਸ਼ਨਕਾਰੀਆਂ ਦਾ ਨਿਊਜ਼ੀਲੈਂਡ ,ਅਮਰੀਕਾ , ਆਸਟ੍ਰੇਲੀਆ ਅਤੇ ਯੂਰਪ ਸਮੇਤ ਪੂਰੀ ਦੁਨੀਆ ਦੇ ਵੱਡੇ ਸ਼ਹਿਰਾਂ 'ਚ ਪ੍ਰਦਰਸ਼ਨ ਕਰਨ ਦਾ ਟੀਚਾ ਹੈ । ਉਹ ਸਰਕਾਰ ਨੂੰ ਛੇਤੀ ਤੋਂ ਛੇਤੀ ਵਾਤਾਵਰਣ ਨੂੰ ਬਚਾਉਣ ਲਈ ਕਦਮ ਚੁੱਕਣ ਲਈ ਕਹਿ ਰਹੇ ਹਨ । ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਵਾਤਾਵਰਣ ਨੂੰ ਸੰਭਾਲਣ ਲਈ ਠੋਸ ਕਦਮ ਚੁੱਕਣ ਅਤੇ 2025 ਤਕ ਇਸ ਦੇ ਨਤੀਜੇ ਸਪੱਸ਼ਟ ਦਿਖਾਈ ਦੇਣ ।

# ਦਲਾਈਲਾਮਾ ਵੱਲੋਂ ਐਲਾਨੇ ਵਾਰਸ ਨੂੰ ਪੂਰਾ ਤਿੱਬਤੀ ਭਾਈਚਾਰਾ ਮਨਜ਼ੂਰ ਕਰੇਗਾ

ਧਰਮਸ਼ਾਲਾ, 7 ਅਕਤੂਬਰ (ਚ.ਨ.ਸ.): ਤਿੱਬਤੀਆਂ ਦੇ ਧਰਮਗੁਰੂ ਦਲਾਈਲਾਮਾ ਆਪਣਾ ਵਾਰਸ ਖ਼ੁਦ ਤੈਅ ਕਰਨ ।ਇਸ ਬਾਰੇ 24 ਦੇਸ਼ਾਂ ਦੇ ਨੁਮਾਇੰਦਿਆਂ ਨੇ ਮੈਕਲੋਡਗੰਜ 'ਚ ਦਲਾਈਲਾਮਾ ਨਾਲ ਮੁਲਾਕਾਤ ਕਰ ਕੇ ਇਸ ਗੱਲ ਦੀ ਅਪੀਲ ਕੀਤੀ ।



ਨੁਮਾਇੰਦਿਆਂ ਨੇ ਕਿਹਾ ਕਿ ਦਲਾਈਲਾਮਾ ਵੱਲੋਂ ਐਲਾਨੇ ਵਾਰਸ ਨੂੰ ਪੂਰਾ ਤਿੱਬਤੀ ਭਾਈਚਾਰਾ ਮਨਜ਼ੂਰ ਕਰੇਗਾ।ਦਲਾਈਲਾਮਾ ਨੂੰ ਸੌਂਪੀ ਗਈ ਤਜਵੀਜ਼ ਮੈਕਲੋਡਗੰਜ 'ਚ ਤਿੱਬਤੀ ਭਾਈਚਾਰੇ ਦੇ ਲੋਕਾਂ ਦੀ ਤਿੰਨ ਦਿਨਾ ਕਾਰਜਸ਼ਾਲਾ ਦੇ ਆਖ਼ਰੀ ਦਿਨ ਜ਼ਬਾਨੀ ਵੋਟ ਨਾਲ ਪਾਸ ਕਰ ਦਿੱਤੀ ਗਈ ਸੀ ।ਕਾਰਜਸ਼ਾਲਾ 'ਚ 24 ਦੇਸ਼ਾਂ ਦੇ 400 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ । ਪ੍ਰੋਗਰਾਮ 'ਚ ਅਮਰੀਕਾ, ਕੈਨੇਡਾ, ਸਪੇਨ, ਜਾਪਾਨ, ਤਾਇਵਾਨ, ਮੰਗੋਲੀਆ ਤੇ ਆਇਰਲੈਂਡ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ । ਦਲਾਈਲਾਮਾ ਦੇ ਵਾਰਸ ਦੇ ਫ਼ੈਸਲੇ 'ਤੇ ਪਿਛਲੇ ਕਈ ਸਾਲਾਂ ਤੋਂ ਚੀਨ ਦਖ਼ਲ ਦਿੰਦਾ ਆਇਆ ਹੈ । ਚੀਨ ਕਹਿੰਦਾ ਹੈ ਕਿ ਦਲਾਈਲਾਮਾ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਵਾਰਸ ਕੌਣ ਹੋਵੇਗਾ, ਇਹ ਫ਼ੈਸਲਾ ਉਹ ਖ਼ੁਦ ਲਵੇਗਾ ।









ਪਰਮਜੀਤ ਕੌਰ ਸਰਹਿੰਦ



# ਵੀਆਹੁ ਹੋਆ ਮੇਰੇ ਬਾਬੁਲਾ

**ਕੁੜੀ-ਮੁੰਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਗਦੈਲੇ 'ਤੇ ਚਾਦਰ ਵਿਛਾਈ ਜਾਂਦੀ। ਉਸ 'ਤੇ ਪਹਿਲਾਂ ਮੁੰਡਾ ਸ਼ਰਧਾ ਪੂਰਵਕ ਮੱਥਾ ਟੇਕ ਕੇ ਬੈਠ ਜਾਂਦਾ, ਉਸਦੇ ਪਿੱਛੋਂ ਕੁੜੀ ਨੂੰ ਮਾਮਾ-ਮਾਮੀ ਫੜੀ ਆਉਂਦੇ ਕਿਉਂਕਿ ਅੱਜ ਵਾਂਗ ਫ਼ਿਲਮੀ ਅੰਦਾਜ਼ 'ਚ ਸਹੇਲੀਆਂ ਨਾਲ ਠੁਮਕ-ਠੁਮਕ ਤੁਰੀ ਆਉਣ ਵਾਲੀ ਉਹ ਕੁੜੀ ਨਹੀਂ ਸੀ ਹੁੰਦੀ। ਉਦੋਂ ਤਾਂ ਕੁੜੀ ਨੂੰ ਪਹਿਲਾਂ 'ਦੋਸੜਾ' ਭਾਵ ਦੋ ਚੁੰਨੀਆਂ ਦਿੱਤੀਆਂ ਜਾਂਦੀਆਂ।**

ਅਜੋਕੇ ਭੱਜ-ਦੌੜ ਦੇ ਯੁੱਗ ਵਿਚ ਬਹੁਤ ਸਾਰੀਆਂ ਮਾਣਮੱਤੀਆਂ ਇੱਥੋਂ ਤਕ ਕਿ ਧਾਰਮਿਕ ਰਸਮਾਂ ਵੀ ਸੁੰਗੜ ਕੇ ਰਹਿ ਗਈਆਂ ਹਨ। ਲੋਕ ਉਨ੍ਹਾਂ ਦੀ ਮਹੱਤਤਾ ਨੂੰ ਸਮਝਣ ਦੀ ਥਾਂ ਕੇਵਲ ਜ਼ਰੂਰੀ ਕਾਰਜ ਵਾਂਗ ਨਿਪਟਾਉਣ ਵਾਲੀ ਸੋਚ ਦੇ ਧਾਰਨੀ ਬਣਦੇ ਜਾ ਰਹੇ ਹਨ। ਵਿਆਹ ਸਮੇਂ ਅਨੰਦ ਕਾਰਜ ਜਾਂ ਲਾਵਾਂ ਫੇਰੇ ਵੀ ਇਸੇ ਸੋਚ ਦੇ ਪ੍ਰਭਾਵ ਹੇਠ ਆ ਗਏ ਹਨ। ਪਿਛਲੇ ਸਮੇਂ ਇਸ ਕਾਰਜ ਨੂੰ ਪਵਿੱਤਰ ਤੇ ਅਹਿਮ ਰਸਮ ਜਾਣ ਕੇ ਮਾਣ-ਮਰਿਆਦਾ ਨਾਲ ਨਿਭਾਇਆ ਜਾਂਦਾ ਸੀ। ਉਸ ਸਮੇਂ ਬਰਾਤ ਵੀ ਤਿੰਨ-ਤਿੰਨ ਦਿਨ ਰਹਿੰਦੀ ਸੀ। ਇਹ ਗੱਲ ਵੱਖਰੀ ਹੈ ਕਿ ਅੱਜ ਇਕ ਦਿਨ ਦੇ ਵਿਆਹ 'ਤੇ ਹੀ ਉਸ ਤੋਂ ਕਈ



ਗੁਣਾ ਵੱਧ ਖ਼ਰਚਾ ਕੀਤਾ ਜਾਂਦਾ ਹੈ। ਉਸ ਸਮੇਂ ਵਿਆਹ ਘਰ ਦੇ ਜਾਂ ਗੁਆਂਢ ਦੇ ਖੁੱਲ੍ਹੇ ਵਿਹੜੇ ਵਿਚ ਕੀਤੇ ਜਾਂਦੇ ਤੇ ਅਨੰਦ ਕਾਰਜ ਵੀ ਉੱਥੇ ਹੀ। ਉਨ੍ਹਾਂ ਭਲੇ ਵੇਲਿਆਂ ਵਿਚ ਸਵੇਰੇ ਤੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਗੁਰਦੁਆਰਿਓਂ ਲਿਆ ਕੇ ਚਾਨਣੀਆਂ-ਕਨਾਤਾਂ ਵਾਲੇ ਥਾਂ 'ਅਣਲੱਗ' ਨਵਾਂ ਬਿਸਤਰਾ, ਦਰੀ-ਗਦੈਲਾ ਤੇ ਚਾਦਰ ਵਿਛਾ ਕੇ ਮਾਹਰਾਜ ਪ੍ਰਕਾਸ਼ ਕੀਤਾ ਜਾਂਦਾ। ਉਦੋਂ ਕੀਰਤਨ ਢੋਲਕੀ-ਛੈਣੇ ਤੇ ਹਾਰਮੋਨੀਅਮ ਨਾਲ ਕੀਤਾ ਜਾਂਦਾ ਸੀ। ਇਸ ਸੁਭਾਗੇ ਸਮੇਂ ਦਾ ਸਭ ਨੂੰ ਚਾਅ ਅਤੇ ਮਨਾਂ ਵਿਚ ਡੂੰਘੀ ਸ਼ਰਧਾ ਹੁੰਦੀ। ਵੱਡੇ ਬੰਦੇ ਮੂੰਹ ਹਨੇਰੇ ਹੀ ਪ੍ਰਾਹੁਣੇ ਅਰਥਾਤ ਵਿਆਹ ਵਾਲੇ ਮੁੰਡੇ ਨੂੰ ਲੈ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆ ਬੈਠਦੇ। ਹੌਲੀ-ਹੌਲੀ ਸਾਰੀ ਬਰਾਤ ਆ ਜਾਂਦੀ। ਕੁੜੀ ਵਾਲਿਆਂ ਦਾ ਸਾਰਾ ਮੇਲ ਤੇ ਪਰਿਵਾਰ ਵੀ ਹਾਜ਼ਰ ਹੋ ਜਾਂਦਾ। ਗੁਆਂਢ ਤੇ ਸ਼ਰੀਕਾ-ਭਾਈਚਾਰਾ ਇਹ ਸੁਭਾਗਾ ਸਮਾਂ ਕਦੇ ਨਾ ਖੁੰਝਾਉਂਦਾ।

ਅੱਜ-ਕੱਲ੍ਹ ਤਾਂ ਅਨੰਦ-ਕਾਰਜ ਨੂੰ ਕੇਵਲ ਰਸਮ ਦੇ ਤੌਰ 'ਤੇ ਭੱਜ-ਦੌੜ ਕਰਕੇ ਨਿਭਾਇਆ ਜਾਂਦਾ ਹੈ। ਕਈ ਵਾਰ ਇਸ ਸ਼ੁਭ ਕਾਰਜ ਨੂੰ ਤਿੰਨ-ਚਾਰ ਵੀ ਵੱਜ ਜਾਂਦੇ ਹਨ। ਪੈਲੇਸ ਵਿਚ ਖਾਣ-ਪੀਣ ਤੇ ਨੱਚਣ-ਗੌਣ ਵਾਲੀਆਂ ਦੇਖਣ ਜਾਂ ਡੀ.ਜੇ. 'ਤੇ ਚੱਲਦੇ ਗਾਣੇ ਸੁਣਨ ਨੂੰ ਪਹਿਲ ਦਿੱਤੀ ਜਾਂਦੀ ਹੈ। ਮੁੰਡੇ-ਕੁੜੀ ਦੋਵਾਂ ਧਿਰਾਂ ਦੇ ਗਿਣਵੇਂ

ਰਿਸ਼ਤੇਦਾਰ ਮਾਂ-ਪਿਓ ਨਾਲ ਗੁਰਦੁਆਰੇ ਪੁੱਜਦੇ ਹਨ। ਘਰ ਵਿਚ ਤਾਂ ਅਨੰਦ-ਕਾਰਜ ਕਰਾਉਣ ਦੀ ਕੋਈ ਖੇਚਲ ਹੀ ਨਹੀਂ ਕਰਦਾ। ਕੋਈ ਆਸਾ ਦੀ ਵਾਰ ਦਾ ਕੀਰਤਨ ਨਹੀਂ ਹੁੰਦਾ। ਸਿੱਧਾ ਅਨੰਦ ਸਾਹਿਬ ਪੜ੍ਹ ਕੇ ਉਹ ਵੀ ਛੇ ਪਾਉੜੀਆਂ, ਅਰਦਾਸ ਕਰਕੇ ਲਾਵਾਂ

ਕੁੜੀ ਦੋਵੇਂ ਪੂਰੇ ਸਮੇਂ 'ਤੇ ਆਉਂਦੇ ਹਨ। ਇਕ-ਦੋ ਸ਼ਬਦ ਪੜ੍ਹੇ ਜਾਂਦੇ ਹਨ ਤੇ ਘੰਟੇ ਦੇ ਅੰਦਰ ਸਾਰਾ ਕੰਮ ਨਿਪਟਾ ਦਿੱਤਾ ਜਾਂਦਾ ਹੈ। ਬਹੁਤ ਘੱਟ ਲੋਕ ਹਨ ਜੋ ਅਨੰਦ ਕਾਰਜ ਦੀ ਮਹੱਤਤਾ ਨੂੰ ਸਮਝਦੇ ਹੋਏ ਆਦਰ-ਸਤਿਕਾਰ ਤੇ ਸਹਿਜ ਨਾਲ ਇਸ ਕਾਰਜ ਨੂੰ ਨਿਭਾਉਂਦੇ ਹਨ। ਇਸ ਤੋਂ ਬਾਅਦ ਲੋਕ ਮੁੜ ਪੈਲੇਸ ਵਿਚ ਜਾ ਕੇ ਢੋਲ-ਢਮੱਕੇ, ਗਾਉਣ-ਵਜਾਉਣ ਤੇ ਖਾਣ-ਪੀਣ ਵਿਚ ਰੁੱਝ ਜਾਂਦੇ ਹਨ।

ਉਨ੍ਹਾਂ ਸਮਿਆਂ ਵਿਚ ਅਨੰਦ ਕਾਰਜ ਨੂੰ ਬਹੁਤ ਮਹਾਨ ਕਾਰਜ ਸਮਝਿਆ ਜਾਂਦਾ ਸੀ। ਸਾਰੇ ਵਿਆਹ ਦੀ ਸਿਖਰ ਇਸ ਪਵਿੱਤਰ ਰਸਮ ਨੂੰ ਮੰਨਿਆ ਜਾਂਦਾ ਸੀ। ਕੁੜੀ-ਮੁੰਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਗਦੈਲੇ 'ਤੇ ਚਾਦਰ ਵਿਛਾਈ ਜਾਂਦੀ। ਉਸ 'ਤੇ ਪਹਿਲਾਂ ਮੁੰਡਾ ਸ਼ਰਧਾ ਪੂਰਵਕ ਮੱਥਾ ਟੇਕ ਕੇ ਬੈਠ ਜਾਂਦਾ, ਉਸਦੇ ਪਿੱਛੋਂ ਕੁੜੀ ਨੂੰ ਮਾਮਾ-ਮਾਮੀ ਫੜੀ ਆਉਂਦੇ ਕਿਉਂਕਿ ਅੱਜ ਵਾਂਗ ਫ਼ਿਲਮੀ ਅੰਦਾਜ਼ 'ਚ ਸਹੇਲੀਆਂ ਨਾਲ ਠੁਮਕ-ਠੁਮਕ ਤੁਰੀ ਆਉਣ ਵਾਲੀ ਉਹ ਕੁੜੀ ਨਹੀਂ ਸੀ ਹੁੰਦੀ। ਉਦੋਂ ਤਾਂ ਕੁੜੀ ਨੂੰ ਪਹਿਲਾਂ 'ਦੋਸੜਾ' ਭਾਵ ਦੋ ਚੁੰਨੀਆਂ ਦਿੱਤੀਆਂ ਜਾਂਦੀਆਂ। ਫਿਰ ਉੱਪਰੋਂ ਸਫ਼ੈਦ ਚਾਦਰ ਵਿਚ ਇਉਂ ਲਪੇਟਿਆ ਹੁੰਦਾ ਜਿਵੇਂ ਨਵਜੰਮੇ ਬੱਚੇ ਨੂੰ ਲਪੇਟਿਆ ਹੁੰਦਾ ਹੈ। ਉਸ ਦਾ ਮੂੰਹ ਤਾਂ ਕੀ ਹੱਥ ਵੀ ਚਾਦਰ ਤੋਂ ਬਾਹਰ ਨਾ ਦਿਸਦੇ। ਕਿਸੇ ਤਰ੍ਹਾਂ ਮਾੜੀ-ਮੋਟੀ ਚੋਰ-ਮੋਰੀ 'ਚੋਂ ਦੇਖਦੀ ਹੋਈ ਉਹ ਪੈਰ ਪੁੱਟਦੀ ਤੇ ਮੱਥਾ ਟੇਕ ਕੇ ਆਪਣੇ ਬਣਨ ਵਾਲੇ ਸਾਥੀ ਦੇ ਖੱਬੇ ਪਾਸੇ ਬਿਠਾ ਦਿੱਤੀ ਜਾਂਦੀ।

ਜਦੋਂ ਧੀ ਦਾ ਬਾਪ ਕੁੜੀ ਨੂੰ ਮੁੰਡੇ ਦਾ ਪੱਲਾ ਜਾਂ ਲੜ ਫੜਾਉਂਦਾ ਤਾਂ ਸਭ ਦੀਆਂ ਅੱਖਾਂ ਭਰ-ਭਰ ਡੁੱਲ੍ਹਦੀਆਂ। ਵਿਆਹ ਵਾਲੀ ਕੁੜੀ ਹਟਕੋਰੇ ਭਰ-ਭਰ ਰੋਂਦੀ ਕਿਉਂਕਿ ਇਸ ਸਮੇਂ ਬਾਬਲ ਉਸ ਨੂੰ ਪਰਾਈ ਕਰ ਦਿੰਦਾ। ਬਾਬਲ ਆਪਣੇ ਭਰੇ ਮਨ ਨਾਲ ਪਿੱਛੇ ਹੋ ਕੇ ਅੱਖਾਂ ਪੂੰਝਦਾ। ਅੱਜ ਉਹ ਗੱਲਾਂ ਕਿੱਥੇ ? ਨੰਗੇ ਮੂੰਹ ਬੈਠੀ ਕੁੜੀ ਮੌਜ ਨਾਲ ਲਾਵਾਂ ਕਰਵਾਉਂਦੀ ਹੈ ਤੇ ਕੋਈ ਬਹੁਤੀ ਆਧੁਨਿਕ ਤਾਂ ਉਸ ਸਮੇਂ ਦੁਲਹੇ ਨਾਲ ਮਾੜੀ-ਮੋਟੀ ਗੱਲ ਵੀ ਕਰ ਲੈਂਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਆਲੇ-ਦੁਆਲੇ ਕੁੜੀ ਦੇ ਭਰਾ ਥੋੜ੍ਹੀ-ਥੋੜ੍ਹੀ ਵਿੱਥ ਨਾਲ ਖੜ੍ਹੇ ਹੁੰਦੇ। ਜਦੋਂ ਮਹਾਰਾਜ ਦੇ ਦੁਆਲੇ ਲਾਂਵ ਲੈਣੀ ਹੁੰਦੀ ਤਾਂ ਹੌਲੀ-ਹੌਲੀ ਤੁਰਦੀ ਕੁੜੀ ਨੂੰ ਇਕ ਭਰਾ ਫੜ ਕੇ ਤੋਰਦਾ ਤੇ ਅਗਲੇ ਨਾਲ ਖੜ੍ਹੇ ਨੂੰ ਫੜਾ ਕੇ ਸੰਭਾਲ ਦਿੰਦਾ। ਪੰਜ-ਸੱਤ ਭਰਾ ਭੈਣ ਨੂੰ ਫੜ-ਫੜ ਕੇ ਤੋਰਦੇ ਲਾਵਾਂ ਦੀ ਰਸਮ ਕਰਵਾਉਂਦੇ। ਉਨ੍ਹਾਂ ਵਿਚ ਸਕਿਆਂ ਦੇ ਨਾਲ ਸਾਕ-ਸਕੀਰੀ ਵਾਲੇ ਭਰਾ ਵੀ ਹੁੰਦੇ। ਲਾਵਾਂ ਹੋ ਜਾਂਦੀਆਂ ਅਰਦਾਸ ਹੁੰਦੀ, ਕੋਈ ਕੁੜੀ ਵਾਲਿਆਂ ਵੱਲੋਂ 'ਸਿੱਖਿਆ' ਪੜ੍ਹਦਾ ਤੇ ਕੋਈ ਮੁੰਡੇ ਵਾਲਿਆਂ ਵੱਲੋਂ 'ਸਿਹਰਾ' ਪੜ੍ਹਦਾ ਜਿਨ੍ਹਾਂ ਵਿਚ ਦੋਵਾਂ ਨੂੰ ਖ਼ਾਸ ਤੌਰ 'ਤੇ ਕੁੜੀ ਨੂੰ ਮੱਤਾਂ-ਸੁਮੱਤਾਂ ਦਿੱਤੀਆਂ ਜਾਂਦੀਆਂ। ਹੁਣ ਕੁੜੀ ਦੇ ਬਾਬਲ ਨੂੰ 'ਲੜ ਵਧਾਉਣ' ਭਾਵ ਕੁੜੀ ਦੇ ਹੱਥ ਵਿਚ ਫੜਿਆ ਮੁੰਡੇ ਦੇ ਗਲ ਦੀ ਚੁੰਨੀ ਜਾਂ ਤੋਲੀਏ ਦਾ ਲੜ ਮੁੰਡੇ ਨੂੰ ਸੰਭਾਲਣ ਲਈ ਕਿਹਾ ਜਾਂਦਾ ਤੇ ਫਿਰ ਸ਼ਬਦ ਪੜ੍ਹਿਆ ਜਾਂਦਾ-ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 78 ਉੱਤੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਸਿਰੀ ਰਾਗੁ ਵਿਚ ਉਚਾਰਿਆ ਹੋਇਆ ਹੈ:

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥ ਅਨੰਦ ਕਾਰਜ ਸਮੇਂ ਬੈਠੇ ਸਾਰੇ ਸੱਜਣਾਂ ਖ਼ਾਸ ਕਰ ਔਰਤਾਂ ਤੇ ਕੁੜੀਆਂ ਦੇ ਮਨ ਭਰ-ਭਰ ਆਉਂਦੇ। ਬੜਾ ਹੀ ਵੈਰਾਗ ਮਈ ਜਿਹਾ ਮਾਹੌਲ ਹੋ ਜਾਂਦਾ। ਪ੍ਰਸ਼ਾਦ ਵਰਤਾਇਆ ਜਾਂਦਾ ਤੇ ਕੁੜੀ ਨੂੰ ਮਾਮੇ-ਮਾਮੀਆਂ ਜਾਂ ਭਰਾ ਫੜ ਕੇ ਘਰ ਅੰਦਰ ਲੈ ਜਾਂਦੇ। ਮੁੰਡਾ ਵੀ ਉੱਥੋਂ ਉਠਾ ਕੇ ਬਰਾਤੀਆਂ ਕੋਲ ਬਿਠਾਇਆ ਜਾਂਦਾ। ਕੁਝ ਸਮਾਂ ਪਹਿਲਾਂ ਰਿਸ਼ਤੇਦਾਰਾਂ ਵੱਲੋਂ ਉੱਥੇ ਬੈਠੇ ਮੁੰਡੇ-ਕੁੜੀ ਨੂੰ ਹੀ ਸ਼ਗਨ ਪਾ ਦਿੱਤੇ ਜਾਂਦੇ ਸਨ, ਪਰ ਪੁਰਾਣੇ ਸਮਿਆਂ ਵਿਚ ਅਜਿਹਾ ਕੋਈ ਰਿਵਾਜ ਨਹੀਂ ਸੀ। ਅਨੰਦ ਕਾਰਜ ਤੋਂ ਬਾਅਦ ਬਰਾਤ ਡੇਰੇ ਮੁੜ ਜਾਂਦੀ। ਅਜੋਕੇ ਸਮੇਂ ਵਾਂਗ ਕੋਈ ਮੁੰਡਾ-ਕੁੜੀ ਵਿਆਹ ਤੋਂ ਪਹਿਲਾਂ ਇਕ-ਦੂਜੇ ਨੂੰ ਮਿਲਦੇ ਨਹੀਂ ਸਨ। ਸਹੁਰਿਆਂ ਦੇ ਘਰ ਤਾਂ ਕੀ ਪਿੰਡ ਦੀ ਜੂਹ ਵਿਚ ਵੀ ਨਹੀਂ ਵੜਦੇ ਸਨ। ਅਨੰਦ ਕਾਰਜ ਤੋਂ ਬਾਅਦ ਮੁੰਡਾ ਜੁਆਈ ਬਣ ਜਾਂਦਾ। ਉਸ 'ਤੇ ਹੁਣ ਕੋਈ ਬੰਧਨ ਨਾ ਹੁੰਦਾ। ਉਹ ਦੋ-ਚਾਰ ਦੋਸਤਾਂ

ਜਾਂ ਭਰਾ ਨੂੰ ਨਾਲ ਰੱਖਦਾ ਅਤੇ ਉਸ ਨੂੰ ਡੇਰੇ ਜਾਣ ਦੀ ਥਾਂ ਸਹੁਰੇ ਘਰ ਅੰਦਰ ਸ਼ਗਨਾਂ ਨਾਲ ਵਾੜਿਆ ਜਾਂਦਾ। ਉਨ੍ਹਾਂ ਸਮਿਆਂ ਵਿਚ ਥੱਲੇ ਗਦੈਲਾ-ਚਾਦਰ ਵਿਛਾ ਕੇ ਹੀ ਜੁਆਈ-ਭਾਈ ਨੂੰ ਬਿਠਾਇਆ ਜਾਂਦਾ ਸੀ, ਦੂਜੇ ਮੁੰਡੇ ਖੜ੍ਹੇ ਰਹਿੰਦੇ ਜਾਂ ਕੋਈ ਕੋਲ ਬੈਠ ਵੀ ਜਾਂਦਾ। ਸੱਸ ਆਪਣੇ ਜੁਆਈ ਨੂੰ ਟਿੱਕਾ ਕਰਦੀ ਤੇ ਪੱਲੇ ਪੁੜੀ ਪਾਉਂਦੀ। ਇਸ ਦੌਰਾਨ ਹੀ ਕੋਈ ਨੇੜੇ ਦੀ ਰਿਸ਼ਤੇਦਾਰ ਹੀ ਇਹ ਸ਼ਗਨ ਕਰਦੀ ਸਾਰੀਆਂ ਨਹੀਂ। ਇਸ ਮੌਕੇ ਨੂੰ 'ਦੁੱਧ ਪਿਆਉਣ' ਦੀ ਰਸਮ ਕਿਹਾ ਜਾਂਦਾ। ਜੁਆਈ ਨੂੰ ਤੇ ਨਾਲ ਦੇ ਮੁੰਡਿਆਂ ਨੂੰ ਪਿੱਤਲ ਦੇ ਫਿਰ ਸਟੀਲ ਦੇ ਗਲਾਸ



ਭਰ ਕੇ ਦੁੱਧ ਪਿਆਇਆ ਜਾਂਦਾ। ਅੱਜ ਤਾਂ ਇਹ ਰਸਮਾਂ ਹੀ ਮੁੱਕਦੀਆਂ ਜਾ ਰਹੀਆਂ ਹਨ। ਘਰ ਦੀ ਬਣੀ ਮਠਿਆਈ ਦੀ ਸਾਰੀ ਵੰਨਗੀ ਥਾਲ ਵਿਚ ਜੁਆਈ ਨੂੰ ਤੇ ਨਾਲ ਦੇ ਮੁੰਡਿਆਂ ਨੂੰ ਪਰੋਸੀ ਜਾਂਦੀ। ਕੁੜੀਆਂ ਲਈ ਇਹ ਸੁਨਹਿਰੀ ਮੌਕਾ 'ਬਿੱਲੀ ਭਾਣੇ ਛਿੱਕਾ ਟੁੱਟਣ' ਵਰਗਾ ਹੁੰਦਾ। ਉਹ ਚਾਰੇ ਪਾਸੇ ਤੋਂ ਉਨ੍ਹਾਂ ਨੂੰ ਘੇਰ ਲੈਂਦੀਆਂ ਤੇ ਤਰ੍ਹਾਂ-ਤਰ੍ਹਾਂ ਦੇ ਮਖੌਲ ਕਰਦੀਆਂ। ਪਿਛਲੇ ਸਮੇਂ 'ਛੰਦਾਂ' ਦਾ ਅਦਾਨ-ਪ੍ਰਦਾਨ ਵੀ ਹੁੰਦਾ ਸੀ। ਕੁੜੀਆਂ ਕਹਿੰਦੀਆਂ: ਛੰਦ ਪਰਾਗੇ ਆਈਏ ਜਾਈਏ

ਛੰਦ ਪਰਾਗੇ ਦਾਣੇ
ਕੀ ਜੀਜਾ ਤੂੰ ਜੰਝ ਲਿਆਇਆ ਸਾਰੇ ਨਿੱਕੇ ਨਿਆਣੇ

ਵਿਆਂਦੜ੍ਹ ਨਾਲ ਦੇ ਮੁੰਡੇ ਜਾਂ ਉਹ ਖ਼ੁਦ ਕਹਿੰਦਾ:

ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਚੀਰੇ
ਜਾਂਞੀ ਸਾਰੇ ਰਾਂਝੇ ਵਰਗੇ ਕਰ ਲੈ ਪਸੰਦ ਕੋਈ ਹੀਰੇ

ਫਿਰ ਕੁੜੀਆਂ ਗਾਲ੍ਹਾਂ ਦਿੰਦੀਆਂ-'ਬਲੱਜ ਕਿਤੋਂ ਦੇ ਮਾਂ ਨੇ ਅਕਲ ਨੀ ਦੇ ਕੇ ਤੋਰਿਆ ?' ਤੇ ਕੋਈ ਸਿਆਣੀ ਔਰਤ ਕੁੜੀਆਂ ਨੂੰ ਹੀ ਝਿੜਕਦੀ 'ਚੁੱਪ ਕਰੋ ਨੀਂ ਬਹੁਤੀਆਂ ਨਾ ਬੋਲੋ' ਤੇ ਗੱਭਰੂ ਮੁਸਕੜੀਏ ਹੱਸਦੇ। ਕੋਈ ਅਕਲ ਵਾਲੀ ਮੁਟਿਆਰ ਮੌਕਾ ਸਾਂਭ ਕੇ ਹੇਅਰਾ ਲਾਉਂਦੀ:

ਜੀਜਾ ਡੱਬੀ ਮੇਰੀ ਰੰਗਲੀ ਕੋਈ ਵਿਚ ਸੋਨੇ ਦੀ
ਵੇ ਕਰਮਾਂ ਵਾਲਿਆ ਵੇ ਡਲੀ
ਜੇ ਤੂੰ ਫੁੱਲ ਗੁਲਾਬ ਦਾ ਮੇਰੀ ਭੈਣ ਚੰਬੇ ਦੀ ਵੇ ਕਲੀ

ਹੁਣ ਅਸੀਂ ਇਨ੍ਹਾਂ ਰੰਗਲੀਆਂ ਰਸਮਾਂ ਤੋਂ ਵਿਹੂਣੇ ਹੋ ਕੇ ਦਿਖਾਵਿਆਂ-ਅਡੰਬਰਾਂ ਵਿਚ ਉਲਝ ਕੇ ਰਹਿ ਗਏ ਹਾਂ। ਉਨ੍ਹਾਂ ਸੋਹਣੀਆਂ ਸਾਦੀਆਂ ਰਸਮਾਂ ਵਿਚ ਜੋ ਮਨ ਦਾ ਸੁੱਖ-ਚੈਨ, ਅਪਣੱਤ ਤੇ ਰੂਹਾਨੀ ਤ੍ਰਿਪਤੀ ਮਿਲਦੀ ਸੀ, ਅੱਜ ਉਹ ਸੁਪਨਾ ਬਣ ਕੇ ਰਹਿ ਗਈ ਹੈ। 'ਅਨੰਦ ਕਾਰਜ' ਸੱਚ-ਮੁੱਚ ਹੀ ਮਨਾਂ ਨੂੰ ਅਨੰਦ ਬਖ਼ਸ਼ਦਾ ਸੀ।





# ਦਬਾਓ ਅਤੇ ਤਣਾਓ

## ਦਬਾਓ ਅਤੇ ਤਣਾਓ ਦੀ ਸਮੱਸਿਆ ਮਾਨਸਿਕ ਹੁੰਦੀ ਹੈ, ਅਸਰ ਸਰੀਰਕ ਹੁੰਦਾ ਹੈ।

ਨਰਿੰਦਰ ਸਿੰਘ ਕਪੂਰ


ਪ੍ਰਗਟਾਵਾ, ਗ਼ਲਤੀਆਂ ਅਤੇ ਵਿਗੜੇ ਵਿਹਾਰ ਰਾਹੀਂ ਹੁੰਦਾ ਹੈ ਅਤੇ ਭੁਗਤਿਆ ਰੋਗ ਰਾਹੀਂ ਜਾਂਦਾ ਹੈ। ਦਬਾਓ ਅਕਸਰ ਕੰਮ ਦਾ ਤੇ ਤਣਾਓ ਰਿਸ਼ਤੇ ਦਾ ਹੁੰਦਾ ਹੈ। ਆਰਥਿਕ, ਰਾਜਨੀਤਕ ਅਤੇ ਕੰਮਕਾਜੀ ਸਮੱਸਿਆਵਾਂ ਦਬਾਓ ਉਪਜਾਉਂਦੀਆਂ ਹਨ ਜਦੋਂਕਿ ਸਮਾਜਿਕ ਅਤੇ ਪਰਿਵਾਰਕ ਸਮੱਸਿਆਵਾਂ ਤਣਾਓ ਪੈਦਾ ਕਰਦੀਆਂ ਹਨ। ਘਰੋਂ ਬਾਹਰ ਅਸੀਂ ਅਕਸਰ ਦਬਾਓ ਅਧੀਨ ਹੁੰਦੇ ਹਾਂ। ਜਦੋਂਕਿ ਘਰ ਅੰਦਰ ਪਰਿਵਾਰਕ ਲੋੜਾਂ ਪੂਰੀਆਂ ਨਾ ਕਰ ਸਕਣ ਕਾਰਨ ਅਤੇ ਪਤੀ-ਪਤਨੀ ਦੇ ਸਬੰਧ ਸੁਖਾਵੇਂ ਨਾ ਹੋਣ ਕਾਰਨ ਤਣਾਓ ਹੁੰਦਾ ਹੈ। ਇਹ ਦੋਵੇਂ ਸਥਿਤੀਆਂ ਢਹਿੰਦੀ ਕਲਾ ਉਪਜਾਉਂਦੀਆਂ ਹਨ। ਜੇ ਮਨੁੱਖ ਤਣਾਓ-ਮੁਕਤ ਹੋਵੇ ਤਾਂ ਉਹ ਦਬਾਓ ਬਰਦਾਸ਼ਤ ਕਰ ਲੈਂਦਾ ਹੈ। ਜੇ ਦਬਾਓ ਵੀ ਹੋਵੇ ਅਤੇ ਤਣਾਓ ਦਾ ਵੀ ਸਾਹਮਣਾ ਹੋਵੇ ਤਾਂ ਸਥਿਤੀ ਗੰਭੀਰ ਹੋ ਜਾਂਦੀ ਹੈ। ਪੁਰਸ਼ ਵੱਲੋਂ ਇਸਤਰੀ ਉੱਤੇ ਦਬਾਓ ਪਾਉਣ ਅਤੇ ਇਸਤਰੀ ਵੱਲੋਂ ਪੁਰਸ਼ ਵਿਚ ਤਣਾਓ ਉਪਜਾਉਣ ਦੀ ਅਥਾਹ ਸਮਰੱਥਾ ਹੁੰਦੀ ਹੈ। ਇਹ ਸਥਿਤੀ ਅਕਸਰ ਆਤਮਘਾਤ ਅਤੇ ਤਲਾਕ ਦਾ ਕਾਰਨ ਬਣ ਜਾਂਦੀ ਹੈ। ਸ਼ੁੱਧ ਦਬਾਓ ਅਤੇ ਖਾਲਸ ਤਣਾਓ ਸੰਭਵ ਨਹੀਂ ਹੁੰਦਾ। ਭਾਰਤ ਵਿਚ ਇਨ੍ਹਾਂ ਦੋ ਸੰਕਲਪਾਂ ਨੂੰ ਅਕਸਰ ਰਲਗੱਡ ਕਰ ਦਿੱਤਾ ਜਾਂਦਾ ਹੈ। ਅਜੋਕੇ ਜੀਵਨ ਵਿਚ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਤੋਂ ਲੈ ਕੇ ਬਜ਼ੁਰਗਾਂ ਤਕ ਹਰੇਕ ਵਿਅਕਤੀ ਕਿਸੇ ਨਾ ਕਿਸੇ ਦਬਾਓ ਅਧੀਨ ਅਤੇ ਤਣਾਓਗ੍ਰਸਤ ਹੈ ਜਿਸ ਕਾਰਨ ਢਹਿੰਦੀ ਕਲਾ ਬੜੀ ਵਿਆਪਕ ਹੈ।

ਦਬਾਓ-ਤਣਾਓ ਹਮੇਸ਼ਾ ਹੀ ਰਿਹਾ ਹੈ। ਹਰੇਕ ਜੀਵ ਅਨੇਕਾਂ ਵਾਰ ਦਬਾਓ-ਤਣਾਓ ਦਾ ਸ਼ਿਕਾਰ ਹੁੰਦਾ ਹੈ, ਪਰ ਜੇ ਇਨ੍ਹਾਂ ਦੀ ਮਾਤਰਾ ਬਹੁਤ ਅਧਿਕ ਹੋ ਜਾਵੇ ਤਾਂ ਯੋਗ-ਗੁਰੂ, ਹਕੀਮ, ਡਾਕਟਰ ਜਾਂ ਸਲਾਹਕਾਰ ਕੋਲ ਜਾਣਾ ਪੈਂਦਾ ਹੈ। ਜੇ ਅਜਿਹੀ ਸਥਿਤੀ ਲਗਾਤਾਰ ਜਾਰੀ ਰਹੇ ਤਾਂ ਇਹ ਸ਼ੱਕਰ-ਰੋਗ ਜਾਂ ਦਿਲ ਦੇ ਰੋਗਾਂ ਦੀ ਸਮੱਸਿਆ ਬਣ ਜਾਂਦੀ ਹੈ। ਕਿਸੇ ਵੱਲੋਂ ਵਧੇਰੇ ਗ਼ੈਰਹਾਜ਼ਰ ਰਹਿਣ ਜਾਂ ਵਧੇਰੇ ਛੁੱਟੀਆਂ ਲੈਣ ਦਾ ਕਾਰਨ ਅਕਸਰ ਕੰਮ ਪ੍ਰਤੀ ਉਸ ਦੀ ਅਸੰਤੁਸ਼ਟਤਾ ਹੁੰਦੀ ਹੈ। ਇਕ ਵਿਅਕਤੀ ਨੂੰ ਆਪਣੇ ਕੰਮ ਨਾਲ ਨਫ਼ਰਤ ਸੀ, ਪਰ ਫਿਰ ਵੀ ਨੌਕਰੀ ਇਸ ਲਈ ਕਰੀ ਜਾਂਦਾ ਸੀ ਕਿਉਂਕਿ ਦਫ਼ਤਰ ਘਰ ਦੇ ਨੇੜੇ ਸੀ ਅਤੇ ਕੰਮ ਬਹੁਤਾ ਨਹੀਂ ਸੀ। ਇਕ ਇਸਤਰੀ ਦਾ ਪਤੀ ਦੌਰੇ 'ਤੇ ਰਹਿੰਦਾ ਸੀ, ਬੱਚੇ ਵਿਦੇਸ਼ ਸਨ। ਉਸ ਨੇ ਆਤਮਘਾਤ ਦਾ ਯਤਨ ਨਿਰੋਲ ਅਕੇਵੇਂ ਕਾਰਨ ਕੀਤਾ, ਪਰ ਸਫਲ ਨਾ ਹੋਈ। ਅਜਿਹੇ ਵਿਅਕਤੀ ਦੀ ਨਿਰੰਤਰ ਨਿਗਰਾਨੀ ਕਰਨੀ ਪੈਂਦੀ ਹੈ ਜਿਹੜੀ ਨਿਗਰਾਨੀ ਕਰਨ ਵਾਲੇ ਵਿਚ ਨਿਰਾਸ਼ਾ ਉਪਜਾਉਂਦੀ ਹੈ। ਇਕ ਵਿਅਕਤੀ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਸੀ। ਪਤੀ, ਪਤਨੀ ਨਾਲੋਂ ਵੱਖ ਰਹਿੰਦਾ ਸੀ, ਉਹ ਤਲਾਕ ਲੈ ਸਕਦਾ ਸੀ, ਪਰ ਉਸ ਨੇ ਪਤਨੀ ਨੂੰ ਸਬਕ ਸਿਖਾਉਣ ਦੇ ਮਨੋਰਥ ਅਧੀਨ ਆਪਣੇ ਤਿੰਨ ਭਰਾਵਾਂ ਨਾਲ ਰਲ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਹਰ ਕਿਸੇ ਲਈ ਮੁਸੀਬਤ ਉਪਜਾ ਦਿੱਤੀ। ਕਈ ਵਿਦਿਆਰਥੀ ਆਪਣੀ ਸਮਰੱਥਾ ਨਾਲੋਂ ਵਧੇਰੇ ਮੁਸ਼ਕਿਲ ਕੋਰਸ ਵਿਚ ਦਾਖਲ ਹੋਣ ਦੇ ਦਬਾਓ-ਤਣਾਓ ਦੇ ਸ਼ਿਕਾਰ ਹੋ ਕੇ ਨਸ਼ੇ ਕਰਨ ਲੱਗ ਪੈਂਦੇ ਹਨ ਜਾਂ ਗੈਂਗ ਉਸਾਰਨ ਲੱਗ ਪੈਂਦੇ ਹਨ। ਸੜਕੀ ਮੌਤਾਂ ਦੀ ਵਧਦੀ ਗਿਣਤੀ ਦਾ ਮੁੱਖ ਕਾਰਨ ਕਾਹਲ ਅਤੇ ਤਣਾਓ ਹੁੰਦਾ ਹੈ। ਦਬਾਓ ਅਧੀਨ ਕਿਸਾਨ ਆਤਮਘਾਤ ਕਰ ਰਹੇ ਹਨ। ਦਬਾਓ-ਤਣਾਓ ਕਾਰਨ ਹੀ ਇਸਤਰੀਆਂ ਠੰਢੀਆਂ ਅਤੇ ਪੁਰਸ਼ ਨਿਪੁੰਸਕ ਹੋ ਰਹੇ ਹਨ।

ਜੀਵਨ ਵਿਚ ਦਬਾਓ-ਤਣਾਓ ਵਧਣ ਦਾ ਕਾਰਨ ਉਦਯੋਗਿਕ ਕਰਾਂਤੀ ਦੇ ਫਲਸਰੂਪ ਜੀਵਨ ਦਾ ਸ਼ਹਿਰੀਕਰਨ ਹੋਣਾ ਹੈ। ਸ਼ਹਿਰਾਂ ਵਿਚ ਜੀਵਨ ਦੀ ਰਫ਼ਤਾਰ ਤੇਜ਼ ਹੋਈ ਹੈ ਅਤੇ ਹਰ ਕੋਈ ਦੌੜ ਰਿਹਾ ਮਹਿਸੂਸ ਕਰਦਾ ਹੈ। ਪਹਿਲਾਂ ਦਬਾਓ-ਤਣਾਓ ਦੀ ਸਮੱਸਿਆ ਸ਼ਹਿਰਾਂ ਵਿਚ ਹੀ ਸੀ, ਪਰ ਸੌਖੇ ਸੰਚਾਰ ਕਾਰਨ ਸੂਚਨਾ ਅਤੇ ਸਮਝ ਵਧਣ ਕਾਰਨ ਹਰ ਖੇਤਰ ਵਿਚ ਮੁਕਾਬਲਾ ਅਤੇ ਹਰ ਗੱਲ ਦਾ ਵਿਸ਼ਲੇਸ਼ਣ ਹੋਣ ਲੱਗ ਪਿਆ ਹੈ। ਹਰ ਵਰਤਾਰੇ ਅਤੇ ਕਥਨ ਵਿਚ ਕੰਘੀ ਫੇਰਨ ਦੀ ਆਦਤ ਕਾਰਨ ਧਰਮ ਦੀਆਂ ਸਹਿਜ ਜੀਵਨ ਵਾਲੀਆਂ ਕਦਰਾਂ-ਕੀਮਤਾਂ ਖੁਰਨ ਲੱਗ ਪਈਆਂ ਹਨ ਅਤੇ ਪਿਓ-ਪੁੱਤਰ ਦਾ ਸਹਿਯੋਗੀ ਰਿਸ਼ਤਾ, ਵਿਰੋਧੀ ਰਿਸ਼ਤਾ ਬਣਦਾ ਜਾ ਰਿਹਾ ਹੈ। ਸੰਚਾਰ ਸਹੂਲਤਾਂ ਕਾਰਨ ਨਾਜਾਇਜ਼ ਸਬੰਧਾਂ ਦੇ ਵਧਣ ਕਰਕੇ ਪਰਿਵਾਰ ਟੁੱਟ ਰਹੇ ਹਨ। ਹੁਣ ਜਦੋਂ ਕਿਸੇ ਨੂੰ ਆਪਣੀਆਂ ਪ੍ਰੇਸ਼ਾਨੀਆਂ ਦੱਸੋਗੇ, ਅੱਗੋਂ ਦੁੱਗਣੀਆਂ ਤਿੱਗਣੀਆਂ ਸੁਣਨੀਆਂ ਪੈਣਗੀਆਂ। ਬਹੁਤੇ ਪਿਓ-ਪੁੱਤਰ ਰੁੱਸੇ ਹੋਏ ਹਨ ਅਤੇ ਬਹੁਤੀਆਂ ਮਾਵਾਂ-ਧੀਆਂ ਇਕ-ਦੂਜੀ 'ਤੇ ਸ਼ੱਕ ਕਰਦੀਆਂ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ ਤਣਾਓ-ਦਬਾਓ ਦੀ ਸਮੱਸਿਆ ਤੋਂ ਹਰ ਕੋਈ ਪੀੜਤ ਹੋਣ ਕਰਕੇ ਇਸ ਨੂੰ ਨਿਯੰਤਰਨ ਵਿਚ ਰੱਖਣ ਦੇ ਕੋਰਸ ਕਰਵਾਏ ਜਾ ਰਹੇ ਹਨ। ਹਰੇਕ ਵਿਅਕਤੀ ਦੀ ਸਮੱਸਿਆ ਵੱਖਰੀ ਹੈ, ਸੋ ਇਲਾਜ ਵੀ ਵੱਖਰਾ ਹੋਵੇਗਾ। ਜਿਵੇਂ ਇਕ ਵਿਅਕਤੀ ਨੂੰ ਤੀਹ ਸਾਲ ਤੋਂ ਇਹ ਤੌਖ਼ਲਾ ਪ੍ਰੇਸ਼ਾਨ ਕਰ ਰਿਹਾ ਸੀ ਕਿ ਉਸ ਦੀ ਪਤਨੀ ਉਸ ਨੂੰ ਛੱਡ ਜਾਵੇਗੀ। ਉਸ ਨੇ ਹਾਲਾਤ ਹੀ ਅਜਿਹੇ ਪੈਦਾ ਕਰ ਦਿੱਤੇ ਕਿ ਪਤਨੀ ਤਿੰਨ ਧੀਆਂ ਵਿਚੋਂ ਅਖੀਰਲੀ ਦਾ ਵਿਆਹ ਹੁੰਦਿਆਂ ਹੀ ਛੱਡ ਗਈ ਅਤੇ ਪਤੀ ਹੁਣ ਪਾਗ਼ਲਖਾਨੇ ਵਿਚ ਹੈ।

ਬਹੁਤੇ ਲੋਕਾਂ ਨੂੰ ਪ੍ਰਦੂਸ਼ਣ ਦੇ ਅਰਥਾਂ ਵਾਂਗ ਤਣਾਓ ਦੇ ਅਰਥ ਹੀ ਸਪਸ਼ਟ ਨਹੀਂ ਹਨ ਜਿਸ ਕਾਰਨ ਉਹ ਆਪਣੇ ਰੋਗ ਨੂੰ ਵੱਖਰੇ-ਵੱਖਰੇ ਲੱਛਣਾਂ ਨਾਲ ਦੱਸਦੇ ਹਨ। ਕੀਮਤਾਂ ਦਾ ਵਧਣਾ ਤਣਾਓ ਉਪਜਾਉਂਦਾ ਹੈ। ਇਸ ਨਾਲ ਹਿੰਸਾ ਅਤੇ ਲੁੱਟਾਂ-ਖੋਹਾਂ ਵਧਦੀਆਂ ਹਨ। ਬੇਰੁਜ਼ਗਾਰੀ ਮੁਜਰਿਮ ਉਪਜਾਉਂਦੀ ਹੈ। ਭੈੜੀਆਂ ਖ਼ਬਰਾਂ ਜੀਵਨ ਦੀ ਤਸੱਲੀ ਘਟਾਉਂਦੀਆਂ ਹਨ। ਵਧ ਰਹੇ ਜੁਰਮਾਂ ਕਾਰਨ ਪੁਲੀਸ ਪ੍ਰੇਸ਼ਾਨ ਹੈ। ਵਿਦਿਆਰਥੀਆਂ ਵਾਸਤੇ ਦਾਖਲੇ ਤੋਂ ਰੁਜ਼ਗਾਰ ਤਕ ਦੇ ਹਰੇਕ ਪੜਾਓ 'ਤੇ ਤਣਾਓ ਹੈ। ਸੂਚਨਾ ਦੇ ਸਰੋਤਾਂ ਦੀ ਭਰਮਾਰ ਕਾਰਨ ਹਰ ਕਿਸੇ ਵਿਚ ਆਪਣੇ ਪਛੜ ਜਾਣ ਦਾ ਤਣਾਓ ਹੈ। ਪਰਿਵਰਤਨ ਦੇ ਦੌਰ ਵਿਚ ਪਰੰਪਰਕ ਜੀਵਨ-ਜਾਚ ਕਾਰਨ ਸਾਧਾਰਨ ਲੋਕ ਨਜ਼ਰ-ਅੰਦਾਜ਼ ਹੋ ਰਹੇ ਹਨ ਜਿਸ ਕਾਰਨ ਲੋਕਾਂ ਦੀ ਵੱਡੀ ਗਿਣਤੀ ਦੀ ਕਿਧਰੇ ਵਾਰੀ ਹੀ ਨਹੀਂ ਆਉਂਦੀ। ਕੁਝ ਵੀ ਕਰੋਗੇ, ਤਣਾਓ ਉਪਜੇਗਾ ਕਿਉਂਕਿ ਰੁਕਾਵਟਾਂ ਤਣਾਓ ਉਪਜਾਉਂਦੀਆਂ ਹਨ। ਜੇ ਕੁਝ ਨਹੀਂ ਕਰੋਗੇ ਤਾਂ ਵਧੇਰੇ ਤਣਾਓ ਉਪਜੇਗਾ। ਤਣਾਓ ਦਾ ਉਪਜਣਾ ਆਧੁਨਿਕ ਵਿਕਾਸ ਦਾ ਸਿੱਟਾ ਹੈ। ਹੋਰ ਵਿਕਾਸ ਵਾਪਰੇਗਾ, ਹੋਰ ਤਣਾਓ ਉਪਜੇਗਾ। ਹੁਣ ਤਾਂ ਸਥਿਤੀਆਂ ਵੀ ਤਣਾਓ ਉਪਜਾਉਂਦੀਆਂ ਹਨ। ਵਿਦੇਸ਼ ਜਾਣ ਦੀ ਸੰਭਾਵਨਾ, ਵਿਆਹ ਹੋਣ ਦਾ ਅਵਸਰ, ਰੁਜ਼ਗਾਰ ਲੱਗਣ ਦੀ ਸੂਚਨਾ ਆਦਿ ਸਥਿਤੀਆਂ ਤਾਂ ਸੁਖਾਵੀਆਂ ਹਨ, ਪਰ ਥੋੜ੍ਹੀ ਦੇਰ ਮਗਰੋਂ ਹੀ, ਵਧਾਈਆਂ ਮੁੱਕਣ ਉਪਰੰਤ ਹਰ ਕੋਈ ਗੋਤੇ ਖਾਣ ਲੱਗ ਪੈਂਦਾ ਹੈ। ਤਣਾਓ ਦਾ ਭਾਰਤੀ ਸੰਕਲਪ ਪੱਛਮੀ ਸੰਕਲਪ ਨਾਲੋਂ ਵੱਖਰਾ ਹੈ। ਪੱਛਮੀ ਜੀਵਨ-ਜਾਚ ਵਿਚ ਤਣਾਓ ਦਾ ਸਵਾਗਤ ਹੈ। ਯੂਰੋਪ ਵਿਚ ਫੁੱਟਬਾਲ ਦੇ ਮੈਚ ਤਣਾਓ ਅਤੇ ਦਬਾਓ ਬਰਦਾਸ਼ਤ ਕਰਨ ਦੀ ਪਰਖ ਹੁੰਦੇ ਹਨ। ਜੇ ਜੀਵਨ ਵਿਚ ਚੁਣੌਤੀਆਂ ਨਾ ਹੋਣ ਤਾਂ ਇਹ ਉਪਜਾਈਆਂ ਜਾਂਦੀਆਂ ਹਨ। ਯੂਰੋਪ ਅਤੇ ਅਮਰੀਕਾ ਆਦਿ ਦੇਸ਼ਾਂ ਵਿਚ ਖੇਡਾਂ, ਨਵੇਂ ਧੰਦਿਆਂ, ਕਾਢਾਂ ਆਦਿ ਵਿਚ ਉਹੀ ਭਾਗ ਲੈਂਦੇ ਹਨ ਜਿਨ੍ਹਾਂ ਵਿਚ ਤਣਾਓ ਅਤੇ ਦਬਾਓ ਬਰਦਾਸ਼ਤ ਕਰਨ ਦੀ ਸਮਰੱਥਾ ਹੁੰਦੀ ਹੈ। ਸਾਰੇ ਵਿਸ਼ਵ ਰਿਕਾਰਡ ਅਧਿਕਤਮ ਦਬਾਓ ਅਤੇ ਉਚਤਮ ਤਣਾਓ ਵਿਚੋਂ ਗੁਜ਼ਰ ਕੇ ਹੀ ਸਥਾਪਤ ਕੀਤੇ ਗਏ ਹਨ। ਅਸੀਂ ਭਾਰਤੀ ਤਣਾਓ-ਦਬਾਓ ਤੋਂ ਬਹੁਤ ਡਰਦੇ ਹਾਂ। ਭਾਰਤੀ ਸਭਿਅਤਾ ਵਿਚ ਤਣਾਓ ਅਤੇ ਟਕਰਾਓ ਨੂੰ ਕਲੇਸ਼ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਕਲੇਸ਼ ਦੁੱਖ ਉਪਜਾਉਂਦਾ ਹੈ, ਸੋ ਮਨ ਦੀ ਸ਼ਾਂਤੀ ਸਾਡਾ ਸਿਖਰਲਾ ਉਦੇਸ਼ ਹੈ। ਸਾਡੇ ਕੋਲ ਦੁੱਖ ਦਾ ਸੰਕਲਪ ਹੈ, ਤਣਾਓ-ਦਬਾਓ ਦਾ ਸੰਕਲਪ ਨਹੀਂ ਹੈ। ਸਾਡੇ ਗ੍ਰੰਥ ਮਨ ਨੂੰ ਸ਼ਾਂਤ ਕਰਨ ਦੇ ਉਦੇਸ਼ ਅਧੀਨ ਰਚੇ ਗਏ ਹਨ। ਬੁੱਧ ਅਨੁਸਾਰ ਹਰੇਕ ਚਿੰਤਾ ਜਾਂ ਤਣਾਓ ਦੀ ਜੜ੍ਹ ਇੱਛਾ ਵਿਚ ਹੈ। ਗੀਤਾ ਕਹਿੰਦੀ ਹੈ ਕਰਤੱਵ ਦੀ ਪਾਲਣਾ ਕਰੋ, ਫਲ ਦੀ ਇੱਛਾ ਨਾ ਕਰੋ ਜਦੋਂਕਿ ਬੁੱਧ ਕਹਿੰਦਾ ਹੈ ਕਿ ਇੱਛਾ ਹੀ ਨਾ ਕਰੋ। ਇਨ੍ਹਾਂ ਕਾਰਨਾਂ ਕਰਕੇ ਸੰਨਿਆਸ ਅਤੇ ਮੋਕਸ਼ ਸਾਡੇ ਆਦਰਸ਼ ਹਨ। ਸਾਡੇ ਧਰਮ ਤਿਆਗ 'ਤੇ ਬਲ ਦਿੰਦੇ ਹਨ, ਵਰਧਮਾਨ-ਮਹਾਂਵੀਰ ਵਾਲੇ ਸਮੁੱਚੇ ਤਿਆਗ ਉੱਤੇ। ਪੱਛਮੀ ਜੀਵਨ-ਆਦਰਸ਼ ਪ੍ਰਾਪਤੀ ਹੈ। ਉਹ ਸਭ ਤੋਂ ਲੰਮਾ ਪੁਲ, ਸਭ ਤੋਂ ਉੱਚੀ ਇਮਾਰਤ, ਸਭ ਤੋਂ ਵੱਡਾ ਜਹਾਜ਼ ਉਸਾਰਨ ਵਿਚ ਦਿਲਚਸਪੀ ਲੈਂਦੇ ਹਨ। ਸਾਡੇ ਜੀਵਨ ਦਾ ਪੱਛਮੀਕਰਨ ਅਤੇ ਵਿਸ਼ਵੀਕਰਨ ਸਾਡੇ ਤੋਂ ਮਨ ਦੀ ਸ਼ਾਂਤੀ ਖੋਹਣ ਲੱਗ ਪਿਆ ਹੈ ਜਿਸ ਕਾਰਨ ਚਿੰਤਾ ਅਤੇ ਤੌਖ਼ਲਾ ਸਾਡੀਆਂ ਮੁੱਖ ਸਮੱਸਿਆਵਾਂ ਬਣ ਗਈਆਂ ਹਨ। ਸਾਡੇ ਹਸਪਤਾਲਾਂ ਵਿਚ ਦਾਖਲ ਮਰੀਜ਼ ਤੁਰਨ-ਫਿਰਨ ਦਾ ਯਤਨ ਕਰਨ ਦੀ ਥਾਂ ਲੇਟੇ ਰਹਿਣ ਨੂੰ ਤਰਜੀਹ ਦਿੰਦੇ ਹਨ। ਸਾਡੀ ਖੁਰਾਕ ਵਿਚ ਸਰੀਰ ਨੂੰ ਤਾਕਤ ਦੇਣ ਵਾਲੇ ਤੱਤ ਨਾ ਹੋਣ ਕਾਰਨ ਅਸੀਂ ਜਲਦੀ ਥੱਕ ਜਾਂਦੇ ਹਾਂ। ਸਾਡੇ ਵਿਹਾਰ ਅਤੇ ਕਥਨਾਂ ਵਿਚ ਵੀ ਥਕਾਵਟ ਹੈ। ਆਪਣੇ ਤਣਾਓ ਨਾਲ ਨਜਿੱਠਣ ਦਾ ਹਰ ਕਿਸੇ ਦਾ ਨਿਵੇਕਲਾ ਢੰਗ ਹੰਦਾ ਹੈ, ਪਰ ਕੁਝ ਲੱਛਣ ਸਾਰਿਆਂ ਦੇ ਸਾਂਝੇ ਹੁੰਦੇ ਹਨ। ਜਿਵੇਂ ਜੇ ਹੜ੍ਹ ਆਇਆ ਹੋਵੇ ਤਾਂ ਹਰ ਕੋਈ ਵੱਖਰੀ ਕਿਸਮ ਦੇ ਉਪਰਾਲੇ ਕਰਦਾ ਹੈ, ਪਰ ਬਹੁਤੇ ਇਕੋ ਜਿਹੇ ਹੁੰਦੇ ਹਨ। ਕਈ ਵਾਰੀ ਤਣਾਓ ਦਬ ਜਾਂਦਾ ਹੈ, ਪਰ ਕੁਝ ਚਿਰ ਮਗਰੋਂ ਇਹ ਨਵਾਂ ਰੂਪ ਧਾਰ ਕੇ ਉਪਜਦਾ ਹੈ। ਪਹਿਲਾਂ ਸਿਰ ਹੀ ਦੁਖਦਾ ਹੈ, ਫਿਰ ਦੌਰੇ ਵੀ ਪੈਣ ਲੱਗ ਪੈਂਦੇ ਹਨ। ਭਾਵੁਕ ਉਲਝਣਾਂ, ਮਾਨਸਿਕ ਸਮੱਸਿਆਵਾਂ ਬਣ ਜਾਂਦੀਆਂ ਹਨ। ਇਕ ਪਤੀ ਨੇ ਵਿਆਹ ਉਪਰੰਤ ਮੁੱਢਲੇ ਦਿਨਾਂ ਵਿਚ ਪਤਨੀ ਨੂੰ ਕਿਹਾ ਕਿ ਤੂੰ ਸੋਹਣੀ ਨਹੀਂ, ਤੇਰੀ ਭੈਣ ਬੜੀ ਸੋਹਣੀ ਹੈ। ਇਹ ਗੱਲ ਕਹਿਣ ਕਰਕੇ ਪਤਨੀ ਉਸ ਨੂੰ ਮਰਨ ਤਕ ਤੰਗ ਕਰਦੀ ਰਹੀ। ਵਿਆਹ ਨਾ ਹੋਣਾ, ਬੱਚਾ ਨਾ ਹੋਣਾ, ਰੁਜ਼ਗਾਰ ਨਾ ਲੱਗਣਾ, ਪ੍ਰੀਖਿਆ ਵਿਚੋਂ ਪਾਸ ਨਾ ਹੋਣਾ ਖਹਿੜਾ ਛੱਡਣ ਵਾਲੀਆਂ ਸਮੱਸਿਆਵਾਂ ਨਹੀਂ। ਇਕ ਅਧਿਆਪਕ ਕਲਾਸ ਵਿਚ ਉਬਾਸੀਆਂ ਲੈਣ ਵਾਲਿਆਂ ਨੂੰ ਸਜ਼ਾ ਦਿੰਦਾ ਸੀ। ਉਸ ਨੂੰ ਕਦੇ ਵੀ ਖਿਆਲ ਨਾ ਆਇਆ ਕਿ ਉਸ ਦੇ ਪੜ੍ਹਾਉਣ ਦਾ ਢੰਗ ਇਤਨਾ ਨੀਰਸ ਅਤੇ ਅਕਾਊ ਸੀ ਕਿ ਵਿਦਿਆਰਥੀਆਂ ਦਾ ਦਿਮਾਗ਼ ਹੀ ਸੌਂ ਜਾਂਦਾ ਸੀ। ਇਕ ਡਾਕਟਰ ਮਰੀਜ਼ਾਂ ਨੂੰ ਇੰਨਾ ਡਰਾ ਦਿੰਦਾ ਸੀ ਕਿ ਉਸ ਦੇ ਮਰੀਜ਼ ਅਜੀਬ ਅਜੀਬ ਹਰਕਤਾਂ ਕਰਨ ਲੱਗ ਪੈਂਦੇ ਸਨ। ਜੇ ਸਮੱਸਿਆ ਦੀ ਪਛਾਣ ਹੋ ਜਾਵੇ, ਇਲਾਜ ਸਬੰਧੀ ਨਿਰਣਾ ਤੇ ਇਲਾਜ ਕਰਨਾ ਅਤੇ ਸਮੱਸਿਆ ਨੂੰ ਹੱਲ ਕਰਨਾ ਸੌਖਾ ਹੋ ਜਾਂਦਾ ਹੈ।

ਗੱਡੀ ਦਾ ਲੇਟ ਹੋਣਾ, ਬੱਚੇ ਦੀ ਸਕੂਲ ਵਿਚੋਂ ਵਾਪਸੀ ਵਿਚ ਦੇਰ ਹੋਣੀ, ਕਈ ਮਹੀਨੇ ਤਨਖ਼ਾਹ ਨਾ ਮਿਲਣੀ ਆਦਿ ਜਿਹੀਆਂ ਨਿਤਾਪ੍ਰਤੀ ਦੀਆਂ ਸਮੱਸਿਆਵਾਂ ਵੀ ਤਣਾਓ ਉਪਜਾਉਂਦੀਆਂ ਹਨ। ਨੌਕਰੀ ਤੋਂ ਜਵਾਬ, ਤਲਾਕ, ਜੀਵਨ ਸਾਥੀ ਦਾ ਵਿਛੋੜਾ, ਸੇਵਾਮੁਕਤੀ ਆਦਿ ਸਥਿਤੀ ਗੰਭੀਰ ਤਣਾਓ ਉਪਜਾਉਂਦੀ ਹੈ ਜਿਸ ਕਾਰਨ ਵਿਅਕਤੀ ਦਾ ਵਿਹਾਰ ਪ੍ਰਭਾਵਿਤ ਹੁੰਦਾ ਹੈ।



# ਭੱਜੀ ਦੀ ਪਾਕਿਸਤਾਨੀ ਐਕਟਰਸ ਨਾਲ ਖੜਕੀ




ਨਵੀਂ ਦਿੱਲੀ-ਭਾਰਤੀ ਕ੍ਰਿਕਟਰ ਹਰਭਜਨ ਸਿੰਘ ਤੇ ਪਾਕਿਸਤਾਨੀ ਐਕਟਰ ਵੀਨਾ ਮਲਿਕ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਯੂਐਨਜੀਏ 'ਚ ਦਿੱਤੇ ਭਾਸ਼ਣ ਨੂੰ ਲੈ ਸੋਸ਼ਲ ਮੀਡੀਆ 'ਤੇ ਆਪਸ 'ਚ ਭਿੜ ਗਏ। ਇਮਰਾਨ ਨੇ ਯੂਐਨਜੀਏ 'ਚ ਜੋ ਭਾਸ਼ਣ ਦਿੱਤਾ ਸੀ, ਉਸ ਦੀ ਹਰਭਜਨ ਨੇ ਟਵਿਟਰ 'ਤੇ ਆਲੋਚਨਾ ਕੀਤੀ ਸੀ। ਹਰਭਜਨ ਨੇ ਟਵੀਟ ਕੀਤਾ ਸੀ, ਯੂਐਨਜੀਏ ਦੇ ਭਾਸ਼ਣ 'ਚ ਭਾਰਤ ਖਿਲਾਫ ਨਿਊਕਲੀਅਰ ਲੜਾਈ ਦਾ ਇਸ਼ਾਰਾ ਕੀਤਾ। ਇੱਕ ਮੁੱਖ ਨੇਤਾ ਹੋਣ ਕਰਕੇ ਇਮਰਾਨ ਖ਼ਾਨ ਵੱਲੋਂ 'ਖ਼ੂਨੀ ਜੰਗ', 'ਆਖਰ ਲਈ ਜੰਗ' ਸ਼ਬਦਾਂ ਦੇ ਇਸਤੇਮਾਲ ਨਾਲ ਦੋਵਾਂ ਦੇਸ਼ਾਂ 'ਚ ਸਿਰਫ ਨਫਰਤ ਵਧੇਗੀ। ਇੱਕ ਖਿਡਾਰੀ ਹੋਣ ਕਰਕੇ ਮੈਨੂੰ ਉਨ੍ਹਾਂ ਤੋਂ ਸ਼ਾਂਤੀ ਦੀ ਉਮੀਦ ਸੀ।

ਇਸ 'ਤੇ ਵੀਨਾ ਮਲਿਕ ਨੇ ਜਵਾਬ ਦਿੰਦੇ ਲਿਖਿਆ, ਪ੍ਰਧਾਨ ਮੰਤਰੀ ਇਮਰਾਨ ਨੇ ਆਪਣੇ ਭਾਸ਼ਣ 'ਚ ਸ਼ਾਂਤੀ ਦੀ ਗੱਲ ਕਹੀ ਸੀ। ਉਨ੍ਹਾਂ ਨੇ ਉਸ ਡਰ ਤੇ ਹਕੀਕਤ ਦੀ ਗੱਲ ਕੀਤੀ ਸੀ ਜੋ ਕਰਫਿਊ ਹਟਣ ਤੋਂ ਬਾਅਦ ਜ਼ਰੂਰ ਆਵੇਗਾ ਤੇ ਬਦਕਿਸਮਤੀ ਨਾਲ ਖ਼ੂਨੀ ਜੰਗ ਹੋਵੇਗੀ। ਉਨ੍ਹਾਂ ਨੇ ਸਾਫ ਕਿਹਾ ਸੀ ਕਿ ਇਹ ਡਰ ਦੀ ਗੱਲ ਹੈ ਨਾ ਕਿ ਕੋਈ ਧਮਕੀ। ਕੀ ਤੁਹਾਨੂੰ ਅੰਗਰੇਜ਼ੀ ਸਮਝ ਨਹੀਂ ਆਉਂਦੀ। ਇੰਗਲਿਸ਼ 'ਚ ਕੀਤੇ ਟਵੀਟ 'ਚ ਵੀਨਾ ਨੇ ਸ਼ਓਰਲੀ ਸ਼ਬਦ ਦਾ ਇਸਤੇਮਾਲ ਕੀਤਾ ਸੀ ਜਿਸ ਦੇ ਸਪੈਲਿੰਗ ਗਲਤ ਹੋਣ 'ਤੇ ਭੱਜੀ ਨੇ ਉਨ੍ਹਾਂ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ। ਭੱਜੀ ਨੇ ਲਿਖਿਆ, ਤੁਹਾਡਾ ਸਓਰਲੀ ਤੋਂ ਕੀ ਮਤਲਬ? ਇਸ ਦੇ ਸਹੀ ਸ਼ਬਦ ਲਿਖ ਭੱਜੀ ਨੇ ਕਿਹਾ ਕਿ ਅਗਲੀ ਵਾਰ ਅੰਗਰੇਜ਼ੀ 'ਚ ਕੁਝ ਪੋਸਟ ਕਰਨ ਤੋਂ ਪਹਿਲਾਂ ਪੜ੍ਹ ਲੈਣਾ।

# ਡਾਕਟਰ ਤੇ 450 ਇੰਜੀਨੀਅਰ ਕਰ ਰਹੇ ਨੇ ਚਪੜਾਸੀ ਦੀ ਨੌਕਰੀ

ਅਹਿਮਦਾਬਾਦ-ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਕਿਸ ਹੱਦ ਤਕ ਵਧ ਗਈ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 19 ਡਾਕਟਰਾਂ ਨੇ ਗੁਜਰਾਤ ਹਾਈਕੋਰਟ ਤੇ ਅਧੀਨ ਅਦਾਲਤ ਵਿੱਚ ਚਪੜਾਸੀ ਸਮੇਤ ਕਲਾਸ-4 ਦੀ ਭਰਤੀ ਲਈ ਅਰਜ਼ੀ ਦਿੱਤੀ। ਪ੍ਰੀਖਿਆ ਪਾਸ ਕਰਨ ਤੋਂ ਬਾਅਦ, ਇਨ੍ਹਾਂ ਵਿੱਚੋਂ 7 ਡਾਕਟਰਾਂ ਨੇ 30 ਹਜ਼ਾਰ ਰੁਪਏ ਦੀ ਤਨਖਾਹ ਨਾਲ ਇਸ ਨੌਕਰੀ ਨੂੰ ਸਵੀਕਾਰ ਕਰ ਲਿਆ। ਦੱਸ ਦੇਈਏ 1149 ਅਸਾਮੀਆਂ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ, ਜਿਸ ਲਈ ਕੁੱਲ 1 ਲੱਖ 59,278 ਬਿਨੈ ਪੱਤਰ ਪ੍ਰਾਪਤ ਹੋਏ। ਇਨ੍ਹਾਂ ਵਿੱਚੋਂ 44,958 ਗ੍ਰੈਜੂਏਟ ਡਿਗਰੀ ਧਾਰਕ ਹਨ। ਪ੍ਰੀਖਿਆ ਸਮੇਤ ਪ੍ਰਕ੍ਰਿਆ ਦੇ ਬਾਅਦ 7 ਡਾਕਟਰ, 450 ਇੰਜੀਨੀਅਰ, 543 ਗ੍ਰੈਜੂਏਟ ਨੇ ਦਰਜਾ-4 ਦੀਆਂ ਨੌਕਰੀਆਂ ਸਵੀਕਾਰ ਕਰ ਲਈਆਂ ਹਨ। ਇਨ੍ਹਾਂ ਵਿੱਚ ਚਪੜਾਸੀ ਤੇ ਵਾਟਰ ਵਰਕਰ ਸ਼ਾਮਲ ਹਨ। ਅੰਕੜਿਆਂ ਮੁਤਾਬਤ ਕੁੱਲ 44,958 ਗ੍ਰੈਜੂਏਟ ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਜਿਨ੍ਹਾਂ ਵਿੱਚੋਂ 543 ਨੂੰ ਚੁਣ ਲਿਆ ਗਿਆ। ਇਸੇ ਤਰ੍ਹਾਂ ਅਰਜ਼ੀਆਂ ਭੇਜਣ ਵਾਲੇ ਕੁੱਲ 5,727 ਪੋਸਟ ਗ੍ਰੈਜੂਏਟ ਨੌਜਵਾਨਾਂ ਵਿੱਚੋਂ 119 ਚੁਣੇ ਗਏ। 196 ਟੈਕ ਗ੍ਰੈਜੂਏਟ ਨੇ ਅਰਜ਼ੀ ਦਿੱਤੀ ਤੇ ਇਨ੍ਹਾਂ ਵਿੱਚੋਂ 156 ਨੂੰ ਨੌਕਰੀ ਮਿਲੀ ਤੇ 4,832 ਬੀ-ਟੈਕ-ਬੀਈ ਪਾਸ ਨੌਜਵਾਨਾਂ ਨੇ ਵੀ ਅਰਜ਼ੀਆਂ ਦਿੱਤੀਆਂ ਜਿਨ੍ਹਾਂ ਵਿੱਚੋਂ 450 ਨੂੰ ਨੌਕਰੀ ਲਈ ਚੁਣ ਲਿਆ ਗਿਆ ਹੈ। ਉੱਚ ਸਿੱਖਿਆ ਪ੍ਰਾਪਤ ਇਨ੍ਹਾਂ ਨੌਜਵਾਨਾਂ ਨੇ ਹੱਸ ਕੇ ਚਪੜਾਸੀ ਦੀ ਨੌਕਰੀ ਨੂੰ ਸਵੀਕਾਰ ਕੀਤਾ ਹੈ।

# ਮੋਦੀ ਨੇ ਰੋਕੀ ਕੇਜਰੀਵਾਲ ਦੀ ਵਿਦੇਸ਼ ਉਡਾਰੀ ? 'ਆਪ' ਨੇ ਲਾਏ ਗੰਭੀਰ ਇਲਜ਼ਾਮ

ਨਵੀਂ ਦਿੱਲੀ- ਆਮ ਆਦਮੀ ਪਾਰਟੀ ਨੇ ਮੋਦੀ ਸਰਕਾਰ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵਿਦੇਸ਼ ਦੌਰੇ 'ਤੇ ਜਾਣੋਂ ਰੋਕਣ ਦਾ ਇਲਜ਼ਾਮ ਲਾਇਆ ਹੈ। ਪਾਰਟੀ ਮੁਤਾਬਕ ਕੇਜਰੀਵਾਲ ਨੇ ਡੈਨਮਾਰਕ 'ਚ ਹੋਣ ਜਾ ਰਹੇ ਸੀ-40 ਸੰਮੇਲਨ 'ਚ ਸ਼ਾਮਲ ਹੋਣਾ ਸੀ ਪਰ ਸਰਕਾਰ ਨੇ ਉਨ੍ਹਾਂ ਨੂੰ ਦੌਰੇ ਦੀ ਮਨਜ਼ੂਰੀ ਨਹੀਂ ਦਿੱਤੀ। ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਸੰਜੇ ਸਿੰਘ ਨੇ ਕਿਹਾ ਕਿ ਕੇਜਰੀਵਾਲ ਸੀ-40 ਸੰਮੇਲਨ 'ਚ ਸ਼ਾਮਲ ਨਹੀਂ ਹੋ ਸਕਣਗੇ। ਉਨ੍ਹਾਂ ਨੂੰ ਡੈਨਮਾਰਕ ਜਾਣ ਦੀ ਮਨਜ਼ੂਰੀ ਨਹੀਂ ਦਿੱਤੀ ਗਈ। ਸੰਜੇ ਸਿੰਘ ਨੇ ਕਿਹਾ ਕੇਜਰੀਵਾਲ ਛੁੱਟੀ 'ਤੇ ਨਹੀਂ ਜਾ ਰਹੇ ਸਨ ਤੇ ਇਹ ਬਹੁਤ ਮੰਦਭਾਗਾ ਹੈ। ਕੇਜਰੀਵਾਲ ਦੁਪਹਿਰ ਦੋ ਵਜੇ ਉਡਾਣ ਭਰਨ ਵਾਲੇ ਸਨ ਤੇ 8 ਮੈਂਬਰੀ ਵਫ਼ਦ ਉਨ੍ਹਾਂ ਦੇ ਨਾਲ ਸੀ। ਆਮ



ਆਦਮੀ ਪਾਰਟੀ (ਆਪ) ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਡੈਨਮਾਰਕ ਵਿੱਚ ਹੋਣ ਵਾਲੇ ਸੀ-40 ਜਲਵਾਯੂ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਨਜ਼ੂਰੀ ਨਾ ਦੇਣ ਲਈ ਰਾਜਨੀਤੀ ਕਰ ਰਹੀ ਹੈ। ਵਿਦੇਸ਼ ਮੰਤਰਾਲੇ ਨੇ ਉਸ ਨੂੰ ਰਾਜਸੀ ਮਨਜ਼ੂਰੀ ਨਹੀਂ ਦਿੱਤੀ। ਸੰਜੇ ਨੇ ਕਿਹਾ ਕਿ ਇਹ ਗਲੋਬਲ ਸਟੇਜ 'ਤੇ ਭਾਰਤ ਦੇ ਅਕਸ ਨੂੰ ਪ੍ਰਭਾਵਿਤ ਕਰੇਗਾ ਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਗਲਤ ਸੰਦੇਸ਼ ਦੇਵੇਗਾ। ਸੰਜੇ ਨੇ ਕਿਹਾ ਕਿ ਉਹ ਛੁੱਟੀ ਮਨਾਉਣ ਨਹੀਂ ਜਾ ਰਹੇ, ਪਰ ਦੁਨੀਆਂ ਨੂੰ ਦੱਸਣ ਵਾਲੇ ਸਨ ਕਿ ਕਿਵੇਂ ਦਿੱਲੀ ਨੇ ਆਪਣੀ ਓਡ-ਈਵਨ ਯੋਜਨਾ ਨਾਲ ਪ੍ਰਦੂਸ਼ਣ ਨੂੰ 25 ਫ਼ੀਸਦ ਤੱਕ ਘਟਾ ਦਿੱਤਾ ਹੈ। ਸੰਮੇਲਨ 9 ਅਕਤੂਬਰ ਨੂੰ ਸ਼ੁਰੂ ਹੋਵੇਗਾ ਤੇ 12 ਅਕਤੂਬਰ ਨੂੰ ਸਮਾਪਤ ਹੋਵੇਗਾ।






Nlight Financial

# Insurance



**Are you paying too much for Auto, Home, Business, Workman Compensation, Contractors, General Liability, E&O ?**

**Call us today for complimentary analysis of your policy.**

# NLight Financial LLC



**Sharanjit Singh Thind**
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com

1

Delivering News,
Uncomprimised
& Unbiased for the
Last 16 years

Some Call us a Media House, others Call us an Institution to learn from





ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Punjabi Duniya Since April 2005 Punjabi Duniya.Com LLC
Email : punjabiduniya@gmail.com, Web : www.punjabiduniya.com

The South Asian
INSIDER
Published Weekly from New York

Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158

# ਕਰੂਏ ਤੋਂ ਕਰਵਾ ਚੌਥ ਤੱਕ



ਅੱਜਕੱਲ੍ਹ ਪਿਛਲੇ ਸਮੇਂ ਨਾਲੋਂ ਸਾਰੇ ਤਿਓਹਾਰਾਂ ਨੂੰ ਮਨਾਉਣ ਦਾ ਰੰਗ-ਢੰਗ ਤਕਰੀਬਨ ਬਦਲ ਗਿਆ ਹੈ। ਪਿਛਲੇ ਸਮੇਂ ਕਰਵਾਚੌਥ ਦੇ ਤਿਓਹਾਰ ਦੀ ਸੱਜ ਵਿਆਹੀਆਂ ਕੁੜੀਆਂ ਲਈ ਵਿਸ਼ੇਸ਼ ਮਹੱਤਤਾ ਹੁੰਦੀ ਸੀ, ਪਰ ਅਜੋਕੇ ਸਮੇਂ ਪਿੰਡਾਂ ਵਿੱਚ ਤਾਂ ਉਹੋ ਵਰਤਾਰਾ ਹੈ, ਪਰ ਸ਼ਹਿਰਾਂ ਵਿੱਚ ਕਰਵਾ ਚੌਥ ਨੂੰ ਔਰਤਾਂ ਵਿਆਹ ਵਾਂਗੂ ਤਿਆਰੀ ਕਰਦੀਆਂ ਹਨ। ਸ਼ਹਿਰੀ ਆ ਵਸੇ ਪੇਂਡੂ ਪਰਿਵਾਰਾਂ ਦੀਆਂ ਔਰਤਾਂ ਵੀ ਸ਼ਹਿਰਨਾਂ ਦੀ ਨਕਲ ਕਰਨ ਲੱਗੀਆਂ ਹਨ। ਪਿੰਡਾਂ ਦੀਆਂ ਧੀਆਂ-ਭੈਣਾਂ ਅਜਿਹੇ ਤਿਓਹਾਰਾਂ ਉੱਤੇ ਦਸ-ਵੀਹ ਦਿਨ ਪੇਕੇ ਰਹਿ ਜਾਂਦੀਆਂ ਸਨ, ਪਰ ਹੁਣ ਤਾਂ ਰਲ ਬੈਠਣ ਲਈ ਦਸ-ਵੀਹ ਘੰਟੇ ਵੀ ਮੁਸ਼ਕਿਲ ਨਾਲ ਨਿੱਕਲਦੇ ਹਨ। ਉਦੋਂ ਕੁੜੀਆਂ ਦੇ ਬਹੁਤਾ ਪੜ੍ਹਨ ਜਾਂ ਨੌਕਰੀ ਕਰਨ ਦਾ ਜ਼ਮਾਨਾ ਨਹੀਂ ਸੀ ਅਤੇ ਕੁੜੀਆਂ ਤਿੱਥ-ਤਿਓਹਾਰਾਂ ਜਾਂ ਖੁਸ਼ੀ-ਗ਼ਮੀ ਸਮੇਂ ਹੀ ਪੇਕੇ ਆਉਂਦੀਆਂ ਸਨ ਕਿਉਂਕਿ ਸਹੁਰੇ ਘਰ ਦੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਉਨ੍ਹਾਂ ਨੂੰ ਇਜਾਜ਼ਤ ਹੀ ਨਹੀਂ ਦਿੰਦੀਆਂ ਸਨ। ਹੁਣ ਤਾਂ ਕੁੜੀਆਂ ਸ਼ਾਮੀਂ ਪੇਕੇ, ਸਵੇਰੇ ਸਹੁਰੇ ਜਾਂ ਸਵੇਰੇ-ਦੁਪਿਹਰੇ ਦੋ-ਚਾਰ ਘੰਟੇ ਪੇਕੇ ਲਾ ਕੇ ਸ਼ਾਮੀਂ ਸਹੁਰੇ ਪਰਤ ਜਾਂਦੀਆਂ। ਰਹਿੰਦੀ ਕਸਰ ਕਾਰਾਂ-ਸਕੂਟਰਾਂ ਨੇ ਕੱਢ ਦਿੱਤੀ ਹੈ।

ਜਿਨ੍ਹਾਂ ਦਿਨਾਂ ਦੀ ਮੈਂ ਗੱਲ ਕਰ ਰਹੀ ਹਾਂ ਉਦੋਂ ਇਸ ਤਿਓਹਾਰ ਨੂੰ ਕਰਵਾ ਚੌਥ ਕੋਈ ਸ਼ਹਿਰੀ ਹੀ ਕਹਿੰਦਾ ਸੀ। ਇਸ ਨੂੰ 'ਕਰੂਏ ਦਾ ਵਰਤ' ਜਾਂ 'ਸਰਘੀ' ਕਿਹਾ ਜਾਂਦਾ ਸੀ। ਸਰਘੀ ਤੋਂ ਭਾਵ ਹੈ ਸਵੇਰ ਕਿਉਂਕਿ ਇਹ ਵਰਤ ਸਰਘੀ ਵੇਲੇ ਤੋਂ ਲੈ ਕੇ ਰਾਤੀਂ ਚੰਦ ਦੇ ਚੜ੍ਹਨ ਤਕ ਦਾ ਹੁੰਦਾ। ਤੀਆਂ ਦੇ ਤਿਓਹਾਰ ਵਾਂਗ ਇਹ ਤਿਓਹਾਰ ਵੀ ਸੱਜ ਵਿਆਹੀਆਂ ਲਈ ਬੜਾ ਮਹੱਤਵ ਰੱਖਦਾ। ਤੀਆਂ ਦੇ ਸੰਧਾਰੇ ਵਾਂਗ ਕਰੂਏ ਦਾ ਪਹਿਲਾ ਸੰਧਾਰਾ ਵੀ ਪੇਕੇ ਗਈ ਨੂੰਹ ਨੂੰ ਸਹੁਰਿਆਂ ਵੱਲੋਂ ਘੱਲਿਆ ਜਾਂਦਾ। ਉਸ ਸਮੇਂ ਮਜਬੂਰੀ ਵਸ ਹੀ ਕੋਈ ਨਵੀਂ ਵਿਆਹੀ ਸਹੁਰੇ ਘਰ ਇਹ ਵਰਤ ਰੱਖਦੀ ਸੀ। ਸਰਘੀ ਵਾਲੇ ਦਿਨ ਸਰਘੀ ਵਾਲੀ ਕੁੜੀ ਨੂੰ ਹੀ ਨਹੀਂ ਬਲਕਿ ਸਾਰੇ ਪਰਿਵਾਰ ਗਲੀ-ਮੁਹੱਲੇ ਤੇ ਸ਼ਰੀਕੇ-ਕਬੀਲੇ ਨੂੰ ਵੀ ਚਾਅ ਹੁੰਦਾ। ਜਿਨ੍ਹਾਂ ਸਰਘੀ ਦੇਣੀ ਹੁੰਦੀ ਉਨ੍ਹਾਂ ਦੇ ਘਰ ਵੀ ਬੜੀ ਰੌਣਕ ਹੁੰਦੀ।

ਪਿਛਲੇ ਸਮੇਂ ਵਿਚ ਕਰੂਏ ਜਾਂ ਸਰਘੀ ਦੇ ਸੰਧਾਰੇ ਵਿੱਚ ਅੱਜ ਵਾਂਗ ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਨਹੀਂ ਸਨ ਦਿੱਤੀਆਂ ਜਾਂਦੀਆਂ। ਸਗੋਂ ਕੜਾਹ ਤੇ ਪੂੜੀਆਂ ਦਿੱਤੀਆਂ ਜਾਂਦੀਆਂ ਸਨ। ਸ਼ਰੀਕੇ-ਭਾਈਚਾਰੇ ਦੀਆਂ ਦੋ-ਚਾਰ ਔਰਤਾਂ ਰਲ ਕੇ ਹਲਵਾਈ ਦਾ ਕੰਮ ਸਾਰ ਲੈਂਦੀਆਂ ਸਨ। ਇੱਟਾਂ ਦਾ ਵੱਡਾ ਸਾਰਾ ਆਰਜ਼ੀ ਚੁੱਲ੍ਹਾ ਬਣਾ ਕੇ ਲੋਹੇ ਦੀ ਵੱਡੀ ਕੜਾਹੀ ਵਿੱਚ ਪਹਿਲਾਂ ਪੂੜੀਆਂ ਤਲੀਆਂ ਜਾਂਦੀਆਂ ਫਿਰ ਉਸੇ ਵਿੱਚ ਸੂਜੀ ਦਾ ਕੜਾਹ ਬਣਾਇਆ ਜਾਂਦਾ। ਸਰਦੇ-ਪੁੱਜਦੇ ਘਰ ਕੜਾਹ ਵਿੱਚ ਸੌਗੀ-ਬਦਾਮ ਤੇ ਨਾਰੀਅਲ ਵੀ ਪਾਉਂਦੇ। ਫਿਰ ਕਿਸੇ ਵੱਡੀ ਪਿੱਤਲ ਦੀ ਬਾਲਟੀ ਜਾਂ ਗਾਗਰ (ਵਲਟੋਹੀ) ਵਿੱਚ ਪਹਿਲਾਂ ਕੜਾਹ ਪਾ ਲੈਣਾ ਉੱਤੋਂ ਤੁੰਨ-ਤੁੰਨ ਪੂੜੀਆਂ ਪਾਉਣੀਆਂ। ਵਿਤ ਮੁਤਾਬਿਕ ਕਈ ਵਾਰ ਦੋ-ਦੋ ਭਾਂਡੇ ਵੀ ਭਰ ਕੇ ਭੇਜੇ ਜਾਂਦੇ। ਪਿੱਤਲ ਤੋਂ ਬਾਅਦ ਸਟੀਲ ਦਾ ਯੁੱਗ ਆਇਆ। ਇਹ ਸਾਮਾਨ ਜਾਂ ਸੰਧਾਰਾ ਬੱਸ, ਸਾਈਕਲ ਜਾਂ ਕੋਈ ਟਰੈਕਟਰ ਉੱਤੇ ਵੀ ਲੈ ਜਾਂਦਾ। ਉਸਦੇ ਨਾਲ ਕੋਈ ਲਾਗੀ-ਤੱਥੀ, ਭੈਣ-ਭਰਾ ਜਾਂ ਕੋਈ ਚਾਅ ਮੱਤਾ ਮਾਂ-ਬਾਪ ਵੀ ਚਲਿਆ ਜਾਂਦਾ।

ਇਹ ਸੰਧਾਰਾ ਪਹਿਲੇ ਦਿਨ ਸ਼ਾਮੀਂ ਪੁੱਜਦਾ। ਆਏ ਮਹਿਮਾਨਾਂ ਦਾ ਬਹੁਤ ਚਾਅ ਅਤੇ ਮਾਣ ਕੀਤਾ ਜਾਂਦਾ। ਸਹੁਰੇ ਪਰਿਵਾਰ ਵੱਲੋਂ ਨੂੰਹ ਲਈ ਕੱਪੜਾ ਲੱਤਾ, ਗਹਿਣਾ, ਚੂੜੀਆਂ ਤੇ ਮਹਿੰਦੀ ਜ਼ਰੂਰ ਦਿੱਤੀ ਜਾਂਦੀ। ਨੂੰਹ ਦੇ ਭੈਣ-ਭਰਾਵਾਂ ਨੂੰ ਵੀ ਕੱਪੜਾ-ਲੀੜਾ ਦਿੱਤਾ ਜਾਂਦਾ। ਨੂੰਹ ਲਈ ਇੱਕ ਗਹਿਣਾ ਹੁੰਦਾ ਕੋਈ ਛਾਪ-ਛੱਲਾ, ਕੋਈ ਡੰਡੀ ਝੁਮਕੀ ਜਾਂ ਵਾਲੀਆਂ-ਕਾਂਟੇ। ਕਰਜ਼ਾ ਚੁੱਕ ਕੇ ਫੋਕੇ ਦਿਖਾਵੇ ਉਦੋਂ ਕੋਈ ਨਹੀਂ ਸੀ ਕਰਦਾ। ਅੱਗੋਂ ਪੇਕੇ ਪਰਿਵਾਰ ਵੱਲੋਂ ਵੀ ਆਏ ਮਹਿਮਾਨਾਂ ਅਤੇ ਸੱਸ ਨੂੰ ਕੱਪੜਾ-ਲੀੜਾ ਦਿੱਤਾ ਜਾਂਦਾ। ਸੱਸ ਲਈ ਇੱਕ ਪਿੱਤਲ ਦਾ ਭਾਂਡਾ ਜ਼ਰੂਰ ਦਿੱਤਾ ਜਾਂਦਾ ਜਿਸ ਨੂੰ 'ਜਾਪੇ ਦਾ ਭਾਂਡਾ' ਕਿਹਾ ਜਾਂਦਾ। ਸਰਘੀ ਵਾਲੀ ਨੂੰਹ-ਧੀ ਦੀਆਂ ਸਹੁਰੇ ਘਰ ਬੈਠੀਆਂ ਨਣਦਾਂ ਤੇ ਦਰਾਣੀਆਂ-ਜਠਾਣੀਆਂ ਦਾ ਵੀ ਮਾਣ ਕੀਤਾ ਜਾਂਦਾ। ਉਨ੍ਹਾਂ ਲਈ ਤੇ ਦਿਓਰਾਂ-ਜੇਠਾਂ ਲਈ ਵੀ ਵਿਤ ਮੁਤਾਬਿਕ ਕੱਪੜੇ ਭੇਜੇ ਜਾਂਦੇ। ਇਹ ਸਿਰਫ਼ ਪਹਿਲੇ ਵਰਤ ਦੇ ਸੰਧਾਰੇ ਉੱਤੇ ਹੀ ਹੁੰਦੇ। ਅੱਗੋਂ ਕੋਈ ਅਜਿਹੇ ਵਿਹਾਰ ਨਾ ਹੁੰਦੇ। ਸਿਰਫ਼ ਇਕੱਲੀ ਨੂੰਹ-ਧੀ ਨੂੰ ਹੀ ਮੰਨਿਆਂ ਜਾਂਦਾ ਜਾਂ ਸੱਸ ਸਹੁਰੇ ਨੂੰ। ਦੋਵਾਂ ਪਾਸਿਆਂ ਤੋਂ ਇਹ ਖਰਚਾ ਪਹਿਲੇ ਵਰਤ ਉੱਤੇ ਹੁੰਦਾ। ਇਹ ਕਿਸੇ ਦਬਾਅ ਦਿਖਾਵੇ ਜਾਂ ਮੰਗ ਕਾਰਨ ਨਹੀਂ ਬਲਕਿ ਰੀਤੀ-ਰਿਵਾਜਾਂ ਪੂਰਦੇ ਚਾਵਾਂ ਤੇ ਖੁਸ਼ੀਆਂ ਨਾਲ ਕੀਤਾ ਜਾਂਦਾ।

ਮੌਜੂਦਾ ਦੌਰ ਵਿੱਚ ਇਸ ਤਿਓਹਾਰ ਦਾ ਵਪਾਰੀਕਰਨ ਹੋ ਚੁੱਕਾ ਹੈ। ਕਿੱਥੇ ਉਨ੍ਹਾਂ ਸਮਿਆਂ ਦੀਆਂ ਗੂੜ੍ਹੀਆਂ ਸਾਂਝਾਂ ਤੇ ਮੋਹ ਮੁਹੱਬਤਾਂ ਭਰੀ ਸਾਦਗੀ, ਕਿੱਥੇ ਅੱਜ ਦੇ ਜ਼ਮਾਨੇ ਦੀ ਤੜਕ-ਭੜਕ ਤੇ ਦਿਖਾਵੇ। ਉਦੋਂ ਵੀ ਭਾਵੇਂ ਕੁੜੀਆਂ ਵਰੀ ਜਾਂ ਦਾਜ ਵਿੱਚ ਮਿਲਿਆ ਕੋਈ ਸੋਹਣਾ ਸੂਟ ਪਾ ਕੇ ਮਾੜਾ-ਮੋਟਾ ਗਹਿਣਾ-ਗੱਟਾ ਪਾ ਲੈਂਦੀਆਂ ਸਨ ਤੇ ਵਰਤ ਰੱਖ ਲੈਂਦੀਆਂ ਸਨ। ਨਵੇਂ ਸੂਟ-ਸਾੜ੍ਹੀਆਂ ਪਹਿਨ ਕੇ ਬੇਲੋੜੇ ਦਿਖਾਵੇ ਕੋਈ ਨਹੀਂ ਸੀ ਕਰਦੀ। ਹੁਣ ਤਾਂ ਕਰਵਾ ਚੌਥ ਤੋਂ ਹਫ਼ਤਾਂ-ਦਸ ਦਿਨ ਪਹਿਲਾਂ ਹੀ ਬਾਜ਼ਾਰਾਂ ਵਿੱਚ ਧੱਕਾ ਪੈਂਦਾ ਹੈ। ਵਧੀਆ ਸੂਟ-ਸਾੜ੍ਹੀਆਂ ਤੇ ਵਾਹ ਲੱਗਦੀ ਕੋਈ ਗਹਿਣਾ ਵੀ ਖਰੀਦਿਆ ਜਾਂਦਾ ਹੈ। ਉਦੋਂ ਸੱਜ ਵਿਆਹੀਆਂ ਹੀ ਕੋਈ ਉਚੇਚ ਕਰਦੀਆਂ ਸਨ। ਹੁਣ ਤਾਂ ਕੀ ਸੱਜ ਵਿਆਹੀ, ਕੀ ਅੱਧਖੜ੍ਹ ਸਾਰੀਆਂ ਹੀ ਲਾਲ-ਸੂਹੇ, ਸਲਮੇ-ਸਿਤਾਰੇ ਤੇ ਗੋਟੇ-ਪੱਟੀਆਂ ਵਾਲੇ ਭਾਰੇ-ਭਾਰੇ ਸੂਟ ਪਹਿਨ ਕੇ ਮਹਿੰਦੀ ਲਵਾ ਕੇ ਦੁਲਹਨਾਂ ਹੀ ਬਣ ਜਾਂਦੀਆਂ ਹਨ ਕਿਉਂਕਿ ਕਿਸੇ ਇੱਕ ਸੁਆਣੀ ਦੇ ਘਰ ਕਥਾ ਸੁਣਨੀ ਹੁੰਦੀ ਹੈ, ਮੂਵੀ ਬਣਨੀ ਹੁੰਦੀ ਹੈ। ਇਸ ਲਈ ਇੱਕ-ਦੂਜੀ ਨੂੰ ਮਾਤ ਪਾਉਣ ਲਈ ਵੱਧ ਤੋਂ ਵੱਧ ਟੌਹਰ ਕੱਢਣੀ ਜ਼ਰੂਰੀ ਹੁੰਦੀ ਹੈ। ਇਸ ਮੌਕੇ ਟੀ.ਵੀ. 'ਤੇ ਦਿਖਾਏ ਜਾਂਦੇ ਕਰਵਾ ਚੌਥ ਦੇ ਦ੍ਰਿਸ਼ ਕਿਸੇ ਫੈਸ਼ਨ ਸ਼ੋਅ ਤੋਂ ਘੱਟ ਨਹੀਂ ਹੁੰਦੇ।



# ਪੇਂਡੂ ਸਮਾਜ ਦੇ ਥੰਮ੍ਹ ਰਾਜੇ-ਰਾਣੀਆਂ



ਪਰਮਜੀਤ ਕੌਰ ਸਰਹਿੰਦ

ਬੀਤੇ ਸਮੇਂ ਪੇਂਡੂ ਭਾਈਚਾਰੇ ਵਿਚ ਮਿਹਨਤਕਸ਼ ਲੋਕਾਂ ਦੀ ਬਹੁਤ ਹਿੱਸੇਦਾਰੀ ਹੁੰਦੀ ਸੀ। ਕੋਈ ਵੀ ਖ਼ੁਸ਼ੀ-ਗਮੀ ਦਾ ਕਾਰਜ ਇਨ੍ਹਾਂ ਬਿਨਾਂ ਅਧੂਰਾ ਹੁੰਦਾ। ਪੇਂਡੂ ਘਰਾਂ ਦੇ ਕਾਰਜਾਂ-ਵਿਹਾਰਾਂ ਵਿਚ ਰਾਜਾ-ਰਾਣੀ ਭਾਵ ਨਾਈ-ਨੈਣ ਦਾ ਬਹੁਤ ਯੋਗਦਾਨ ਹੁੰਦਾ ਸੀ। ਸਤਿਕਾਰ ਵਜੋਂ ਇਨ੍ਹਾਂ ਨੂੰ ਰਾਜਾ-ਰਾਣੀ ਕਿਹਾ ਜਾਂਦਾ। ਇਨ੍ਹਾਂ ਦੇ ਕੰਮ ਝਿਊਰਾਂ ਨਾਲ ਮਿਲਦੇ-ਜੁਲਦੇ ਹੀ ਹੁੰਦੇ ਸਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਵਿਆਹ ਕਾਰਜਾਂ ਸਮੇਂ ਕੰਮ ਵੰਡ ਦਿੱਤੇ ਜਾਂਦੇ। ਕੇਵਲ ਪਾਣੀ ਭਰਨ ਦਾ ਕੰਮ ਇਕੱਲੇ ਝਿਊਰ ਹੀ ਕਰਦੇ, ਪਰ ਇਹ ਕੰਮਾਂ ਵਿਚ ਇਕ-ਦੂਜੇ ਦੀ ਮਦਦ ਜ਼ਰੂਰ ਕਰਦੇ। ਜਿਸ ਪਿੰਡ ਵਿਚ ਝਿਊਰ ਨਹੀਂ ਹੁੰਦੇ ਸਨ ਹੁੰਦੇ ਜਾਂ ਜ਼ਿਆਦਾ ਕੰਮ ਕਾਰਨ ਰਾਜਾ-ਰਾਣੀ ਭਾਂਡੇ ਵੀ ਮਾਂਜਦੇ। ਵਿਆਹ-ਸ਼ਾਦੀ ਜਾਂ ਕਿਸੇ ਮਰਗਤ ਵੇਲੇ ਇਹ ਲੋਕ ਘਰਾਂ ਵਿਚ ਭਾਂਡੇ ਵੀ ਮਾਂਜਦੇ ਤੇ ਸੁਨੇਹੇ ਦੇਣ ਦਾ ਕੰਮ ਵੀ ਕਰਦੇ। ਕਿਸੇ ਦੇ ਵਿਆਹ-ਸ਼ਾਦੀ ਜਾਂ ਬਜ਼ੁਰਗਾਂ ਦੇ 'ਹੰਗਾਮੇ' ਮੌਕੇ ਪਰਿਵਾਰ ਵੱਲੋਂ ਕੀਤੀ ਰੋਟੀ ਵੇਲੇ, ਰੋਟੀ ਖਾਣ ਜਾਂਦੇ ਲੋਕ ਘਰਾਂ ਤੋਂ ਹੀ ਆਪਣੇ ਭਾਂਡੇ ਲੈ ਕੇ ਜਾਂਦੇ ਸਨ। ਜਦੋਂ ਰੋਟੀ ਖਾਣ ਆਉਣ ਦਾ ਸੱਦਾ ਭੇਜਿਆ ਜਾਂਦਾ ਤਾਂ ਨਾਲ ਇਹ ਵੀ ਕਿਹਾ ਜਾਂਦਾ, 'ਭਾਈ ਆਪਣੇ ਭਾਂਡੇ ਲੈ ਕੇ ਆਇਓ।' ਸਮੇਂ ਦੀ ਤਬਦੀਲੀ ਨਾਲ ਗੁਰਦੁਆਰੇ ਜਾਂ ਪਿੰਡ ਸਾਂਝੀ 'ਬੇਲ' ਦੇ ਭਾਂਡੇ ਵਰਤੇ ਜਾਣ ਲੱਗੇ। ਲੋਕੀਂ ਰੋਟੀ ਖਾਂਦੇ ਤੇ ਨਾਲੋ-ਨਾਲ ਲਾਗੀ ਭਾਂਡੇ ਸਾਫ਼ ਕਰੀ ਜਾਂਦੇ। ਕਿਸੇ ਦੇ ਘਰ ਮਰਗਤ ਹੋ ਜਾਣ ਸਮੇਂ ਨਾਈ, ਝਿਊਰ ਤੇ ਮਰਾਸੀ ਭੋਗ ਤਕ ਸਬੰਧਤ ਦੇ ਘਰ ਕੰਮ ਕਰਦੇ। ਇਹ ਕੋਈ ਵਗਾਰ ਨਾ ਸਮਝਦੇ ਬਲਕਿ ਤਹਿ ਦਿਲੋਂ ਅਗਲੇ ਦੇ ਦੁਖ ਵਿਚ ਭਾਈਵਾਲ ਹੁੰਦੇ। 'ਰਾਜੇ' ਦਾ ਇਕ ਅਹਿਮ ਕੰਮ ਹੋਰ ਵੀ ਹੁੰਦਾ ਉਹ ਸੀ ਲੋਕਾਂ ਦੇ ਨਹੁੰ ਕੱਟਣੇ। ਉਸ ਕੋਲ 'ਨਹੇਰਨਾ' ਹੁੰਦਾ ਜਿਸ ਨਾਲ ਉਹ ਨਹੁੰ ਕੱਟਦਾ। ਨਹੇਰਨਾ ਆਮ ਚਾਕੂ ਵਰਗਾ ਹੁੰਦਾ ਸੀ, ਪਰ ਅੱਗਿਓਂ ਉਸ ਦਾ ਥੋੜ੍ਹਾ ਜਿਹਾ ਹਿੱਸਾ ਟੇਢਾ ਹੁੰਦਾ। ਇਸ ਨਾਲ ਰਾਜਾ ਵਧੀਆ ਢੰਗ ਨਾਲ ਨਹੁੰ ਕੱਟਦਾ। ਕਈ ਵਾਰ ਕੋਈ ਉਸ ਦੇ ਘਰ ਵੀ ਨਹੁੰ ਕਟਾਉਣ ਚਲਾ ਜਾਂਦਾ। ਪਿੱਪਲਾਂ-ਬਰੋਟਿਆਂ ਥੱਲੇ ਜੁੜੀ ਸੱਥ ਵਿਚ ਵੀ ਉਹ ਨਹੁੰ ਕੱਟਣ ਦੀ ਸੇਵਾ ਕਰ ਆਉਂਦਾ। ਇਹ ਰਾਜੇ ਮਨ ਦੀ ਮੌਜ ਨਾਲ ਘਰਾਂ ਵਿਚ ਵੱਡੇ ਬਜ਼ੁਰਗਾਂ ਦੇ ਨਹੁੰ ਵੀ ਕੱਟ ਆਉਂਦੇ ਤੇ ਉਨ੍ਹਾਂ ਨਾਲ ਦੁੱਖ-ਸੁੱਖ ਵੀ ਕਰ ਆਉਂਦੇ। ਲੋੜ ਵੇਲੇ ਇਹ ਕਿਸਾਨਾਂ ਕੋਲ ਦਿਹਾੜੀ ਵੀ ਕਰ ਲੈਂਦੇ ਸਨ। ਇਨ੍ਹਾਂ ਸਾਰੇ ਹੀ ਲਾਗੀਆਂ ਨੂੰ ਸਾਰੇ ਪਰਿਵਾਰਾਂ ਵੱਲੋਂ ਸਤਿਕਾਰ ਤੇ ਪਿਆਰ ਮਿਲਦਾ। ਜਦੋਂ ਇਹ ਲੋਕ ਵਿਆਹ ਦਾ ਸੱਦਾ ਦੇਣ ਜਾਂਦੇ ਤਾਂ ਕਾਰਜ ਵਾਲੇ ਪਰਿਵਾਰ ਵੱਲੋਂ ਇਨ੍ਹਾਂ ਨੂੰ ਦੋ-ਚਾਰ ਸੇਰ ਸ਼ੱਕਰ ਤੇ ਦੋ-ਚਾਰ ਖੰਮ੍ਹਣੀਆਂ ਦਿੱਤੀਆਂ ਜਾਂਦੀਆਂ। ਵਿਆਹ ਦਾ ਸੱਦਾ ਦੇਣ ਨੂੰ 'ਗੱਠ' ਦੇਣਾ ਕਿਹਾ ਜਾਂਦਾ। ਇਹ ਪੈਦਲ ਹੀ ਜਾਂਦੇ ਸਨ ਜਾਂ ਸਮਾਂ ਪਾ ਕੇ ਸਾਈਕਲਾਂ 'ਤੇ ਆਉਣ-ਜਾਣ ਲੱਗੇ। ਫਿਰ ਬੱਸਾਂ-ਗੱਡੀਆਂ ਦੀ ਸਹੂਲਤ ਵੀ ਹੋ ਗਈ ਸੀ, ਪਰ ਇਹ ਹਿੰਮਤੀ ਕਾਮੇ ਕਈ-ਕਈ ਕੋਹ ਵਾਟ ਤੁਰ ਕੇ ਹੀ ਤੈਅ ਕਰਦੇ। ਜਿਸ ਦੇ ਘਰ ਸੱਦਾ ਦੇਣ ਜਾਂਦੇ ਉਸ ਨੂੰ ਖੰਮ੍ਹਣੀ ਦਾ ਛੋਟਾ ਜਿਹਾ ਟੋਟਾ (ਧਾਗਾ) ਤੋੜ ਕੇ ਫੜਾ ਦਿੰਦੇ ਤੇ ਮੁੱਠੀ ਕੁ ਸ਼ੱਕਰ ਉਸ ਦੀ ਕਿਸੇ ਕੌਲੀ-ਬਾਟੀ ਵਿਚ ਪਾ ਦਿੰਦੇ ਤੇ ਵਿਆਹ ਦੀ ਤਿਥ-ਤਾਰੀਖ ਦੱਸ ਕੇ ਪਰਿਵਾਰ ਦਾ ਥਾਂ-ਗਰਾਂ ਤੇ ਵਿਆਹ ਵਾਲੇ ਮੁੰਡੇ-ਕੁੜੀ ਦਾ ਨਾਂ ਵੀ ਦੱਸਦੇ। ਸੱਦਾ ਕਬੂਲਣ ਵਾਲੇ ਪਰਿਵਾਰ ਵੱਲੋਂ ਲਾਗੀ ਨੂੰ ਆਨਾ-ਦੁਆਨੀ ਜਾਂ ਚੁਆਨੀ ਦੇ ਕੇ ਮਾਣ ਕੀਤਾ ਜਾਂਦਾ। ਰੱਜੇ-ਪੁੱਜੇ ਘਰਾਂ ਵਾਲੇ ਇਕ ਰੁਪਈਆ ਵੀ ਦੇ ਦਿੰਦੇ। ਉਨ੍ਹਾਂ ਵੇਲਿਆਂ ਵਿਚ ਇਨ੍ਹਾਂ ਨੂੰ ਕੋਈ ਪੱਗ, ਕੰਬਲ ਜਾਂ ਖੇਸ ਆਦਿ ਨਹੀਂ ਸੀ ਦਿੰਦਾ। ਵਿਆਹ ਦਾ ਸੱਦਾ ਦੇਣ ਦਾ ਕੰਮ ਮੁੱਢ ਤੋਂ ਹੀ ਇਹ 'ਰਾਜੇ' ਕਰਦੇ। ਵਿਆਹ ਵਾਲੀ ਕੁੜੀ ਦੀ ਡੋਲੀ ਨਾਲ ਰਾਣੀ ਜਾਂਦੀ ਸੀ ਕਿਉਂਕਿ ਉਸ ਸਮੇਂ ਅੱਜ ਵਾਂਗ ਨਾ ਤਾਂ ਕੁੜੀ-ਮੁੰਡਾ ਵਿਆਹ ਤੋਂ ਪਹਿਲਾਂ ਆਪਸ ਵਿਚ ਮਿਲਦੇ ਸਨ ਤੇ ਨਾ ਹੀ ਬਾਕੀ ਪਰਿਵਾਰ ਨੂੰ ਕੁੜੀ ਨੇ ਦੇਖਿਆ ਹੁੰਦਾ ਸੀ। ਇਸ ਅਣਜਾਣ ਤੇ ਓਪਰੀ ਥਾਂ ਰਾਣੀ ਇਕ ਸਹਾਇਕ ਜਾਂ ਅੰਗਰੱਖਿਅਕ ਵਾਂਗ ਕੁੜੀ ਨਾਲ ਭੇਜੀ ਜਾਂਦੀ ਸੀ। ਜੇ ਕੋਈ ਵਿਚੋਲਾ ਹੁੰਦਾ ਤਾਂ ਵਿਚੋਲਣ ਕੁੜੀ ਨਾਲ ਭੇਜੀ ਜਾਂਦੀ। ਰਾਣੀ ਦੂਜੇ ਦਿਨ ਕੁੜੀ ਦੇ ਨਾਲ ਹੀ ਵਾਪਸ ਆਉਂਦੀ। ਕੁੜੀ ਦੇ ਸਹੁਰਾ ਪਰਿਵਾਰ ਵੱਲੋਂ ਰਾਣੀ ਦਾ ਬਹੁਤ ਮਾਣ-ਆਦਰ ਕੀਤਾ ਜਾਂਦਾ। ਉਸ ਨੂੰ ਕੱਪੜੇ-ਲੀੜੇ ਤੋਂ ਇਲਾਵਾ ਕਈ ਰੱਜੇ-ਪੁੱਜੇ ਪਰਿਵਾਰ ਚਾਂਦੀ ਜਾਂ ਸੋਨੇ ਦਾ ਕੋਈ ਗਹਿਣਾ ਵੀ ਪਾ ਦਿੰਦੇ। ਵਿਆਹ ਦਾ ਆਰੰਭ ਤੇ ਸੰਪੂਰਨਤਾ ਰਾਜੇ-ਰਾਣੀ ਦੀ ਸ਼ੁਭ ਸ਼ਮੂਲੀਅਤ ਨਾਲ ਹੁੰਦੀ। ਵਢਾਈ ਦੇ ਦਿਨਾਂ ਵਿਚ ਇਨ੍ਹਾਂ ਮਿਹਨਤਕਸ਼ ਲੋਕਾਂ ਨੂੰ ਕਣਕ ਦਾ ਇਕ ਭਾਰ ਦਿੱਤਾ ਜਾਂਦਾ। ਛਿਮਾਹੀ ਪਿੱਛੋਂ ਰਾਜੇ ਨੂੰ ਧੜੀ (ਦਸ ਸੇਰ ਕੱਚੀ) ਕਣਕ-ਮੱਕੀ ਦਿੱਤੀ ਜਾਂਦੀ। ਪੁਰਾਣੇ ਬਜ਼ੁਰਗ ਆਪਣੇ ਕਿੱਤੇ ਨਾਲ ਜੁੜੇ ਕੰਮ ਕਰਨ ਵਿਚ ਕੋਈ ਹੇਠੀ ਨਹੀਂ ਸਨ ਸਮਝਦੇ, ਪਰ ਅਗਲੀ ਪੀੜ੍ਹੀ ਇਨ੍ਹਾਂ ਕੰਮਾਂ ਤੋਂ ਨੱਕ ਵੱਟਣ ਲੱਗ ਪਈ ਸੀ ਤੇ ਤੀਜੀ ਪੀੜ੍ਹੀ ਤਾਂ ਪੜ੍ਹ-ਲਿਖ ਕੇ ਮਾਣ-ਮੱਤੇ ਅਹੁਦਿਆਂ ਉੱਤੇ ਜਾ ਬਿਰਾਜੀ ਹੈ। ਜੇ ਕੋਈ ਪਰਿਵਾਰ ਪਿੰਡ ਵਿਚ ਰਹਿੰਦਾ ਵੀ ਹੈ, ਉਹ ਵਿਆਹ-ਕਾਰਜ ਵਾਲੇ ਘਰੋਂ ਆਪਣਾ ਰੋਟੀ-ਕੱਪੜਾ ਤੇ ਲਾਗ ਲਿਆਉਣ ਵਿਚ ਵੀ ਸ਼ਰਮ ਮਹਿਸੂਸ ਕਰਦਾ ਹੈ। ਪਹਿਲਾਂ-ਪਹਿਲਾਂ ਇਨ੍ਹਾਂ ਪਰਿਵਾਰਾਂ ਦੇ ਲੋਕ ਫ਼ੌਜ ਵਿਚ ਭਰਤੀ ਹੋ ਜਾਂਦੇ ਸਨ, ਪਰ ਅੱਜ ਤਕਰੀਬਨ ਹਰ ਮਹਿਕਮੇ ਵਿਚ ਇਨ੍ਹਾਂ ਦੀ ਸ਼ਮੂਲੀਅਤ ਹੈ। ਇਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਵੀ ਪੜ੍ਹ-ਲਿਖ ਕੇ ਨੌਕਰੀ ਕਰ ਰਹੀਆਂ ਹਨ। ਪਿੰਡਾਂ ਦੇ ਇਨ੍ਹਾਂ ਮਿਹਨਤਕਸ਼ ਲੋਕਾਂ ਨੇ ਅੱਜ ਸ਼ਹਿਰਾਂ ਵਿਚ ਸ਼ਾਨਦਾਰ ਘਰ-ਕੋਠੀਆਂ ਬਣਾ ਲਏ ਹਨ ਤੇ ਕਈ ਲਾਇਕ ਧੀ-ਪੁੱਤਰਾਂ ਨੇ ਮਾਪਿਆਂ ਨੂੰ ਆਪਣੇ ਕੋਲ ਰੱਖਿਆ ਹੋਇਆ ਹੈ। ਇਹ ਲੋਕ ਹੁਣ ਪਿੰਡਾਂ ਵਿਚ ਕਦੇ-ਕਦਾਈਂ ਹੀ ਗੇੜਾ ਮਾਰਦੇ ਹਨ। ਪਿੰਡਾਂ ਵਿਚ ਹੁਣ ਉਹ ਔਖੇ-ਭਾਰੇ ਕੰਮ ਨਹੀਂ ਹਨ ਤੇ ਵਿਆਹ-ਸ਼ਾਦੀਆਂ ਦੇ ਵੀ ਪਹਿਲਾਂ ਵਾਲੇ ਰੰਗ ਨਹੀਂ ਰਹੇ। ਸੋ ਇਹ ਕਾਮੇ ਇਸ ਕਾਰਨ ਵੀ ਪਿੰਡ ਛੱਡ ਰਹੇ ਹਨ, ਪਰ ਪਿੰਡ ਸਦਾ ਹੀ ਉਨ੍ਹਾਂ ਦੇ ਚੇਤਿਆਂ ਵਿਚ ਵਸਿਆ ਰਹਿੰਦਾ ਹੈ। ਕਦੇ ਇਹ ਰਾਜੇ-ਰਾਣੀਆਂ ਤੇ ਬਾਕੀ ਮਿਹਨਤਕਸ਼ ਲੋਕ ਪੇਂਡੂ ਸਮਾਜ ਦੇ ਮਜ਼ਬੂਤ ਥੰਮ੍ਹ ਹੁੰਦੇ ਸਨ।

# ਓਸਾਮਾ ਬਿਨ ਲਾਦੇਨ ਨੂੰ ਲੱਭਣ ਵਿੱਚ ਅਮਰੀਕਾ ਦੀ ਮਦਦ ਕਰਨ ਵਾਲਾ ਡਾਕਟਰ ਜੇਲ੍ਹ 'ਚ ਕਿਉਂ



ਅਲ-ਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਦਾ ਪਤਾ ਲਗਾਉਣ ਵਿੱਚ ਅਮਰੀਕਾ ਦੀ ਮਦਦ ਕਰਨ ਵਾਲੇ ਇੱਕ ਡਾਕਟਰ ਦੀ ਰਿਹਾਈ ਲਈ ਪਾਕਿਸਤਾਨ ਦੀ ਇੱਕ ਅਦਾਲਤ ਵਿੱਚ ਸੁਣਵਾਈ ਹੋ ਰਹੀ ਹੈ। ਪੇਸ਼ਾਵਰ ਹਾਈ ਕੋਰਟ ਸ਼ਕੀਲ ਅਫ਼ਰੀਦੀ ਦੇ ਮਾਮਲੇ ਦੀ ਸੁਣਵਾਈ ਕਰ ਰਿਹਾ ਹੈ। ਇਹ ਪਹਿਲੀ ਵਾਰੀ ਹੋ ਰਿਹਾ ਹੈ ਕਿ ਪਾਕਿਸਤਾਨ ਵਿੱਚ ਓਪਨ ਕੋਰਟ ਵਿੱਚ ਸੁਣਵਾਈ ਹੋ ਰਹੀ ਹੈ। ਡਾ. ਅਫ਼ਰੀਦੀ ਉੱਤੇ ਕਦੇ ਵੀ 2011 ਦੇ ਆਪਰੇਸ਼ਨ ਵਿੱਚ ਸ਼ਮੂਲੀਅਤ ਦਾ ਮਾਮਲਾ ਦਰਜ ਨਹੀਂ ਹੋਇਆ। ਡਾ. ਅਫ਼ਰੀਦੀ ਨੇ ਹਮੇਸ਼ਾ ਇਹ ਦਲੀਲ ਦਿੱਤੀ ਹੈ ਕਿ ਉਨ੍ਹਾਂ ਨੂੰ ਨਿਰਪੱਖ ਟ੍ਰਾਇਲ ਦਾ ਮੌਕਾ ਨਹੀਂ ਦਿੱਤਾ ਗਿਆ।

ਡਾ. ਅਫ਼ਰੀਦੀ ਨੂੰ ਜੇਲ੍ਹ ਵਿੱਚ ਰੱਖਣ ਕਾਰਨ ਕਾਫ਼ੀ ਹੰਗਾਮਾ ਹੋਇਆ ਅਤੇ ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੇ ਜਾਣ ਵਾਲੀ ਮਦਦ 'ਚੋਂ 33 ਮਿਲੀਅਨ ਡਾਲਰ ਦੀ ਕਟੌਤੀ ਕਰ ਦਿੱਤੀ- ਹਰੇਕ ਸਾਲ ਦੀ ਜੇਲ੍ਹ ਲਈ ਇੱਕ ਮਿਲੀਅਨ ਡਾਲਰ ਦੀ ਕਟੌਤੀ।

## ਸ਼ਕੀਲ ਅਫ਼ਰੀਦੀ ਕੌਣ ਹੈ ?

ਡਾ. ਅਫ਼ਰੀਦੀ ਖੈਬਰ ਕਬਾਇਲੀ ਜ਼ਿਲ੍ਹੇ ਵਿਚ ਮਸ਼ਹੂਰ ਡਾਕਟਰ ਤੇ ਸਿਹਤ ਸੇਵਾਵਾਂ ਦੇ ਮੁਖੀ ਸਨ। ਇਸੇ ਕਾਰਨ ਉਨ੍ਹਾਂ ਨੇ ਅਮਰੀਕਾ ਵ੍ਲੋਂ ਫੰਡ ਕੀਤੇ ਗਏ ਟੀਕਾਕਰਣ ਦੇ ਕਈ ਪ੍ਰੋਗਰਾਮਾਂ ਦੀ ਨਿਗਰਾਨੀ ਕੀਤੀ ਸੀ।ਇੱਕ ਸਰਕਾਰੀ ਮੁਲਾਜ਼ਮ ਹੋਣ ਦੇ ਨਾਤੇ, ਉਨ੍ਹਾਂ ਨੇ ਇੱਕ ਅਜਿਹਾ ਹੀ ਹੈਪੇਟਾਈਟਸ ਬੀ ਟੀਕਾਕਰਣ ਪ੍ਰੋਗਰਾਮ ਚਲਾਇਆ, ਜਿਸ ਵਿਚ ਐਬਟਾਬਾਦ ਦੇ ਗੈਰੀਸਨ ਕਸਬਾ ਵੀ ਸ਼ਾਮਲ ਸੀ। ਉੱਥੇ ਹੀ ਪਤਾ ਲਗਿਆ ਕਿ ਲਾਦੇਨ ਫੌਜੀਆਂ ਦੇ ਸਾਹਮਣੇ ਹੀ ਰਹਿ ਰਿਹਾ ਸੀ। ਅਮਰੀਕੀ ਇੰਟੈਲੀਜੈਂਸ ਦੀ ਯੋਜਨਾ ਸੀ ਕਿ ਐਬਟਾਬਾਦ ਕੰਪਾਉਂਡ ਵਿੱਚ ਰਹਿ ਰਹੇ ਕਿਸੇ ਇੱਕ ਬੱਚੇ ਦੇ ਖ਼ੂਨ ਦਾ ਸੈਂਪਲ ਲਿਆਇਆ ਜਾਵੇ ਅਤੇ ਡੀਐਨਏ ਟੈਸਟ ਕਰਕੇ ਇਹ ਪਤਾ ਲਾਇਆ ਜਾਵੇ ਕਿ ਲਾਦੇਨ ਦੇ ਰਿਸ਼ਤੇਦਾਰ ਸਨ ਜਾਂ ਨਹੀਂ।

ਇਹ ਕਿਹਾ ਜਾ ਰਿਹਾ ਹੈ ਕਿ ਡਾ. ਅਫ਼ਰੀਦੀ ਦੇ ਸਟਾਫ਼ 'ਚੋਂ ਇੱਕ ਵਿਅਕਤੀ ਕੰਪਾਉਂਡ ਵਿੱਚ ਗਿਆ ਤੇ ਖ਼ੂਨ ਦਾ ਸੈਂਪਲ ਲਿਆਂਦਾ



ਪਰ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ ਕਿ ਕੀ ਇਸੇ ਸੈਂਪਲ ਦੇ ਆਧਾਰ 'ਤੇ ਹੀ ਅਮਰੀਕਾ ਨੂੰ ਲਾਦੇਨ ਦੀ ਥਾਂ ਬਾਰੇ ਪਤਾ ਲਾਉਣ ਵਿੱਚ ਮਦਦ ਮਿਲੀ।

ਓਸਾਮਾ ਬਿਨ ਲਾਦੇਨ ਨੂੰ ਮਾਰਨ ਤੋਂ 20 ਦਿਨਾਂ ਬਾਅਦ ਡਾ. ਅਫ਼ਰੀਦੀ ਨੂੰ 23 ਮਈ, 2011 ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਕਿਹਾ ਜਾ ਰਿਹਾ ਕਿ ਉਦੋਂ ਉਹ 40 ਸਾਲ ਤੋਂ ਵੱਧ ਉਮਰ ਦੇ ਸਨ।

ਉਨ੍ਹਾਂ ਦੀ ਨਿੱਜੀ ਜ਼ਿੰਦਗੀ ਬਾਰੇ ਥੋੜ੍ਹੀ ਹੀ ਜਾਣਕਾਰੀ ਹੈ। ਸਿਰਫ਼ ਇੰਨਾ ਹੀ ਪਤਾ ਹੈ ਕਿ ਉਹ 1990 ਵਿੱਚ ਖੈਬਰ ਮੈਡੀਕਲ ਕਾਲਜ ਤੋਂ ਗ੍ਰੈਜੂਏਟ ਹੋਏ ਹਨ।

ਡਾ. ਅਫ਼ਰੀਦੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਤੋਂ ਹੀ ਪਰਿਵਾਰ ਅੱਤਵਾਦੀ ਹਮਲੇ ਦੇ ਖਦਸ਼ੇ ਕਾਰਨ ਲੁਕਿਆ ਹੋਇਆ ਹੈ। ਉਨ੍ਹਾਂ ਦੀ ਪਤਨੀ ਐਬਟਾਬਾਦ ਦੇ ਇੱਕ ਸਰਕਾਰੀ ਸਕੂਲ ਵਿੱਚ ਪ੍ਰਿੰਸੀਪਲ ਸੀ।

ਉਨ੍ਹਾਂ ਦੇ ਤਿੰਨ ਬੱਚੇ ਹਨ- ਦੋ ਮੁੰਡੇ ਤੇ ਇੱਕ ਧੀ। ਉਨ੍ਹਾਂ 'ਚੋਂ ਦੋ ਤਾਂ ਹੁਣ ਜਵਾਨ ਹੋਣਗੇ।

ਅਮਰੀਕੀ ਅਧਿਕਾਰੀਆਂ ਨੇ ਸਾਲ 2012 ਵਿੱਚ ਜਨਤਕ ਤੌਰ 'ਤੇ ਕਬੂਲ ਕੀਤਾ ਸੀ ਕਿ ਡਾ. ਅਫ਼ਰੀਦੀ ਅਮਰੀਕੀ ਇੰਟੈਲੀਜੈਂਸ ਲਈ ਕੰਮ ਕਰਦੇ ਸੀ।

ਪਰ ਇਹ ਸਪੱਸ਼ਟ ਨਹੀਂ ਹੈ ਕਿ ਸੀਆਈਏ ਲਈ ਉਸ ਦੀ ਭੂਮਿਕਾ ਬਾਰੇ ਉਨ੍ਹਾਂ ਨੂੰ ਕਿੰਨਾ ਪਤਾ ਸੀ। ਉਨ੍ਹਾਂ ਨੇ ਐਬਟਾਬਾਦ ਕਮਿਸ਼ਨ ਸਾਹਮਣੇ ਪੇਸ਼ੀ ਦੌਰਾਨ ਕਤਲ ਬਾਰੇ ਕੁਝ ਨਹੀਂ ਕਿਹਾ।

ਪਾਕਿਸਤਾਨੀ ਜਾਂਚ ਮੁਤਾਬਕ ਭਰਤੀ ਵੇਲੇ ਡਾ. ਅਫ਼ਰੀਦੀ ਨੂੰ ਇਹ ਨਹੀਂ ਪਤਾ ਸੀ ਕਿ ਸੀਆਈਏ ਦੇ ਨਿਸ਼ਾਨੇ 'ਤੇ ਕੌਣ ਸੀ।

## ਕਿਸ ਇਲਜ਼ਾਮ 'ਚ ਮੁਕੱਦਮਾ ਚੱਲਿਆ ?

ਹਾਲਾਂਕਿ ਸ਼ੁਰੂਆਤ ਵਿਚ ਡਾ. ਅਫ਼ਰੀਦੀ ਨੂੰ ਦੇਸ਼ਧ੍ਰੋਹ ਦੇ ਇਲਜ਼ਾਮ ਲੱਗੇ ਪਰ ਅਖੀਰ ਮਈ 2012 ਵਿਚ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ 'ਤੇ ਪਾਬੰਦੀਸ਼ੁਦਾ ਅੱਤਵਾਦੀ ਸਮੂਹ ਲਸ਼ਕਰ-ਏ-ਇਸਲਾਮ ਨੂੰ ਫੰਡ ਦੇਣ ਦੇ ਇਲਜ਼ਾਮ ਲੱਗੇ।

ਉਸ 'ਤੇ ਇਸ ਜਥੇਬੰਦੀ ਨਾਲ ਸਬੰਧ ਹੋਣ ਕਾਰਨ 33 ਸਾਲ ਦੀ ਸਜ਼ਾ ਹੋਈ ਹਾਲਾਂਕਿ ਇੱਕ ਅਪੀਲ ਤੋਂ ਬਾਅਦ ਇਹ ਸਜ਼ਾ ਘਟਾ ਕੇ 23 ਸਾਲ ਕਰ ਦਿੱਤੀ।ਡਾ. ਅਫ਼ਰੀਦੀ 'ਤੇ ਜਥੇਬੰਦੀ ਦੇ ਲੜਾਕਿਆਂ ਨੂੰ ਮੈਡੀਕਲ ਮਦਦ ਕਰਨ ਦਾ ਇਲਜ਼ਾਮ ਲਾਇਆ ਗਿਆ। ਇਸ ਦੇ ਨਾਲ ਹੀ ਸਰਕਾਰੀ ਹਸਪਤਾਲ ਵਿੱਚ ਜਥੇਬੰਦੀ ਨੂੰ ਬੈਠਕ ਕਰਨ ਦੀ ਇਜਾਜ਼ਤ ਦੇਣ ਦਾ ਵੀ ਇਲਜ਼ਾਮ ਲਾਇਆ ਗਿਆ।ਉਸ ਦੇ ਪਰਿਵਾਰ ਨੇ ਇਨ੍ਹਾਂ ਇਲਜ਼ਾਮਾਂ ਦਾ ਜ਼ੋਰਦਾਰ ਖੰਡਣ ਕੀਤਾ ਹੈ। ਉਸ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਸ ਨੇ ਗਰੁੱਪ ਨੂੰ ਅਦਾ ਕੀਤੀ ਸਿਰਫ਼ ਇਕ ਵਾਰੀ ਇੱਕ ਮਿਲੀਅਨ ਪਾਕਿਸਤਾਨੀ ਰੁਪਏ ਦਿੱਤੇ ਸੀ। ਇਹ ਫਿਰੌਤੀ ਉਸ ਨੂੰ 2008 ਵਿਚ ਅਗਵਾ ਕਰਨ ਤੋਂ ਬਾਅਦ ਰਿਹਾਈ ਲਈ ਦਿੱਤੀ ਗਈ ਸੀ। 2012 ਵਿੱਚ ਉਨ੍ਹਾਂ ਵੱਲੋਂ ਜੇਲ੍ਹ 'ਚੋਂ ਫੌਕਸ ਨਿਊਜ਼ ਨੂੰ ਚਿੱਠੀ ਲਿਖਣ ਦੀਆਂ ਖ਼ਬਰਾਂ ਆਈਆਂ ਜਿਸ ਵਿੱਚ ਲਿਖਿਆ ਸੀ ਕਿ ਪਾਕਿਸਤਾਨੀ ਖ਼ੁਫੀਆ ਏਜੰਸੀ ਨੇ ਅਗਵਾ ਕੀਤਾ ਹੈ ਤੇ ਉਨ੍ਹਾਂ ਨਾਲ ਤਸ਼ੱਦਦ ਕੀਤਾ ਜਾ ਰਿਹਾ ਹੈ। ਇੱਕ ਸਾਲ ਬਾਅਦ ਉਹ ਆਪਣੇ ਵਕੀਲਾਂ ਤੱਕ ਇੱਕ ਚਿੱਠੀ ਪਹੁੰਚਾਉਣ ਵਿੱਚ ਕਾਮਯਾਬ ਹੋਏ ਜਿਸ ਵਿੱਚ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ ਹੈ। ਪਰ ਉਸ 'ਤੇ ਅਮਰੀਕਾ ਦੀ ਮਦਦ ਕਰਨ ਦਾ ਇਲਜ਼ਾਮ ਕਿਉਂ ਨਹੀਂ ਲੱਗਿਆ ? ਇਹ ਸਪਸ਼ਟ ਨਹੀਂ ਹੋ ਸਕਿਆ ਹੈ ਪਰ ਬਿਨ ਲਾਦੇਨ ਦਾ ਮਾਮਲਾ ਪਾਕਿਸਤਾਨ ਲਈ ਵੱਡੀ ਸ਼ਰਮ ਵਾਲੀ ਗੱਲ ਸੀ। ਹਾਲਾਂਕਿ ਅਧਿਕਾਰੀ ਇਸ ਗੱਲ ਨਾਲ ਨਾਰਾਜ਼ ਸਨ ਕਿਉਂਕਿ ਇਹ ਹਕੂਮਤ ਦੀ ਉਲੰਘਣਾ ਸਮਝਿਆ ਗਿਆ।

## ਅਮਰੀਕਾ ਦਾ ਹੀਰੋ ਪਰ ਪਾਕਿਸਤਾਨ ਲਈ ਦੇਸਧ੍ਰੋਹੀ

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਸਾਲ 2016 ਦੀ ਚੋਣ ਮੁਹਿੰਮ ਦੌਰਾਨ ਦਾਅਵਾ ਕੀਤਾ ਸੀ ਕਿ ਜੇ ਉਹ ਚੋਣ ਜਿੱਤ ਜਾਂਦੇ ਹਨ ਤਾਂ ਡਾ. ਅਫ਼ਰੀਦੀ ਨੂੰ ਦੋ ਮਿੰਟ ਵਿੱਚ ਰਿਹਾਅ ਕਰਵਾ ਲੈਣਗੇ ਪਰ ਅਜਿਹਾ ਕਦੇ ਨਹੀਂ ਹੋਇਆ।

ਡਾ. ਅਫ਼ਰੀਦੀ ਨੂੰ ਅਮਰੀਕਾ ਵਿੱਚ ਹੀਰੋ ਮੰਨਿਆ ਜਾਂਦਾ ਹੈ ਪਰ ਪਾਕਿਸਤਾਨ ਵਿੱਚ ਉਸ ਨੂੰ ਦੇਸਧ੍ਰੋਹੀ ਮੰਨਿਆ ਜਾਂਦਾ ਹੈ ਜਿਸ ਕਾਰਨ ਦੇਸ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ।

ਇਸ ਕਾਰਨ ਹੀ ਅਮੀਰੀਕੀ ਨੇਵੀ ਸੀਲ ਪਾਕਿਸਤਾਨ ਵਿੱਚ ਦਾਖਿਲ ਹੋਈ ਤੇ 9/11 ਹਮਲੇ ਦੇ ਮਾਸਟਰ ਮਾਈਂਡ ਨੂੰ ਮਾਰ ਦਿੱਤਾ ਅਤੇ ਉਸਦੇ ਸਰੀਰ ਨੂੰ ਬਿਨਾ ਕਿਸੇ ਚੁਣੌਤੀ ਦੇ ਲੈ ਕੇ ਭੱਜਣ ਵਿੱਚ ਵੀ ਕਾਮਯਾਬ ਹੋਏ, ਬਿਨਾ ਕਿਸੇ ਰੁਕਾਵਟ ਦੇ।

ਇਸ ਕਾਰਨ ਇਹ ਸਵਾਲ ਖੜ੍ਹਾ ਹੋਇਆ ਕਿ ਕੀ ਪਾਕਿਸਤਾਨ ਫ਼ੌਜ ਨੂੰ ਜਾਣਕਾਰੀ ਸੀ ਕਿ ਓਸਾਮਾ ਬਿਨ ਲਾਦੇਨ ਪਾਕਿਸਤਾਨ ਵਿੱਚ ਹੀ ਮੌਜੂਦ ਸੀ ?



# ਮੋਦੀ ਸਰਕਾਰ ਅਗਲੇ ਦਿਨਾਂ 'ਚ ਚੁੱਕੇਗੀ ਕਸ਼ਮੀਰ ਬਾਰੇ ਵੱਡਾ ਕਦਮ



ਸ੍ਰੀਨਗਰ: ਵਿਦੇਸ਼ੀ ਦਬਾਅ ਵਧਣ ਤੋਂ ਬਾਅਦ ਭਾਰਤ ਸਰਕਾਰ ਜੰਮੂ ਕਸ਼ਮੀਰ ਵਿੱਚ ਮੋਬਾਈਲ ਸੇਵਾ ਬਹਾਲ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਸੈਲਾਨੀਆਂ 'ਤੇ ਲਾਈ ਪਾਬੰਦੀ ਸਬੰਧੀ ਐਡਵਾਇਜ਼ਰੀ ਖਤਮ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਸਰਦੀ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਸਰਕਾਰ ਕਸ਼ਮੀਰ ਦੇ ਹਾਲਾਤ ਠੀਕ ਕਰਨ ਲਈ ਹੋਰ ਕਦਮ ਚੁੱਕ ਸਕਦੀ ਹੈ। ਸਰਕਾਰੀ ਸੂਤਰਾਂ ਅਨੁਸਾਰ ਜੰਮੂ ਤੇ ਕਸ਼ਮੀਰ ਵਿੱਚ ਆਉਣ ਵਾਲੇ ਇੱਕ ਦੋ ਦਿਨਾਂ ਵਿੱਚ ਬੀਐਸਐਨਐਲ ਦੀ ਪੋਸਟ ਪੇਡ ਮੋਬਾਈਲ ਸੇਵਾ ਬਹਾਲ ਕਰ ਦਿੱਤੀ ਜਾਵੇਗੀ। ਇਸ ਸਬੰਧੀ ਫੈਸਲਾ ਲੈ ਲਿਆ ਗਿਆ ਹੈ, ਬੱਸ ਤਰੀਕ ਦਾ ਫੈਸਲਾ ਕੀਤਾ ਜਾਣਾ ਬਾਕੀ ਹੈ। ਦਿੱਲੀ ਨੇ ਵੀ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ ਤੇ ਬੁੱਧਵਾਰ ਜਾਂ ਵੀਰਵਾਰ ਨੂੰ ਵਾਦੀ ਵਿੱਚ ਮੋਬਾਈਲ ਟੈਲੀਕਮਿਊਨੀਕੇਸ਼ਨ ਸੇਵਾ ਬਹਾਲ ਹੋ ਜਾਵੇਗੀ।

ਕਾਬਲੇਗੌਰ ਹੈ ਕਿ ਅਮਰੀਕਾ ਦੀ ਅਧਿਕਾਰਤ ਕਾਂਗਰਸ ਕਮੇਟੀ ਨੇ ਕਿਹਾ ਹੈ ਕਿ ਭਾਰਤ ਵੱਲੋਂ ਕਸ਼ਮੀਰ 'ਚ ਲਾਈਆਂ ਸੰਚਾਰ ਪਾਬੰਦੀ ਨਾਲ ਉਥੋਂ ਦੇ ਲੋਕਾਂ ਦਾ ਜੀਵਨ ਤੇ ਖੁਸ਼ਹਾਲੀ 'ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਕਮੇਟੀ ਨੇ ਭਾਰਤ ਸਰਕਾਰ ਨੂੰ ਕਸ਼ਮੀਰ 'ਚ ਲਾਈਆਂ ਪਾਬੰਦੀਆਂ ਹਟਾਉਣ ਦੀ ਅਪੀਲ ਕੀਤੀ ਹੈ। ਦੇਸ਼ ਵਿੱਚ ਵਿਰੋਧੀ ਸਿਆਸੀ ਪਾਰਟੀਆਂ ਵੀ ਪਾਬੰਦੀਆਂ ਹਟਾਉਣ ਦੀ ਮੰਗ ਕਰ ਰਹੀਆਂ ਹਨ। ਇਸ ਮਗਰੋਂ ਭਾਰਤ ਸਰਕਾਰ 'ਤੇ ਦਬਾਅ ਵਧਿਆ ਹੈ। ਦਰਅਸਲ ਘਾਟੀ 'ਚ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਇਹ ਪਾਬੰਦੀਆਂ ਜਾਰੀ ਹਨ। ਕੇਂਦਰ ਸਰਕਾਰ ਵੱਲੋਂ ਪੰਜ ਅਗਸਤ ਨੂੰ ਸੰਵਿਧਾਨ ਦੀ ਧਾਰਾ 370 ਦੀਆਂ ਵਧੇਰੇ ਤਜਵੀਜ਼ਾਂ ਖਤਮ ਕਰਨ ਤੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਤੇ ਲੱਦਾਖ 'ਚ ਵੰਡਣ ਤੋਂ ਬਾਅਦ ਪੂਰੇ ਕਸ਼ਮੀਰ 'ਚ ਪਾਬੰਦੀਆਂ ਲਾਗੂ ਹਨ। ਕਸ਼ਮੀਰ 'ਚ ਆਮ ਜੀਵਨ ਦੋ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੋਂ ਪ੍ਰਭਾਵਿਤ ਹੈ ਤੇ ਮੁੱਖ ਬਾਜ਼ਾਰ ਬੰਦ ਹਨ ਤੇ ਜਨਤਕ ਆਵਾਜਾਈ ਵੀ ਠੱਪ ਹੈ।

# ਨੇਪਾਲ 'ਚ ਸਥਾਪਿਤ ਸ੍ਰੀ ਗੁਰੂ ਨਾਨਕ ਮੱਠ ਪ੍ਰਤੀ ਵਰਤੀ ਜਾ ਰਹੀ ਹੈ ਅਣਗਹਿਲੀ

ਕਾਠਮੰਡੂ-ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਾਚੀਨ ਤੀਜੀ ਉਦਾਸੀ ਸਮੇਂ ਨੇਪਾਲ ਦੇ ਕਾਠਮੰਡੂ ਪਹੁੰਚੇ ਸੀ। ਇੱਥੇ ਉਨ੍ਹਾਂ ਵੱਲੋਂ ਬਾਲਾਜੂ 'ਚ ਨਾਨਕ ਮੱਠ ਸਥਾਪਿਤ ਕੀਤਾ ਸੀ, ਜਿਸ ਪ੍ਰਤੀ ਹੁਣ ਅਣਗਹਿਲੀ ਵਰਤੀ ਜਾ ਰਹੀ ਹੈ। ਇਹ ਸ਼ਾਇਦ ਮੱਠ 'ਚ ਪ੍ਰਚਲਿੱਤ ਸਿੱਖੀ ਰਹਿਤ ਮਰਿਆਦਾ ਅਤੇ ਯੋਗੀ ਪਰੰਪਰਾਵਾਂ ਕਾਰਨ ਹੈ। ਮੌਜੂਦਾ ਸਮੇਂ ਨੀਮ ਮੁਨੀ ਉਦਾਸੀਨ ਰੋਜ਼ਾਨਾ ਸਿੱਖ ਧਾਰਮਿਕ ਸੇਵਾਵਾਂ ਨਿਭਾਉਂਦੇ ਹਨ, ਗੁਰਬਾਣੀ ਦਾ ਪਾਠ ਕਰਦੇ ਅਤੇ ਕਈ ਨੇਪਾਲੀਆਂ ਨੂੰ ਮਿਸ਼ਰੀ ਦਾ ਪ੍ਰਸ਼ਾਦ ਵੰਡਦੇ ਹਨ। ਉਨ੍ਹਾਂ ਨੇ ਦੱਸਿਆ ਹੈ, "ਮੱਠ ਦੀ ਸਾਂਭ ਸੰਭਾਲ ਲਈ ਸਾਨੂੰ ਨੇਪਾਲੀ ਸਰਕਾਰ ਤੋਂ ਕੁਝ ਵਿੱਤੀ ਸਹਾਇਤਾ ਵੀ ਮਿਲਦੀ ਹੈ ਪਰ ਕੋਈ ਵੀ ਸਿੱਖ ਸੰਸਥਾ ਇਸ ਥਾਂ ਨੂੰ ਵਿਕਸਿਤ ਕਰਨ 'ਚ ਮਦਦ ਨਹੀਂ ਕਰਦੀ ਹੈ। ਕੁਝ ਲੋਕਾਂ ਨੇ ਅਜਿਹਾ



ਕਰਨ ਲਈ ਕਿਹਾ ਸੀ ਪਰ ਉਨ੍ਹਾਂ ਦੇ ਇਰਾਦੇ ਮੱਠ ਨੂੰ ਕੰਟਰੋਲ ਲਈ ਸੀ, ਜਿਸ ਦਾ ਮੈਂ ਸਖਤ ਵਿਰੋਧ ਕੀਤਾ ਹੈ ਅਤੇ ਹਮੇਸ਼ਾ ਵਿਰੋਧ ਕਰਦਾ ਰਹਾਂਗਾ।" ਦੱਸਣਯੋਗ ਹੈ ਕਿ ਕਾਂਠਮਾਡੂ ਦੇ ਬਾਲਾਜੂ ਇਲਾਕੇ 'ਚ ਬਿਸ਼ੁਮਤੀ ਨਦੀ ਦੇ ਨੇੜੇ ਝੌਂਪੜੀ ਵਰਗੀ ਬਸਤੀ ਦੇ ਨਾਲ ਸਥਾਪਿਤ ਇਹ ਮੱਠ ਪਹਾੜੀ ਦੇ ਉੱਪਰ ਟਿਕਿਆ ਹੋਇਆ, ਜਿੱਥੇ ਸੰਘਣੇ ਜੰਗਲਾਂ ਨਾਲ ਘਿਰੀ ਹੋਈ ਸੀਮੈਂਟ ਦੀ ਪੌੜੀ ਰਾਹੀਂ ਪਹੁੰਚਿਆ ਜਾਂਦਾ ਹੈ। ਇਤਿਹਾਸ 'ਚ ਦੱਸਿਆ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੱਛਮ ਤੋਂ ਨੇਪਾਲ ਦਾਖਲ ਹੋ ਕੇ ਸੀਤਾ ਦੇ ਜਨਮਸਥਾਨ ਜਨਕਪੁਰ ਵੱਲ ਪੂਰਬ ਦੀ ਯਾਤਰਾ ਕੀਤੀ ਸੀ। ਜਨਕਪੁਰ ਤੋਂ ਉਨ੍ਹਾਂ ਨੇ ਵਿਰਾਟਨਗਰ ਅਤੇ ਉਸ ਤੋਂ ਬਾਅਦ ਕੋਸ਼ੀ ਨਦੀ ਦੇ ਕਿਨਾਰੇ ਸਥਿਤ ਇੱਕ ਪਵਿੱਤਰ ਸਥਾਨ ਬਰਾਹਖੇਤਰ ਦਾ ਦੌਰਾ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਮਹਾਭਾਰਤ ਰੇਂਜ ਤੋਂ ਬਨੇਪਾ ਅਤੇ ਭਕਤਾਪੁਰ ਦੇ ਰਸਤਿਓ ਕਾਠਮੰਡ ਦੀ ਯਾਤਰਾ ਕੀਤੀ।

# 'ਧੋਖੇਬਾਜ਼' ਪਰਵਾਸੀ ਲਾੜਿਆਂ 'ਤੇ ਸ਼ਿਕੰਜਾ, ਦੋ ਮਹੀਨਿਆਂ ਅੰਦਰ ਮੰਗੀ ਰਿਪੋਰਟ



ਨਵੀਂ ਦਿੱਲੀ: ਐਨਆਰਆਈ ਵਿਆਹ ਰਜਿਸਟਰੇਸ਼ਨ ਬਿੱਲ ਨੂੰ ਘੋਖ-ਪੜਤਾਲ ਲਈ ਵਿਦੇਸ਼ ਮਾਮਲਿਆਂ ਬਾਰੇ ਸੰਸਦ ਦੀ ਸਟੈਂਡਿੰਗ ਕਮੇਟੀ ਹਵਾਲੇ ਕਰ ਦਿੱਤਾ ਗਿਆ ਹੈ। ਕਮੇਟੀ ਨੂੰ ਦੋ ਮਹੀਨਿਆਂ ਅੰਦਰ ਰਿਪੋਰਟ ਸੌਂਪਣ ਲਈ ਆਖਿਆ ਗਿਆ ਹੈ। ਬਿੱਲ ਤਹਿਤ ਕਿਸੇ ਵੀ ਪਰਵਾਸੀ ਲਾੜੇ ਨੂੰ ਵਿਆਹ ਕਰਵਾਉਣ ਦੇ ਤੀਹ ਦਿਨਾਂ ਅੰਦਰ ਵਿਆਹ ਦੀ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਹੈ। 'ਰਜਿਸਟਰੇਸ਼ਨ ਆਫ਼ ਮੈਰਿਜ ਆਫ਼ ਨਾਨ-ਰੈਜ਼ੀਡੈਂਟ ਇੰਡੀਅਨ ਬਿੱਲ 2019' ਪਾਸਪੋਰਟ ਅਥਾਰਿਟੀਜ਼ ਨੂੰ ਉਨ੍ਹਾਂ ਪਰਵਾਸੀ ਭਾਰਤੀਆਂ ਦਾ ਪਾਸਪੋਰਟ ਜਾਂ ਹੋਰ ਯਾਤਰਾ ਦਸਤਾਵੇਜ਼ ਜ਼ਬਤ ਕਰਨ ਜਾਂ ਰੱਦ ਕਰਨ ਦਾ ਅਖ਼ਤਿਆਰ ਦਿੰਦਾ ਹੈ, ਜੋ ਮਿੱਥੀ ਮਿਆਦ ਅੰਦਰ ਵਿਆਹ ਦਾ ਪੰਜੀਕਰਨ ਕਰਵਾਉਣ ਵਿੱਚ ਨਾਕਾਮ ਰਹਿੰਦੇ ਹਨ। ਲੋਕ ਸਭਾ ਸਕੱਤਰੇਤ ਨੇ ਬਿਆਨ ਵਿੱਚ ਕਿਹਾ, 'ਲੋਕ ਸਭਾ ਸਪੀਕਰ ਨੇ ਰਾਜ ਸਭਾ ਚੇਅਰਮੈਨ ਨਾਲ ਸਲਾਹ ਮਸ਼ਵਰੇ ਮਗਰੋਂ ਪਰਵਾਸੀ ਭਾਰਤੀਆਂ ਦੇ ਵਿਆਹ ਰਜਿਸਟਰੇਸ਼ਨ ਨਾਲ ਸਬੰਧਤ ਬਿੱਲ ਵਿਦੇਸ਼ ਮਾਮਲਿਆਂ ਬਾਰੇ ਸਟੈਂਡਿੰਗ ਕਮੇਟੀ ਹਵਾਲੇ ਕਰਦਿਆਂ ਦੋ ਮਹੀਨਿਆਂ ਅੰਦਰ ਰਿਪੋਰਟ ਦੇਣ ਲਈ ਆਖ ਦਿੱਤਾ ਹੈ।'ਪਰਵਾਸੀ ਭਾਰਤੀਆਂ ਵੱਲੋਂ ਭਾਰਤੀ ਔਰਤਾਂ ਨਾਲ ਵਿਆਹ ਕਰਵਾਉਣ ਮਗਰੋਂ ਧੋਖਾਧੜੀ ਦੇ ਵਧਦੇ ਕੇਸਾਂ ਕਰਕੇ ਇਸ ਸਾਲ ਫਰਵਰੀ ਵਿੱਚ ਰਾਜ ਸਭਾ ਵਿੱਚ ਬਿੱਲ ਪੇਸ਼ ਕੀਤਾ ਗਿਆ ਸੀ। ਬਿੱਲ ਤਹਿਤ ਪਰਵਾਸੀ ਭਾਰਤੀਆਂ ਲਈ ਵਿਆਹ ਕਰਵਾਉਣ ਦੇ ਮਹੀਨੇ ਅੰਦਰ ਵਿਆਹ ਦੀ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਹੈ।

## ਰੋਨਾਲਡੋ ਨੇ ਪਹਿਲੀ ਵਾਰ ਕਿਹਾ- ਜਾਰਜੀਨਾ ਨਾਲ ਵਿਆਹ ਜ਼ਰੂਰ ਹੋਵੇਗਾ




ਨਵੀਂ ਦਿੱਲੀ- ਇਟਲੀ ਦੇ ਕਲੱਬ ਜੁਵੈਂਟਸ ਨਾਲ ਖੇਡਣ ਵਾਲੇ ਪੁਰਤਗਾਲ ਦੇ ਸਟਾਰ ਫੁੱਟਬਾਲ ਖਿਡਾਰੀ ਕ੍ਰਿਸਟੀਆਨੋ ਰੋਨਾਲਡੋ ਤੇ ਉਸਦੀ ਪ੍ਰੇਮਿਕਾ ਜਾਰਜੀਨਾ ਰੋਡ੍ਰਿਗੇਜ ਦੇ ਵਿਆਹ ਦੀਆਂ ਕਿਆਸਾਂ ਕਾਫੀ ਦਿਨਾਂ ਤੋਂ ਲਾਈਆਂ ਜਾ ਰਹੀਆਂ ਹਨ। ਰੋਨਾਲਡੋ ਨੇ ਪਹਿਲੀ ਵਾਰ ਕਿਹਾ ਕਿ ਉਹ ਜਾਰਜੀਨਾ ਨਾਲ ਵਿਆਹ ਜ਼ਰੂਰ ਕਰੇਗਾ। ਰੋਨਾਲਡੋ ਨੇ ਆਈ. ਟੀ. ਵੀ. 'ਤੇ ਪਿਅਰਸ ਮੋਰਗਨ ਦੇ ਸ਼ੋਅ 'ਗੁੱਡ ਮਾਰਨਿੰਗ ਬ੍ਰਿਟੇਨ' ਉਤੇ ਦਿੱਤੀ ਇੰਟਰਵਿਊ ਵਿਚ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਉਸ ਨੇ ਕਿਹਾ ਕਿ ਮੈਂ ਉਸ ਨਾਲ ਬਹੁਤ ਪਿਆਰ ਕਰਦਾ ਹਾਂ। ਅਸੀਂ ਇਕ ਦਿਨ ਜ਼ਰੂਰ ਵਿਆਹ ਕਰਾਂਗੇ। ਮੇਰੀ ਮਾਂ ਵੀ ਇਹ ਹੀ ਚਾਹੁੰਦੀ ਹੈ।

# ਮੰਦੀ ਦਾ ਅਸਰ ! ਮਾਰੂਤੀ ਨੇ ਲਗਾਤਾਰ 8ਵੇਂ ਮਹੀਨੇ ਘਟਾਇਆ ਪ੍ਰੋਡਕਸ਼ਨ, ਟਾਟਾ ਮੋਟਰਜ਼ ਵੀ ਪ੍ਰਭਾਵਿਤ





ਨਵੀਂ ਦਿੱਲੀ- ਆਟੋਮੋਬਾਈਲ ਸੈਕਟਰ ਦੀ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਨੇ ਨਰਮੀ ਦੇ ਮੱਦੇਨਜ਼ਰ ਸਤੰਬਰ 'ਚ ਆਪਣੇ ਉਤਪਾਦਨ 'ਚ 17.48 ਫੀਸਦੀ ਦੀ ਕਮੀ ਕੀਤੀ ਹੈ। ਇਹ ਲਗਾਤਾਰ ਅੱਠਵਾਂ ਮਹੀਨਾ ਹੈ ਜਦੋਂ ਦੇਸ਼ ਦੀ ਸਭ ਤੋਂ ਵੱਡੀ ਕਾਰ ਨਿਰਮਾਤਾ ਨੇ ਆਪਣੇ ਉਤਪਾਦਨ ਨੂੰ ਘਟਾ ਦਿੱਤਾ ਹੈ। ਮਾਰੂਤੀ ਸੁਜ਼ੂਕੀ ਇੰਡੀਆ (ਐਮਐਸਆਈ) ਨੇ ਸਟਾਕ ਬਾਜ਼ਾਰਾਂ ਨੂੰ ਦਿੱਤੀ ਇੱਕ ਜਾਣਕਾਰੀ ਵਿੱਚ ਕਿਹਾ ਕਿ ਕੰਪਨੀ ਨੇ ਸਤੰਬਰ ਵਿੱਚ 1,32,199 ਇਕਾਈਆਂ ਦਾ ਉਤਪਾਦਨ ਕੀਤਾ, ਜਦੋਂ ਕਿ ਇੱਕ ਸਾਲ ਪਹਿਲਾਂ ਇਸੇ ਮਹੀਨੇ ਵਿੱਚ 1,60,219 ਇਕਾਈਆਂ ਦਾ ਉਤਪਾਦਨ ਹੋਇਆ ਸੀ। ਪਿਛਲੇ ਮਹੀਨੇ ਪੈਸੇਂਜਰ ਵ੍ਹੀਲਜ਼ ਦਾ ਪ੍ਰੋਡਕਸ਼ਨ ਸਾਲਾਨਾ ਆਧਾਰ 'ਤੇ 17.37 ਫੀਸਦੀ ਘਟ ਕੇ 1,30,264 ਯੂਨਿਟ ਰਿਹਾ ਜਦਕਿ ਸਤੰਬਰ 2018 ਤਕ ਇਹ ਗਿਣਤੀ 1,57,659 ਯੂਨਿਟ ਸੀ। ਇਹ ਹਾਲ ਟਾਟਾ ਮੋਟਰਜ਼ ਦਾ ਵੀ ਹੈ। ਟਾਟਾ ਮੋਟਰਜ਼ ਦੇ ਯਾਤਰੀ ਵਾਹਨਾਂ ਦਾ ਉਤਪਾਦਨ ਵੀ ਇਸ ਸਾਲ ਸਤੰਬਰ ਵਿੱਚ 63 ਫੀਸਦੀ ਘਟ ਕੇ 6,976 ਇਕਾਈ ਹੋ ਗਿਆ, ਜੋ ਪਿਛਲੇ ਸਾਲ ਇਸੇ ਮਹੀਨੇ ਵਿੱਚ 18,855 ਇਕਾਈਆਂ ਸੀ। ਮਾਰੂਤੀ ਸੁਜ਼ੂਕੀ, ਹੁੰਡਾਈ, ਮਹਿੰਦਰਾ ਐਂਡ ਮਹਿੰਦਰਾ, ਟਾਟਾ ਮੋਟਰਜ਼, ਟੋਯੋਟਾ ਤੇ ਹੌਂਡਾ ਸਣੇ ਸਾਰੀਆਂ ਵੱਡੀਆਂ ਆਟੋਮੋਬਾਈਲ ਕੰਪਨੀਆਂ ਦੀ ਘਰੇਲੂ ਵਿਕਰੀ ਦਹਾਈ ਅੰਕ ਘੱਟ ਗਈ ਹੈ। ਇੱਥੋਂ ਤਕ ਕਿ ਤਿਉਹਾਰ ਸ਼ੁਰੂ ਹੋਣ ਤੋਂ ਬਾਅਦ ਵੀ ਵਾਹਨ ਖੇਤਰ ਵਿੱਚ ਮੰਗ ਸੁਸਤ ਹੈ।

# ਐਸਬੀਆਈ ਦਾ ਵੱਡਾ ਐਲਾਨ, ਵਿਆਜ਼ ਦਰਾਂ 'ਚ ਕਟੌਤੀ

ਨਵੀਂ ਦਿੱਲੀ: ਦੇਸ਼ ਦੇ ਸਭ ਤੋਂ ਵੱਡੇ ਬੈਂਕ ਐਸਬੀਆਈ ਨੇ ਸਾਰੇ ਅੰਤਰਾਲ ਦੇ ਲੋਨ 'ਤੇ ਐਮਸੀਐਲਆਰ 'ਚ 0.10 ਫੀਸਦ ਦੀ ਕਮੀ ਦਾ ਐਲਾਨ ਕੀਤਾ ਹੈ। ਈਐਮਆਈ ਦੀਆਂ ਨਵੀਆਂ ਦਰਾਂ 10 ਅਕਤੂਬਰ ਤੋਂ ਲਾਗੂ ਹੋਣਗੀਆਂ। ਆਰਬੀਆਈ ਵੱਲੋਂ ਰੈਪੋ ਰੇਟ 'ਚ 0.25 ਫੀਸਦ ਦੀ ਕਮੀ ਕੀਤੀ ਹੈ। ਇਸ ਫੈਸਲੇ ਦਾ ਫਾਇਦਾ ਗਾਹਕਾਂ ਨੂੰ ਦੇਣ ਲਈ ਐਸਬੀਆਈ ਬੈਂਕ ਨੇ ਇਹ ਕਦਮ ਚੁੱਕਿਆ ਹੈ। ਬੈਂਕ ਦਾ ਕਹਿਣਾ ਹੈ ਕਿ ਤਿਓਹਾਰਾਂ ਦੇ ਮੌਸਮ ਨੂੰ ਵੇਖਦੇ ਹੋਏ ਉਨ੍ਹਾਂ ਇਹ ਕਦਮ ਚੁੱਕਿਆ ਹੈ। ਬੈਂਕ ਦੇ ਇਸ ਫੈਸਲੇ ਤੋਂ ਵੱਡੀ ਗਿਣਤੀ 'ਚ ਲੋਕਾਂ ਨੂੰ ਫਾਇਦਾ ਪਹੁੰਚੇਗਾ ਕਿਉਂਕਿ ਐਸਬੀਆਈ ਦੇਸ਼ ਦਾ ਸਭ ਤੋਂ ਵੱਡਾ ਬੈਂਕ ਹੈ। ਹੁਣ ਇਸ ਗੱਲ ਦੀ ਉਮੀਦ ਕੀਤੀ ਜਾ ਰਹੀ ਹੈ ਕਿ ਹੋਰ ਬੈਂਕ ਵੀ ਜਲਦੀ ਹੀ ਇਸ ਤਰ੍ਹਾਂ ਦਾ ਐਲਾਨ ਕਰ ਸਕਦੇ ਹਨ। ਐਸਬੀਆਈ ਵੱਲੋਂ ਐਮਸੀਐਲਆਰ ਬੇਸਡ ਲੋਨ ਦੇ ਇੰਟਰਸਟ ਰੇਟ 'ਚ ਕੀਤੀ ਗਈ ਕਮੀ ਤੋਂ ਬਾਅਦ ਬੈਂਕ ਦਾ ਇੱਕ ਸਾਲ ਦਾ ਐਮਸੀਐਲਆਰ ਘੱਟਕੇ 8.05 ਫੀਸਦ ਦੀ ਸਾਲਾਨਾ ਦਰ 'ਤੇ ਰਹਿ ਗਿਆ ਹੈ। ਇਸ ਅੰਤਰਾਲ ਦੇ ਲਈ ਬੈਂਕ ਐਮਸੀਐਲਆਰ ਦਰ ਪਹਿਲਾਂ 8.15 ਫੀਸਦ 'ਤੇ ਸੀ। ਵਿੱਤ ਸਾਲ 2019-20 'ਚ ਐਸਬੀਆਈ ਨੇ ਐਮਸੀਐਲਆਰ 'ਚ ਛੇਵੀਂ ਵਾਰ ਕਮੀ ਕੀਤੀ ਹੈ। ਮਾਰਜ਼ੀਨਲ ਕਾਸਟ ਆਫ਼ ਲੈਂਡਿੰਗ ਰੇਟ ਨੂੰ ਹੀ ਐਮਸੀਐਲਆਰ ਕਹਿੰਦੇ ਹਾਂ। ਇਸ ਬਾਰੇ ਜਾਣਨਾ ਜ਼ਰੂਰੀ ਹੈ ਕਿ ਇਹ ਬੈਂਕ ਦੀ ਆਪਣੀ ਲਾਗਤ 'ਤੇ ਆਧਾਰਤ ਰੇਟ ਹੁੰਦਾ ਹੈ। ਐਮਸੀਐਲਆਰ 'ਚ ਕਿਸੇ ਤਰ੍ਹਾਂ ਦੀ ਕਮੀ ਦਾ ਫਾਇਦਾ ਤੁਰੰਤ ਨਹੀਂ ਮਿਲਦਾ।

# ਹਿੰਦੂ ਸੰਸਕ੍ਰਿਤੀ ਦੇ ਮੁੱਢਲੇ ਸੋਮੇ

ਰਮੇਸ਼ ਬੱਗਾ ਚੋਹਲਾ



ਵੈਦਿਕ/ਹਿੰਦੂ ਧਰਮ ਦੀ ਆਰੰਭਤਾ ਵੇਦਾਂ ਦੀ ਰਚਨਾ ਦੇ ਨਾਲ ਹੋਈ ਮੰਨੀ ਜਾਂਦੀ ਹੈ। ਜਦੋਂ ਅਸੀਂ ਹਿੰਦੂ ਧਰਮ ਦੇ ਇਤਿਹਾਸਕ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਇਸ ਨੂੰ ਚਾਰ ਪੜਾਵਾਂ (ਕਾਲਾਂ) ਵਿੱਚ ਵੰਡਿਆ ਜਾਂਦਾ ਹੈ। ਪਹਿਲੇ ਪੜਾਅ ਨੂੰ ਵੈਦਿਕ ਪੜਾਅ ਵਜੋਂ ਸਵੀਕਾਰਿਆ ਜਾਂਦਾ ਹੈ। ਵੇਦ ਆਰੀਆ ਸੱਭਿਅਤਾ ਅਤੇ ਹਿੰਦੂ ਧਰਮ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ। ਵੇਦ ਸੰਸਕ੍ਰਿਤ ਭਾਸ਼ਾ ਦੇ ਵਿਦ ਧਾਤੂ ਤੋਂ ਬਣਿਆ ਹੈ ਜਿਸ ਦੇ ਅਰਥ ਹਨ- ਵਿੱਦਿਆ, ਗਿਆਨ ਜਾਂ ਪ੍ਰਕਾਸ਼/ਗਿਆਨ ਦੀ ਇਸ ਪਰੰਪਰਾ ਵਿੱਚ ਸ਼ਰੁਤੀ (ਸੁਣ ਕੇ) ਅਤੇ ਸਿਮਰਤੀ (ਯਾਦ ਕਰਕੇ) ਦਾ ਅਹਿਮ ਯੋਗਦਾਨ ਰਿਹਾ ਹੈ। ਇਨ੍ਹਾਂ ਵੇਦਾਂ ਦੀ ਰਚਨਾ ਬਾਬਤ ਤਿੰਨ ਭਾਂਤ ਦੀਆਂ ਧਾਰਨਾਵਾਂ/ਮਾਨਤਾਵਾਂ ਪ੍ਰਚੱਲਤ ਚੱਲੀਆਂ ਆ ਰਹੀਆਂ ਹਨ। ਪਹਿਲੀ ਧਾਰਨਾ ਦੇ ਅਨੁਸਾਰ ਵੇਦ ਈਸ਼ਵਰੀ ਬਾਣੀ ਹਨ। ਦੂਜੀ ਮਾਨਤਾ ਦੇ ਮੁਤਾਬਕ ਵੇਦ ਵੱਖ-ਵੱਖ ਰਿਸ਼ੀਆਂ-ਮੁਨੀਆਂ ਵੱਲੋਂ ਆਪਣੇ ਨਿੱਜੀ ਅਨੁਭਵ ਦੁਆਰਾ ਹਾਸਲ ਕੀਤੇ ਗਏ ਆਤਮਿਕ ਗਿਆਨ ਦਾ ਨਾਮ ਹੈ। ਤੀਸਰੀ ਇਨ੍ਹਾਂ ਵੇਦਾਂ ਦਾ ਉਚਾਰਣ ਬ੍ਰਹਮਾ ਜੀ ਵੱਲੋਂ ਆਪ ਕੀਤਾ ਗਿਆ ਹੈ। ਹਿੰਦੂ ਧਰਮ ਦੇ ਮੁੱਢਲੇ ਸੋਮੇ ਵਜੋਂ ਪਰਵਾਨੇ ਜਾਂਦੇ ਵੇਦਾਂ ਦੀ ਗਿਣਤੀ ਚਾਰ ਹੈ। ਇਨ੍ਹਾਂ ਵਿੱਚ ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵ ਵੇਦ ਹਨ। ਇਨ੍ਹਾਂ ਵੇਦਾਂ ਦੀ ਰਚਨਾ ਦਾ ਕਾਲ ਆਰੀਆ ਲੋਕਾਂ ਦੀ ਭਾਰਤ ਵਿਚਲੀ ਆਮਦ ਨਾਲ (1500-1000 ਬੀ. ਸੀ) ਜੋੜਿਆ ਜਾਂਦਾ ਹੈ। ਪੇਸ਼ ਹੈ ਇਸ ਅਪੌਰਸ਼ਯ ਰਚਨਾ (ਵੇਦਾਂ) ਬਾਬਤ ਸੰਖੇਪ ਜਾਣਕਾਰੀ:-

ਰਿਗਵੇਦ: ਇਹ ਸਭ ਤੋਂ ਪੁਰਾਤਨ ਵੇਦ ਹੈ। ਰਿਗ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਮੂਲ ਸ਼ਬਦ ਰਿਚ ਤੋਂ ਬਣਿਆ ਹੈ। ਰਿਚ ਤੋਂ ਭਾਵ ਵਡਿਆਈ ਜਾਂ ਉਸਤਤਿ ਹੁੰਦਾ ਹੈ। ਵੇਦ-ਮੰਤਰਾਂ ਨੂੰ ਰਿਚਾ ਵੀ ਕਿਹਾ ਜਾਂਦਾ ਹੈ ਜਿਸ ਦੇ ਅਰਥ ਹਨ ਉਸਤਤਿਮਈ ਗੀਤ। ਇਸ ਵੇਦ ਵਿੱਚ ਆਰੀਆ ਲੋਕਾਂ ਦੇ ਧਾਰਮਿਕ, ਸੱਭਿਆਚਾਰਕ, ਸਮਾਜਿਕ ਅਤੇ ਭੂਗੋਲਿਕ ਪਿਛੋਕੜ ਦੀ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਵੇਦ ਦੇ 10 ਮੰਡਲ(ਅਧਿਆਇ) ਹਨ। ਇਨ੍ਹਾਂ ਮੰਡਲਾਂ ਵਿੱਚ 1028 ਸੂਕਤ (ਭਜਨ) ਹਨ। ਹਰੇਕ ਸੂਕਤ ਵਿੱਚ 10 ਮੰਤਰ ਹਨ। ਇਨ੍ਹਾਂ ਮੰਤਰਾਂ ਨੂੰ ਰਿਚਾਵਾਂ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਗਿਣਤੀ 10552 ਹੈ। ਰਿਚਾਵਾਂ ਤੋਂ ਅੱਗੇ ਜਾ ਕੇ ਜੇਕਰ ਸ਼ਬਦਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਦੀ ਗਿਣਤੀ 153826 ਬਣ ਜਾਂਦੀ ਹੈ। ਸ਼ਬਦਾਂ ਤੋਂ ਅੱਗੇ ਜੇਕਰ ਅੱਖਰਾਂ ਤੱਕ ਪਹੁੰਚ ਕੀਤੀ ਜਾਵੇ ਤਾਂ ਇਹ 432000 ਹੁੰਦੇ ਹਨ। ਇਨ੍ਹਾਂ ਵਿੱਚ 40 ਕੁ ਮੰਤਰ ਅਜਿਹੇ ਵੀ ਹਨ ਜੋ ਕਿਸੇ ਸਿਰਲੇਖ ਹੇਠ ਨਹੀਂ ਆਉਂਦੇ। ਜਿਵੇਂ ਜਿਵੇਂ ਆਰੀਆ ਲੋਕ ਪੂਰਬ ਵੱਲ ਵਧਦੇ ਗਏ ਉਨ੍ਹਾਂ ਦੀ ਭੂਗੋਲਿਕ ਖੋਜ ਵੀ ਵਧਦੀ ਗਈ ਅਤੇ ਉਹ ਮੰਤਰਾਂ ਦਾ ਉਚਾਰਣ ਕਰਦੇ ਗਏ। ਰਿਗ ਵੇਦ ਰਿਸ਼ੀਆਂ ਨੇ ਕਈਆਂ ਪੀੜ੍ਹੀਆਂ ਵਿੱਚ ਸੰਪੂਰਨ ਕੀਤਾ ਹੈ। ਜਿਸ ਦੀ ਸੰਪੂਰਨਤਾ ਵਿੱਚ ਸ੍ਰੀ ਵਿਸ਼ਵਾਮਿਤਰ, ਵਸ਼ਿਸ਼ਟ, ਭਾਰਦਵਾਜ ਅਤੇ ਗੌਤਮ ਆਦਿ ਰਿਸ਼ੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਰਿਗ ਵੇਦ ਦੀ ਵਿਆਖਿਆ ਬਹੁਤ ਸਾਰੇ ਵਿਦਵਾਨ ਲੋਕਾਂ ਵੱਲੋਂ ਕੀਤੀ ਗਈ ਹੈ ਪਰ ਸਯਾਣਾਚਾਰੀਆ ਜੀ ਨੂੰ ਪ੍ਰਮੁੱਖ ਵਿਆਖਿਆਕਾਰ ਮੰਨਿਆ ਜਾਂਦਾ ਹੈ। ਇਸ ਦੀ ਵਿਆਖਿਆ ਕਰਦੇ ਸਮੇਂ ਕੁੱਝ ਕੁ ਹੇਠ ਲਿਖੇ ਪੱਖਾਂ ਨੂੰ ਸਨਮੁੱਖ ਰੱਖਣ ਵਾਸਤੇ ਕਿਹਾ ਜਾਂਦਾ ਹੈ:-

(1) ਦੈਵੀ ਕਿਰਤ ਹੋਣ ਕਰਕੇ ਵੇਦਾਂ ਦੀ ਅਲੋਚਨਾ ਨਹੀਂ ਕੀਤੀ ਜਾ ਸਕਦੀ।

(2) ਰਿਗਵੇਦ ਦੀ ਵਿਆਖਿਆ ਕਰਮਕਾਂਡ ਦੇ ਅਨੁਸਾਰ ਕੀਤੀ ਗਈ ਹੈ। (3) ਬਹੁਅਰਥੀ ਵਾਕਾਂ ਕਾਰਨ ਵੇਦਾਂ ਦਾ ਤੁਲਨਾਤਮਕ ਅਧਿਐਨ ਸੰਭਵ ਨਹੀਂ ਹੋ ਸਕਦਾ। ਰਿਗਵੇਦ ਦਾ ਮੁਤਾਲਿਆ ਕਰਨ ਨਾਲ ਇਸ ਦੇ ਕੁੱਝ ਅਹਿਮਤਰੀਨ ਪੱਖ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਪੱਖਾਂ ਵਿੱਚ ਕੁਦਰਤ ਦੀਆਂ ਵੱਖ- ਵੱਖ ਸ਼ਕਤੀਆਂ ਨੂੰ ਦੇਵਤੇ ਮੰਨ ਕੇ ਉਨ੍ਹਾਂ ਦੀ ਸਿਫ਼ਤ-ਸਲਾਹ ਅਤੇ ਪੂਜਾ ਕੀਤੀ ਗਈ ਹੈ। ਇਨ੍ਹਾਂ ਪ੍ਰਮੁੱਖ ਦੇਵਤਿਆਂ ਵਿੱਚ ਅਗਨੀ, ਇੰਦਰ, ਵਾਯੂ, ਸੂਰਜ, ਵਰੁਣ, ਰੁਦਰ, ਆਦਿਤੀ ਅਤੇ ਬ੍ਰਹਿਸਪਤੀ ਆਦਿ ਦਾ ਨਾਮ ਆਉਂਦਾ ਹੈ। ਇਹ ਪੂਜਾ ਖੇਤੀ ਉਪਜ ਦੇ ਵਾਧੇ ਅਤੇ ਹਿਫ਼ਾਜ਼ਤ ਹਿੱਤ ਕੀਤੀ ਜਾਂਦੀ ਰਹੀ ਹੈ ਅਤੇ ਯੱਗ ਨੂੰ ਇਸ ਪੂਜਾ ਪੱਧਤੀ ਦਾ ਇੱਕ ਵਿਸ਼ੇਸ਼ ਸਾਧਨ ਮੰਨਿਆ ਜਾਂਦਾ ਰਿਹਾ ਹੈ।

ਸਾਮਵੇਦ: ਇਹ ਸਭ ਤੋਂ ਛੋਟਾ ਵੇਦ ਹੈ। ਸਾਮ ਤੋਂ ਭਾਵ ਹੈ-ਸਮਾਨ ਜਾਂ ਬਰਾਬਰ ਭਾਰ ਦਾ। ਇਸ ਵੇਦ ਦੇ ਮੰਤਰ ਬਰਾਬਰ ਵਜ਼ਨ ਦੇ ਹਨ। ਜੈਮਨੀ ਰਿਸ਼ੀ ਦੀ ਮੀਮਾਂਸਾ ਵਿੱਚ ਸਾਮ ਦਾ ਅਰਥ ਗਾਉਣ ਦੀ ਰੀਤੀ ਵਜੋਂ ਕੀਤਾ ਗਿਆ ਹੈ। ਸਾਮ ਵੇਦ ਦੇ ਮੰਤਰ ਯੱਗ, ਹੋਮ ਆਦਿ ਖ਼ੁਸ਼ੀ ਦੇ ਮੌਕਿਆਂ ’ਤੇ ਬ੍ਰਾਹਮਣ ਵਿਸ਼ੇਸ਼ ਤਰਜ਼ ’ਤੇ ਗਾਉਂਦੇ ਹਨ। ਸਾਮ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲਾ ਗਾਇਨ ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ ਮਨ ਨੂੰ ਇਕਾਗਰ ਕਰਕੇ ਦੇਵਤਿਆਂ ਨਾਲ ਇਕਸੁਰ ਕਰਨਾ ਤਾਂ ਕਿ ਭਟਕਣਾ ਖਤਮ ਕਰਕੇ ਸ਼ਾਂਤੀ ਦਾ ਅਨੁਭਵ ਕੀਤਾ ਜਾ ਸਕੇ। ਸਾਮਵੇਦ ਦੇ ਦੋ ਭਾਗ ਹਨ-ਪੂਰਵ ਅਰਚਿਕ ਅਤੇ ਉੱਤਰ ਅਰਚਿਕ। ਇਸ ਤੋਂ ਇਲਾਵਾ ਇਸ ਦਾ ਇੱਕ ਭਾਗ ਹੋਰ ਵੀ ਤਸਲੀਮ ਕੀਤਾ ਜਾਂਦਾ ਹੈ ਜਿਸ ਨੂੰ ਮੱਧ ਅਰਚਿਕ ਕਿਹਾ ਜਾਂਦਾ ਹੈ। ਇਸ ਵੇਦ ਦੇ ਮੰਤਰਾਂ ਦੀ ਤਦਾਦ 1549 ਹੈ। ਪਰ ਪੰਡਤ ਜੈ ਦੇਵ ਜੀ ਦੇ ਟੀਕੇ ਮੁਤਾਬਕ ਇਹ ਤਦਾਦ 1875 ਹੈ। ਇਸ ਦੇ ਪਹਿਲੇ ਹਿੱਸੇ ਵਿੱਚ ਪੇਂਡੂ ਲੋਕਾਂ ਦੇ ਗਾਉਣ ਵਾਲੇ ਗੀਤ ਹਨ। ਤੀਜੇ ਹਿੱਸੇ ਵਿੱਚ ਜੰਗਲਾਂ ਵਿੱਚ ਰਹਿਣ ਵਾਲੇ ਤਪੱਸਵੀਆਂ ਦੇ ਭਜਨ ਹਨ।

ਭਾਰਤੀ ਸੰਗੀਤ ਪਰੰਪਰਾ ਦਾ ਮੁੱਢ ਸਾਮਵੇਦ ਤੋਂ ਹੀ ਬੱਝਦਾ ਹੈ। ਇਸ ਵਿਚਲੇ ਮੰਤਰ ਇੰਦਰ, ਅਗਨੀ, ਅਸ਼ਵਨੀ ਅਤੇ ਸੋਮ ਆਦਿ ਦੇ ਗੁਣ ਗਾਇਨ ਕਰਨ ’ਤੇ ਜ਼ੋਰ ਦਿੰਦੇ ਹਨ। ਇਨ੍ਹਾਂ ਦੇਵਤਿਆਂ ਦੇ ਨਾਮ ’ਤੇ ਅੱਠ ਕਾਂਡ ਹਨ। ਸਾਮਵੇਦ ਗੰਧਰਵ ਅਰਥਾਤ ਰਾਗੀਆਂ ਦਾ ਵੇਦ ਵੀ ਮੰਨਿਆ ਜਾਂਦਾ ਹੈ। ਹਿੰਦੂ ਰਿਸ਼ੀਆਂ ਨੇ ਸੰਗੀਤ ਤੇ ਰਾਗ ਸਬੰਧੀ ਜੋ ਕੁੱਝ ਲਿਖਿਆ ਹੈ ਉਸ ਦਾ ਆਧਾਰ ਵੀ ਸਾਮਵੇਦ ਨੂੰ ਹੀ ਸਮਝਿਆ ਜਾਂਦਾ ਹੈ।

ਯਜੁਰਵੇਦ: ਯਜੁਰ ਸ਼ਬਦ ‘ਯਜ’ ਧਾਤੂ ਤੋਂ ਬਣਿਆ ਹੈ ਜਿਸ ਦੇ ਅਰਥ ਬਣਦੇ ਹਨ ਯੱਗ ਕਰਨਾ, ਪੂਜਾ ਜਾਂ ਹੋਮ ਕਰਨਾ। ਇਸ ਤਰ੍ਹਾਂ ਇਸ ਵੇਦ ਦਾ ਸਬੰਧ ਯੱਗ ਸਬੰਧੀ ਮੰਤਰਾਂ ਨਾਲ ਹੈ। ਇਸ ਦੀਆਂ ਦੋ ਸੰਹਿਤਾ ਹਨ- ਤੈਤ੍ਰੀਯ ਜਾਂ ਕ੍ਰਿਸ਼ਣ ਸੰਹਿਤਾ ਅਤੇ ਦੂਸਰੀ ਵਾਜਸਨੇਯੀ ਜਾਂ ਸ਼ੁਕਲ ਸੰਹਿਤਾ। ਪੰਡਤ ਜੈ ਦੇਵ ਨੇ ਆਪਣੇ ਟੀਕੇ ਵਿੱਚ ਇਸ ਸੰਹਿਤਾ ਦਾ ਨਾਮ ਤੈਤ੍ਰੀਯ ਪੈਣ ਦਾ ਕਾਰਨ ਬਿਆਨਦਿਆਂ ਲਿਖਿਆ ਹੈ ਕਿ ਇੱਕ ਵਾਰ ਯਾਗਵਲਕ ਰਿਸ਼ੀ ਦੇ ਗੁਰੂ ਵੈਸਯੰ ਪਾਨ ਕੋਲੋਂ ਆਪਣੇ ਭਾਣਜੇ ਦੀ ਹੱਤਿਆ ਹੋ ਗਈ ਸੀ। ਉਹ ਇਸ ਦਾ ਪ੍ਰਾਸ਼ਚਿਤ ਕਰਨਾ ਚਾਹੁੰਦਾ ਸੀ। ਜਦੋਂ ਉਸ ਨੇ ਇਸ ਬਾਬਤ ਆਪਣੇ ਸ਼ਗਿਰਦਾਂ ਨਾਲ ਗੱਲ ਕੀਤੀ ਤਾਂ ਯਾਗਵਲਕ ਨੇ ਬੜੇ ਹੀ ਹੰਕਾਰ ਭਰੇ ਲਹਿਜ਼ੇ ਵਿੱਚ ਕਿਹਾ ਕਿ ਇਹ ਕੰਮ ਤਾਂ ਵੇਦ-ਮੰਤਰਾਂ ਦੇ ਜਾਪ ਅਤੇ ਕਰਮ-ਕਾਂਡ ਨਾਲ ਮੈਂ ਇਕੱਲਾ ਹੀ ਕਰ ਸਕਦਾ ਹਾਂ। ਇਹ ਗੱਲ ਸੁਣ ਕੇ ਵੈਸਯੰ ਪਾਨ ਗੁੱਸੇ ਵਿੱਚ ਆ ਗਿਆ। ਉਸ ਨੇ ਯਾਗਵਲਕ ਨੂੰ ਕਿਹਾ, “ਤੂੰ ਹੰਕਾਰੀ ਹੋ ਗਿਆ ਹੈਂ, ਜੋ ਵਿੱਦਿਆ ਤੂੰ ਮੇਰੇ ਕੋਲੋਂ ਪੜ੍ਹੀ ਹੈ, ਉਹ ਮੈਨੂੰ ਵਾਪਸ ਕਰ ਦੇ।” ਇਸ ’ਤੇ ਯਾਗਵਲਕ ਨੇ ਯਾਦ ਕੀਤੇ ਹੋਏ ਮੰਤਰ ਗਲੂਛ ਦਿੱਤੇ, ਜਿਨ੍ਹਾਂ ਨੂੰ ਵੈਸਯੰ ਪਾਨ ਅਤੇ ਉਸ ਦੇ ਚੇਲਿਆਂ ਨੇ ਚੁਗ ਲਿਆ। ਦੂਸਰੇ ਭਾਗ ਵਾਜਸਨੇਯੀ ਬਾਰੇ ਕਿਹਾ ਜਾਂਦਾ ਹੈ ਕਿ ਯਾਗਵਲਕ ਰਿਸ਼ੀ ਨੇ ਸੂਰਜ ਦੀ ਅਰਾਧਨਾ ਕਰ ਕੇ ਯਜੁਰ ਵੇਦ ਨੂੰ ਹਾਸਲ ਕੀਤਾ ਹੈ। ਉਸ ਦੀ ਸ਼ਰਧਾ-ਭਾਵਨਾ ਤੋਂ ਖ਼ੁਸ਼ ਹੋ ਕੇ ਸੂਰਜ ਦੇਵਤੇ ਨੇ ਵਾਜ (ਘੋੜੇ) ਦਾ ਰੂਪ ਧਾਰ ਲਿਆ ਅਤੇ ਉਸ ਨੂੰ ਵੇਦ-ਮੰਤਰ ਬਖ਼ਸ਼ ਦਿੱਤੇ। ਇਸ ਕਰਕੇ ਹੀ ਇਸ ਸੰਹਿਤਾ ਨੂੰ ਵਾਜਸਨੇਯੀ ਸੰਹਿਤਾ ਕਿਹਾ ਜਾਂਦਾ ਹੈ। ਯਜੁਰ ਦੇ 40 ਕਾਂਡ ਹਨ। ਯਜੁਰਵੇਦ ਵਿੱਚ ਮਨੁੱਖੀ ਇੱਛਾਵਾਂ ਦੀ ਪੂਰਤੀ ਹਿੱਤ ਯੱਗ ਤੇ ਹਵਨ ਕਰਨ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ।

ਅਥਰਵਵੇਦ:- ਅਥਰਵ ਤੋਂ ਭਾਵ ਹੈ ਹਵਨ ਕਰਨ ਵਾਲਾ। ਇਸ ਵੇਦ ਵਿੱਚ ਵਧੇਰੇ ਭੌਤਿਕਤਾ ਪ੍ਰਧਾਨ ਮਜ਼ਮੂਨ ਸ਼ਾਮਲ ਕੀਤੇ ਗਏ ਹਨ। ਯੱਗ, ਹੋਮ ਆਦਿ ਕਰਨ ਦੀ ਵਿਧੀ, ਯੱਗ ਕਰਾਉਣ ਵਾਲਿਆਂ ਦੇ ਪ੍ਰਕਾਰ ਬਾਰੇ ਦੱਸਿਆ ਗਿਆ ਹੈ। ਜੜ੍ਹੀਆਂ ਬੂਟੀਆਂ ਅਤੇ ਔਸ਼ਧੀਆਂ ਬਾਬਤ ਵੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਅਰਥ ਸ਼ਾਸਤਰ ਇਸੇ ਹੀ ਵੇਦ ਦਾ ਉਪ ਵੇਦ ਹੈ। ਸ਼ਿਲਪ ਕਲਾ ਨਾਲ ਸਬੰਧਤ ਜਾਣਕਾਰੀ ਵੀ ਇਸ ਵੇਦ ਵਿੱਚੋਂ ਮਿਲ ਜਾਂਦੀ ਹੈ। ਅਥਰਵਵੇਦ ਵਿੱਚ ਮੰਤਰਾਂ ਦੀ ਗਿਣਤੀ 5977 ਹੈ। ਸਰਪ, ਪਿਸਾਚ, ਅਸੁਰ, ਇਤਿਹਾਸ ਅਤੇ ਪੁਰਾਣ ਇਸ ਦੇ ਪੰਜ ਉਪ ਵੇਦ ਸਵੀਕਾਰੇ ਗਏ ਹਨ। ਸਵਾਮੀ ਦਯਾਨੰਦ ਨੇ ਸ਼ਸਤਰ-ਅਸਤਰ ਵਿੱਦਿਆ ਨੂੰ ਵੀ ਇਸ ਦਾ ਹੀ ਉਪਵੇਦ ਮੰਨਿਆ ਹੈ। ਇਸ ਵੇਦ ਦਾ ਮੁਤਾਲਿਆ ਕਰਨ ਨਾਲ ਰਿਸ਼ੀਆਂ-ਮੁਨੀਆਂ ਦੀ ਵਿਆਪਕ ਦ੍ਰਿਸ਼ਟੀ ਅਤੇ ਜੜ੍ਹੀਆਂ-ਬੂਟੀਆਂ ਸਬੰਧੀ ਡੂੰਘੀ ਖੋਜ ਦਾ ਪਤਾ ਵੀ ਚੱਲਦਾ ਹੈ। ਇਸ ਵਿੱਚ 289 ਔਸ਼ਧੀਆਂ ਦੇ ਗੁਣਾਂ ਅਤੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅਜਰ-ਅਮਰ ਕਰ ਦੇਣ ਵਾਲੀਆਂ ਔਸ਼ਧੀਆਂ ਦੀ ਗੱਲ ਵੀ ਅਥਰਵਵੇਦ ਵਿੱਚ ਹੀ ਕੀਤੀ ਗਈ ਹੈ। ਜਾਦੂ-ਟੂਣਿਆਂ ਦਾ ਵਿਸਥਾਰਤ ਗਿਆਨ ਵੀ ਇਸ ਵਿੱਚ ਦਿੱਤਾ ਗਿਆ ਹੈ। ਭੂਤਾਂ-ਪ੍ਰੇਤਾਂ ਅਤੇ ਹੋਰ ਨਾਸ਼ਕ ਸ਼ਕਤੀਆਂ ਤੋਂ ਬਚਾਅ ਦੇ ਉਪਾਅ ਵੀ ਇਸ ਵੇਦ ਵਿੱਚ ਮੌਜੂਦ ਹਨ। ਔਰਤਾਂ ਲਈ ਸੋਨੇ ਦਾ ਮਹੱਤਵ ਵਰਨਣ ਕੀਤਾ ਗਿਆ ਹੈ ਜੋ ਕਿ ਸ਼ਾਂਤੀ ਪ੍ਰਦਾਨ ਕਰਨ ਦਾ ਚਿੰਨ੍ਹ ਹੈ। ਔਰਤ ਨੂੰ ਧਰਤੀ ਦੇ ਵਿਸ਼ਾਲ ਗੁਣਾਂ ਨਾਲ ਤੁਲਨਾਇਆ ਗਿਆ ਹੈ ਜੋ ਸਭ ਨੂੰ ਸੁੱਖ, ਸ਼ਾਂਤੀ ਅਤੇ ਕੁਦਰਤੀ ਵਸਤਾਂ ਪ੍ਰਦਾਨ ਕਰਦੀ ਹੈ। ਇਨ੍ਹਾਂ ਵੇਦਾਂ ਦੀ ਵਿਚਾਰਧਾਰਾ ਮਨੁੱਖੀ ਮੁਸ਼ਕਿਲਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਨਿਵਾਰਨ ਦੀ ਬਾਤ ਵੀ ਪਾਉਂਦੀ ਹੈ। ਭਾਵੇਂ ਸਮੇਂ ਦੇ ਨਾਲ-ਨਾਲ ਬਹੁਤ ਕੁੱਝ ਬਦਲਦਾ ਰਹਿੰਦਾ ਹੈ ਪਰ ਇਨ੍ਹਾਂ ਵੇਦਾਂ ਦੇ ਮਹੱਤਵ ਨੂੰ ਛੁਟਿਆਇਆ ਨਹੀਂ ਜਾ ਸਕਦਾ।





# ਕੁਦਰਤੀ ਮਿੱਠੀਆਂ ਚੀਜ਼ਾਂ ਵੀ ਵਧਾਉਂਦੀਆਂ ਨੇ ਡਾਇਬਟੀਜ਼ ਦਾ ਖਤਰਾ

ਆਮ ਤੌਰ 'ਤੇ ਅਜਿਹਾ ਮੰਨਿਆ ਜਾਂਦਾ ਹੈ ਕਿ ਖੰਡ ਅਤੇ ਆਰਟੀਫੀਸ਼ੀਅਲ ਸਵੀਟਨਰ ਨਾਲ ਬਣੀਆਂ ਚੀਜ਼ਾਂ ਹੀ ਡਾਇਬਟੀਜ਼ ਦੇ ਖਤਰੇ ਨੂੰ ਵਧਾਉਂਦੀਆਂ ਹਨ ਪਰ ਹੁਣ ਇਕ ਨਵੀਂ ਸਟੱਡੀ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਕੁਦਰਤੀ ਰੂਪ ਨਾਲ ਮਿੱਠੀਆਂ ਡ੍ਰਿੰਕਸ ਜਿਵੇਂ ਫਲਾਂ ਦਾ ਰਸ ਆਦਿ ਪੀਣ ਨਾਲ ਵੀ ਮਰੀਜ਼ਾਂ 'ਚ ਟਾਈਪ-2 ਡਾਇਬਟੀਜ਼ ਦਾ ਖ਼ਤਰਾ ਕਈ ਗੁਣਾ ਵਧ ਜਾਂਦਾ ਹੈ। ਇਸ ਨਵੀਂ ਸਟੱਡੀ ਨੂੰ 'ਡਾਇਬਟੀਜ਼ ਕੇਅਰ' ਨਾਂ ਦੇ ਮੈਗਜ਼ੀਨ 'ਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਸਟੱਡੀ ਦੀ ਮੰਨੀਏ ਤਾਂ ਡਾਈਟ ਸਾਫਟ ਡ੍ਰਿੰਕ, ਜਿਸ 'ਚ ਆਰਟੀਫੀਸ਼ੀਅਲ ਸ਼ੂਗਰ ਹੁੰਦੀ ਹੈ, ਉਸ ਨਾਲ ਤਾਂ ਟਾਈਪ-2 ਡਾਇਬਟੀਜ਼ ਹੋਣ ਦਾ ਖ਼ਤਰਾ ਰਹਿੰਦਾ ਹੀ ਹੈ ਪਰ ਕੁਦਰਤੀ ਰੂਪ 'ਚ ਮਿੱਠੀਆਂ ਚੀਜ਼ਾਂ ਜਿਨ੍ਹਾਂ 'ਚ ਨੈਚੂਰਲ ਸ਼ੂਗਰ ਪਾਈ ਜਾਂਦੀ ਹੈ, ਉਨ੍ਹਾਂ ਦਾ ਸੇਵਨ ਕਰਨ ਨਾਲ ਵੀ ਭਵਿੱਖ 'ਚ ਡਾਇਬਟੀਜ਼ ਹੋਣ ਦਾ ਖ਼ਤਰਾ ਵਧ ਜਾਂਦਾ ਹੈ। 'ਹਾਰਵਰਡ ਟੀ. ਐੱਚ. ਚੈਨ ਸਕੂਲ ਆਫ ਪਬਲਿਕ ਹੈਲਥ' ਦੀ ਮੰਨੀਏ ਤਾਂ ਖੰਡ ਵਾਲੇ ਪਾਣੀ ਪਦਾਰਥਾਂ ਦੀ ਜਗ੍ਹਾ ਜੇਕਰ ਤੁਸੀ ਬਿਨਾਂ ਖੰਡ ਵਾਲੀ ਕੌਫ਼ੀ ਜਾਂ ਚਾਹ ਦਾ ਸੇਵਨ ਕਰੀਏ ਤਾਂ ਟਾਈਪ-2 ਡਾਇਬਟੀਜ਼ ਦੇ ਖਤਰੇ ਨੂੰ 2 ਤੋਂ 10 ਫ਼ੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ।

**3 ਵੱਖ-ਵੱਖ ਸਟੱਡੀਜ਼ ਦੇ ਡਾਟੇ ਦੀ ਕੀਤੀ ਗਈ ਜਾਂਚ**

ਇਸ ਸਟੱਡੀ 'ਚ ਬੀਤੇ 22 ਤੋਂ 26 ਸਾਲਾਂ ਦੇ ਵਿਚਾਲੇ ਦੇ ਡਾਟੇ ਦੀਆਂ 3 ਵੱਖ-ਵੱਖ ਸਟੱਡੀਜ਼ ਦੇ ਜ਼ਰੀਏ ਜਾਂਚ ਕੀਤੀ ਗਈ, ਜਿਨ੍ਹਾਂ 'ਚ ਨਰਸਿਜ਼ ਹੈਲਥ ਸਟੱਡੀ, ਦਿ ਨਰਸਿਜ਼ ਹੈਲਥ ਸਟੱਡੀ 2 ਅਤੇ ਦਿ ਹੈਲਥ ਪ੍ਰੋਫੈਸ਼ਨਲਸ ਫਾਲੋਅਪ ਸਟੱਡੀ ਸ਼ਾਮਲ ਹੈ। ਇਸ ਦੇ ਲਈ 1.92 ਲੱਖ ਤੋਂ ਵੀ ਜ਼ਿਆਦਾ ਮਰਦਾਂ ਅਤੇ ਔਰਤਾਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਸਟੱਡੀਜ਼ ਰਾਹੀਂ ਖੋਜੀਆਂ ਨੇ ਇਹ ਕੈਲਕੁਲੇਟ ਕਰਨ ਦੀ ਕੋਸ਼ਿਸ਼ ਕੀਤੀ ਕਿ ਮਿੱਠੇ ਪੀਣ ਵਾਲੇ ਪਦਾਰਥਾਂ ਦਾ ਸੇਵਨ ਕਰਨ 'ਤੇ ਸਮੇਂ ਦੇ ਨਾਲ ਸਰੀਰ 'ਤੇ ਕਿਵੇਂ ਅਸਰ ਹੁੰਦਾ ਹੈ ਅਤੇ ਟਾਈਪ-2 ਡਾਇਬਟੀਜ਼ ਦਾ ਖ਼ਤਰਾ ਕਿੰਨਾ ਰਹਿੰਦਾ ਹੈ।

**ਨੈਚੂਰਲ ਜੂਸ ਦਾ ਸੇਵਨ ਵੀ ਕੰਟਰੋਲ 'ਚ ਰਹਿ ਕੇ ਕਰੋ**

ਸਟੱਡੀ ਦੇ ਨਤੀਜੇ ਇਹ ਵੀ ਦੱਸਦੇ ਹਨ ਕਿ ਨੈਚੂਰਲ ਸ਼ੂਗਰ ਵੀ ਟਾਈਪ-2 ਡਾਇਬਟੀਜ਼ ਦੇ ਖਤਰੇ ਨੂੰ ਘੱਟ ਨਹੀਂ ਕਰਦੀ ਹੈ। ਖੋਜੀਆਂ ਨੇ ਸੁਝਾਅ ਦਿੱਤਾ ਹੈ ਕਿ ਨੈਚੂਰਲ ਜੂਸ 'ਚ ਪੋਸ਼ਕ ਤੱਤਾਂ ਦੀ ਮਾਤਰਾ ਚੌਖੀ ਹੁੰਦੀ ਹੈ ਪਰ ਉਨ੍ਹਾਂ ਦੀ ਵਰਤੋਂ ਸੇਵਨ 'ਚ ਬੇਹੱਦ ਘੱਟ ਕਰਨੀ ਚਾਹੀਦੀ ਹੈ, ਨਹੀਂ ਤਾਂ ਡਾਇਬਟੀਜ਼ ਦੇ ਵਧਣ ਦਾ ਖਤਰਾ ਰਹਿੰਦਾ ਹੈ।

**ਬਲੈਕ ਟੀ ਨਾਲ ਹੁੰਦੈ ਬਲੱਡ ਸ਼ੂਗਰ ਕੰਟਰੋਲ**

ਬਲੈਕ ਟੀ ਦੇ ਸੇਵਨ ਨਾਲ ਸਾਡੇ ਸਰੀਰ 'ਚ ਗਲੂਕੋਜ਼ ਦਾ ਪੱਧਰ ਸਹੀ ਰਹਿੰਦਾ ਹੈ। ਕੁੱਝ ਅਧਿਐਨਾਂ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਬਲੈਕ ਟੀ 'ਚ ਬਲੱਡ ਸ਼ੂਗਰ ਕੰਟਰੋਲ ਕਰਨ ਦੀ ਖ਼ੂਬੀ ਹੁੰਦੀ ਹੈ। ਨਾਰਮਲ ਅਤੇ ਡਾਇਬਟਿਕ ਦੋਵਾਂ ਹੀ ਤਰ੍ਹਾਂ ਦੇ ਲੋਕਾਂ ਨੂੰ ਬਲੈਕ ਟੀ ਦਾ ਸੇਵਨ ਕਰਾਉਣ 'ਤੇ ਉਨ੍ਹਾਂ ਦੋਵਾਂ ਹੀ ਗਰੁੱਪਾਂ ਦੇ ਲੋਕਾਂ 'ਚ ਬਲੈਕ ਟੀ ਨੇ ਵਧਦੇ ਹੋਏ ਬਲੱਡ ਗਲੂਕੋਜ਼ ਦੇ ਪੱਧਰ ਨੂੰ ਘੱਟ ਕਰਨ ਦਾ ਕੰਮ ਕੀਤਾ ਹੈ।

# ਸਰਵਾਈਕਲ ਅਤੇ ਕਮਰ ਦਰਦ ਦਾ ਕਾਰਨ ਬਣ ਰਿਹਾ ਹੈ



ਸਮਾਰਟ ਗੈਜੇਟ ਅੱਜ ਇਨਸਾਨ ਦੀ ਸਭ ਤੋਂ ਵੱਡੀ ਜ਼ਰੂਰਤ ਬਣ ਗਿਆ ਹੈ। ਇਸ ਦੇ ਬਿਨ੍ਹਾਂ ਸਾਡੇ ਸਾਰੇ ਕੰਮ ਅਧੂਰੇ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਜੇਬ 'ਚ ਰਹਿਣ ਵਾਲਾ ਇਕ ਛੋਟਾ ਜਿਹਾ ਸਮਾਰਟਫੋਨ ਵੱਡੀ ਬੀਮਾਰੀ ਦਾ ਕਾਰਨ ਬਣ ਸਕਦਾ ਹੈ। ਮੋਬਾਇਲ ਜਾਂ ਲੈਪਟਾਪ ਦੀ ਗਲਤ ਤਰੀਕੇ ਨਾਲ ਵਰਤੋਂ ਕਮਰ ਅਤੇ ਗਰਦਨ 'ਚ ਦਰਦ ਦਾ ਕਾਰਨ ਨਾਲ ਬਣ ਰਿਹਾ ਹੈ।

ਦਿੱਲੀ ਦੇ ਸਫਦਰਗੰਜ ਹਸਪਤਾਲ ਦੇ ਕਮਿਊਨਿਟੀ ਮੈਡੀਸਿਨ ਡਿਪਾਰਟਮੈਂਟ ਵਲੋਂ ਪੇਂਡੂ ਇਲਾਕਿਆਂ 'ਚ ਮਰੀਜ਼ਾਂ 'ਤੇ ਕੀਤੇ ਗਏ ਇਕ ਰਿਸਰਚ 'ਚ ਇਹ ਗੱਲ ਸਾਹਮਣੇ ਆਈ ਹੈ। ਇਸ ਰਿਸਰਟ 'ਚ ਪਤਾ ਚੱਲਿਆ ਹੈ ਕਿ 60 ਫੀਸਦੀ ਲੋਕ ਮਸਕੁਲੋਸਕੇਲਟਨ ਡਿਸਆਰਡਰ ਭਾਵ ਜੋੜਾਂ ਦੇ ਦਰਦ ਤੋਂ ਪ੍ਰੇਸ਼ਾਨ ਸਨ। ਗੈਜੇਟ ਦੀ ਗਲਤ ਤਰ੍ਹਾਂ ਨਾਲ ਵਰਤੋਂ ਕਰਨ ਨਾਲ ਲੋਕਾਂ 'ਚ ਜੋੜਾਂ ਦੇ ਦਰਦ ਅਤੇ ਸਰਵਾਈਕਲ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ।

ਇਹ ਰਿਸਰਚ 200 ਲੋਕਾਂ 'ਤੇ ਕੀਤਾ ਗਿਆ ਸੀ ਜਿਸ ਨਾਲ 54 ਫੀਸਦੀ ਨੂੰ ਕਮਰ ਦਰਦ ਦੀ ਸ਼ਿਕਾਇਤ ਸੀ। ਦੱਸ ਦੇਈਏ ਕਿ ਸਮਾਰਟਫੋਨ ਦੀ ਡਿਸਪਲੇ ਨੂੰ 60 ਡਿਗਰੀ ਤੋਂ ਜ਼ਿਆਦਾ ਗਰਦਨ ਮੋੜ ਕੇ ਦੇਖਣ ਨਾਲ ਹਮੇਸ਼ਾ ਅਜਿਹੀਆਂ ਸ਼ਿਕਾਇਤਾਂ ਹੁੰਦੀਆਂ ਹਨ। ਇਸ ਨਾਲ ਸਾਡੀ ਰੀੜ ਦੀ ਹੱਡੀ ਲਗਾਤਾਰ ਮੁੜਨ ਦੀ ਅਵਸਥਾ 'ਚ ਰਹਿੰਦੀ ਹੈ ਅਤੇ ਬਾਅਦ 'ਚ ਇਹ ਦਰਦ ਦਾ ਕਾਰਨ ਬਣ ਜਾਂਦੀ ਹੈ।

ਕਿੰਝ ਕਰੀਏ ਬਚਾਅ ?

ਜੇਕਰ ਤੁਸੀਂ ਸਮਾਰਟਫੋਨ ਜਾਂ ਲੈਪਟਾਪ ਦੇ ਕਾਰਨ ਵਧ ਰਹੀ ਇਸ ਪ੍ਰੇਸ਼ਾਨੀ ਤੋਂ ਛੁੱਟਕਾਰਾ ਪਾਉਣਾ ਚਾਹੁੰਦੇ ਹਨ ਤਾਂ ਕੁਝ ਖਾਸ ਗੱਲਾਂ ਦਾ ਧਿਆਨ ਰੱਖਣ ਦੀ ਲੋੜ ਹੈ।

1. ਕੰਪਿਊਟਰ ਸਕ੍ਰੀਨ ਤੋਂ ਆਪਣੀਆਂ ਅੱਖਾਂ ਨੂੰ ਕਰੀਬ 80 ਸੈਂਟੀਮੀਟਰ ਦੂਰ ਰੱਖੋ।
2. ਫੋਨ ਨੂੰ ਕੰਨ ਅਤੇ ਮੋਢੇ ਦੇ ਵਿਚਕਾਰ ਫਸਾ ਕੇ ਗੱਲ ਨਾ ਕਰੋ। ਅਜਿਹੇ 'ਚ ਈਅਰਫੋਨ ਦਾ ਵਰਤੋਂ ਜ਼ਿਆਦਾ ਵਧੀਆ ਵਿਕਲਪ ਹੋਵੇਗਾ।
3. ਸਮਾਰਟਫੋਨ 'ਤੇ ਚਿਪਕੇ ਰਹਿਣ ਦੀ ਬਜਾਏ ਥੋੜ੍ਹਾ ਸਮਾਂ ਆਪਣੇ ਸਰੀਰ ਲਈ ਕੱਢੋ ਅਤੇ ਕਰੀਬ 20 ਮਿੰਟ ਸੈਰ ਕਰੋ।

# ਸਰੀਰ ਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰੇਗੀ ਅਜਵਾਇਨ



ਦਵਾਈ ਦੇ ਗੁਣਾਂ ਨਾਲ ਭਰਪੂਰ ਅਜਵਾਇਨ ਜਿਥੇ ਖਾਣੇ ਦਾ ਸੁਆਦ ਵਧਾਉਂਦੀ ਹੈ ਉੱਧਰ ਇਸ ਦੀ ਵਰਤੋਂ ਸਿਹਤ ਦੀ ਹਰ ਪ੍ਰਾਬਲਮ ਤੋਂ ਵੀ ਛੁੱਟਕਾਰਾ ਦਿਵਾਉਂਦੀ ਹੈ। ਸਰਦੀ-ਜ਼ੁਕਾਮ ਵਰਗੀਆਂ ਛੋਟੀਆਂ-ਮੋਟੀਆਂ ਪ੍ਰੇਸ਼ਾਨੀਆਂ ਦੇ ਇਲਾਵਾ ਅਜਵਾਇਨ ਲੀਵਰ ਨਾਲ ਜੁੜੀ ਪ੍ਰਾਬਲਮ ਦਾ ਵੀ ਪੱਕਾ ਇਲਾਜ ਹੈ। ਅੱਜ ਅਸੀਂ ਤੁਹਾਨੂੰ ਅਜਵਾਇਨ ਨਾਲ ਜੁੜੇ ਕੁਝ ਅਜਿਹੇ ਫਾਇਦੇ ਦੱਸਾਂਗੇ ਜਿਸ ਨਾਲ ਤੁਸੀਂ ਆਪਣੀਆਂ ਕਈ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਤੋਂ ਛੁੱਟਕਾਰਾ ਪਾ ਸਕਦੇ ਹਨ।

**ਭਾਰ ਘਟਾਓ**

ਰਾਤ ਨੂੰ ਇਕ ਚਮਚ ਅਜਵਾਇਨ ਨੂੰ ਇਕ ਗਿਲਾਸ ਪਾਣੀ 'ਚ ਭਿਓ ਕੇ ਰੱਖ ਦਿਓ। ਫਿਰ ਸਵੇਰੇ ਇਸ ਨੂੰ ਛਾਣ ਕੇ ਇਕ ਚਮਚ ਸ਼ਹਿਦ ਦੇ ਨਾਲ ਲਓ। ਇਸ ਨਾਲ ਮੈਟਾਬੋਲੀਜ਼ਮ ਬੂਸਟ ਹੋਵੇਗਾ ਅਤੇ ਫੈਟ ਬਰਨ ਕਰਨ 'ਚ ਵੀ ਮਦਦ ਮਿਲੇਗੀ, ਜਿਸ ਨਾਲ ਤੁਹਾਡਾ ਵਧਿਆ ਹੋਇਆ ਪੇਟ ਘੱਟ ਹੋ ਜਾਵੇਗਾ।

ਦਿਲ ਨੂੰ ਰੱਖੇ ਸਿਹਤਮੰਦ

ਇਸ ਦੀ ਵਰਤੋਂ ਕੋਲੈਸਟ੍ਰਾਲ ਲੈਵਲ ਨੂੰ ਕੰਟਰੋਲ ਕਰਦਾ ਹੈ। ਨਾਲ ਹੀ ਇਸ ਨਾਲ ਬਲੱਡ ਸਰਕੁਲੇਸ਼ਨ ਵੀ ਵਧੀਆ ਹੁੰਦਾ ਹੈ, ਜਿਸ ਨਾਲ ਤੁਸੀਂ ਦਿਲ ਦੀਆਂ ਬੀਮਾਰੀਆਂ ਤੋਂ ਬਚੇ ਰਹਿੰਦੇ ਹੋ।



**ਗੈਸ ਤੋਂ ਰਾਹਤ**

ਜੇਕਰ ਕਿਸੇ ਕਾਰਨ ਪੇਟ ਖਰਾਬ ਹੋ ਜਾਵੇ ਤਾਂ ਅਜਵਾਇਨ ਨੂੰ ਚਬਾ ਕੇ ਖਾਓ ਅਤੇ ਇਕ ਕੱਪ ਗਰਮ ਪਾਣੀ ਪੀਓ। ਜੇਕਰ ਪੇਟ 'ਚ ਕੀੜੇ ਹਨ ਤਾਂ ਅਜਵਾਇਨ 'ਚ ਕਾਲਾ ਨਮਕ ਮਿਲਾ ਕੇ ਖਾਓ।

ਦੰਦਾਂ ਦੇ ਦਰਦ ਅਤੇ ਮੂੰਹ ਦੀ ਬਦਬੂ ਕਰੇ ਦੂਰ



ਜੇਕਰ ਤੁਸੀਂ ਰੋਜ਼ਾਨਾ ਸਵੇਰੇ ਇਸ ਦਾ ਪਾਣੀ ਪੀਂਦੇ ਹੋ ਤਾਂ ਦੰਦਾਂ ਦਾ ਦਰਦ ਅਤੇ ਮੂੰਹ ਦੀ ਬਦਬੂ ਦੀ ਪ੍ਰਾਬਲਮ ਦੂਰ ਹੁੰਦੀ ਹੈ।

**ਸ਼ੂਗਰ 'ਚ ਫਾਇਦੇਮੰਦ**

ਰੋਜ਼ਾਨਾ ਅਜਵਾਇਨ ਦਾ ਪਾਣੀ ਪੀਣ ਨਾਲ ਸ਼ੂਗਰ ਦਾ ਖਤਰਾ ਘੱਟ ਹੁੰਦਾ ਹੈ। ਨਾਲ ਹੀ ਇਸ ਨਾਲ ਬਲੱਡ ਸ਼ੂਗਰ ਲੈਵਲ ਵੀ ਕੰਟਰੋਲ 'ਚ ਰਹਿੰਦਾ ਹੈ।ਅਨਿਯਮਿਤ

**ਪੀਰੀਅਡਸ**

ਜੇਕਰ ਤੁਹਾਨੂੰ ਵੀ ਪੀਰੀਅਡਸ ਸਮੇਂ 'ਤੇ ਨਹੀਂ ਆ ਰਹੇ ਹਨ ਤਾਂ ਰੋਜ਼ਾਨਾ ਇਸ ਪਾਣੀ ਦੀ ਵਰਤੋਂ ਕਰੋ। ਇਸ ਨਾਲ ਨਾ ਸਿਰਫ ਪੀਰੀਅਡਸ ਰੈਗੂਲਰ ਹੁੰਦੇ ਹਨ ਸਗੋਂ ਇਹ ਮਹਾਵਾਰੀ 'ਚ ਹੋਣ ਵਾਲੇ ਪੇਟ ਦਰਦ ਅਤੇ ਪਿੱਠ ਦਰਦ ਨੂੰ ਵੀ ਦੂਰ ਕਰਦਾ ਹੈ।

**ਲੀਵਰ ਦੀ ਸਮੱਸਿਆ**

ਲੀਵਰ 'ਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣ 'ਤੇ 3 ਗ੍ਰਾਮ ਅਜਵਾਇਨ ਅਤੇ ਅੱਧਾ ਗ੍ਰਾਮ ਨਮਕ ਆਪਸ 'ਚ ਮਿਲਾਓ ਅਤੇ ਖਾਣੇ ਦੇ ਨਾਲ ਹੀ ਖਾਓ।

**ਖਾਂਸੀ ਤੋਂ ਰਾਹਤ**

ਅਜਵਾਇਨ ਦੇ ਰਸ 'ਚ 2 ਚੁਟਕੀ ਕਾਲਾ ਨਮਕ ਮਿਲਾਓ ਅਤੇ ਉਸ ਦੀ ਵਰਤੋਂ ਕਰੋ। ਇਸ ਦੇ ਬਾਅਦ ਗਰਮ ਪਾਣੀ ਪੀਓ। ਇਸ ਨਾਲ ਖਾਂਸੀ ਠੀਕ ਹੋ ਜਾਵੇਗੀ।



**ਸਰਦੀ-ਜ਼ੁਕਾਮ**

ਬੰਦ ਨੱਕ ਅਤੇ ਸਰਦੀ-ਜ਼ੁਕਾਮ ਇਸ ਮੌਸਮ 'ਚ ਹੋਣਾ ਆਮ ਹੈ। ਅਜਿਹੇ 'ਚ ਅਜਵਾਇਨ ਨੂੰ ਪੀਸ ਕੇ ਕੱਪੜੇ 'ਚ ਬੰਨ੍ਹ ਲਓ। ਫਿਰ ਉਸ ਨੂੰ ਸੁੰਘ ਲਓ ਇਸ ਨਾਲ ਕਾਫੀ ਆਰਾਮ ਮਿਲੇਗਾ। ਇਸ ਦੇ ਇਲਾਵਾ ਥੋੜ੍ਹੀ ਜਿਹੀ ਅਜਵਾਇਨ ਚੰਗੀ ਤਰ੍ਹਾਂ ਨਾਲ ਚਬਾਓ ਅਤੇ ਬਾਅਦ 'ਚ ਪਾਣੀ ਦੇ ਨਾਲ ਖਾ ਲਓ।

**ਸਿਰ ਦਰਦ ਤੋਂ ਰਾਹਤ**

ਤਣਾਅ ਪੂਰਨ ਜ਼ਿੰਦਗੀ 'ਚ ਸਿਰ ਦਰਦ ਆਮ ਹੈ, ਜਿਸ ਨਾਲ ਜ਼ਿਆਦਾ ਲੋਕ ਪ੍ਰੇਸ਼ਾਨ ਹੁੰਦੇ ਹਨ। ਜੇਕਰ ਤੁਹਾਨੂੰ ਵੀ ਹਮੇਸ਼ਾ ਸਿਰ ਦਰਦ ਰਹਿੰਦਾ ਹੈ ਤਾਂ ਇਕ ਕੱਪ ਅਜਵਾਇਨ ਦਾ ਪਾਣੀ ਪੀਓ। ਇਸ ਨਾਲ ਕਾਫੀ ਰਾਹਤ ਮਿਲੇਗੀ।

# ਦੇਸੀ ਮਹੀਨਿਆਂ ਨਾਲ ਜੁੜੇ ਤਿਥ-ਤਿਉਹਾਰ

**ਈਸਵੀ ਸੰਨ ਸੂਰਜ ਦੁਆਲੇ ਧਰਤੀ ਦੀ ਗਤੀ 'ਤੇ ਅਧਾਰਿਤ ਹੈ। ਹਰ ਦੇਸੀ ਮਹੀਨੇ 'ਚ ਚਾਨਣਾ ਤੇ ਹਨੇਰਾ, ਦੋ ਪੱਖ ਹੁੰਦੇ ਹਨ। ਚਾਨਣੇ ਪੱਖ ਨੂੰ ਸੁਦੀ ਜਾਂ ਸ਼ੁਕਲ ਪੱਖ ਤੇ ਹਨੇਰੇ ਪੱਖ ਨੂੰ ਵਦੀ ਜਾਂ ਕ੍ਰਿਸ਼ਨ ਪੱਖ ਕਿਹਾ ਜਾਂਦਾ ਹੈ...**

**ਸੰਨ 2018 ਵਿਚ ਜੇਠ ਅਤੇ ਸਾਵਣ ਦੇ ਮਹੀਨੇ, 32 ਦਿਨਾਂ ਦੇ ਸਨ ਅਤੇ ਸਾਲ 2019 ਵਿਚ ਸਾਵਣ ਦਾ ਮਹੀਨਾ 32 ਦਿਨਾਂ ਦਾ ਹੈ। ਸਾਲ ਦਾ ਹਿਸਾਬ ਠੀਕ ਰੱਖਣ ਵਾਸਤੇ ਲਗਪਗ ਹਰ ਤਿੰਨ ਚੰਦ੍ਰਮੀ ਸਾਲਾਂ ਬਾਅਦ (19 ਸਾਲਾਂ ਵਿਚ 7 ਵਾਰ) ਇਕ ਮਹੀਨਾ ਵਧਾਇਆ ਜਾਂਦਾ ਹੈ...**

### ਬਾਰਾਂ ਮਾਹ

1. ਚੇਤ (ਚੇਤਰ)
2. ਵਿਸਾਖ
3. ਜੇਠ
4. ਹਾੜ
5. ਸਾਉਣ
6. ਭਾਦੋਂ
7. ਅੱਸੂ
8. ਕੱਤਾ (ਕੱਤਕ)
9. ਮੱਘਰ
10. ਪੋਹ
11. ਮਾਘ
12. ਫੱਗਣ

ਜਦ ਬੱਦਲ ਹੋ ਰਹੇ ਹੁੰਦੇ ਪਰ ਹਾਲੇ ਮੀਂਹ ਸ਼ੁਰੂ ਨਾ ਹੋਇਆ ਹੁੰਦਾ ਤਾਂ ਬੱਚੇ ਵਿਹੜੇ ਵਿਚ ਖੜ੍ਹ ਕੇ ਜਾਂ ਘਰ ਦੀ ਛੱਤ 'ਤੇ ਚੜ੍ਹ ਕੇ ਉੱ"11 ˘"1 ਗਾਉਂਦੇ : ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ। ਰੱਬਾ ਰੱਬਾ ਮੀਂਹ ਵਸਾ, ਸਭ ਦੀ ਕੋਠੀ ਦਾਣੇ ਪਾ। ਜਾਂ ਫਿਰ ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰਸਾ ਦੇ ਜ਼ੋਰੋ-ਜ਼ੋਰ। ਤੇ ਜਦ ਮੀਂਹ ਪੈਣ ਲੱਗ ਜਾਂਦਾ ਤਾਂ ਅਸੀਂ ਮੀਂਹ ਵਿਚ ਅਠਖੇਲੀਆਂ ਕਰਦੇ ਅਤੇ ਜੀਅ
ਭਰ ਕੇ ਨਹਾਉਂਦੇ। ਸਾਉਣ ਦੀ ਰੁੱਤ ਖੀਰਪੂੜਿਆਂ ਅਤੇ ਗੁਲਗਲਿਆਂ ਆਦਿ ਦੀ ਵੀ ਰੁੱਤ ਹੁੰਦੀ ਹੈ। ਸਾਵਣ ਖੀਰ ਨਾ ਖਾਧੀਆਂ, ਕਿਉਂ ਜੰਮਿਆਂ ਅਪਰਾਧੀਆ- ਪੰਜਾਬੀ ਦੀ ਇਕ ਹਰਮਨ ਪਿਆਰੀ ਕਹਾਵਤ ਹੈ। ਭਾਦੋਂ ਦਾ ਮਹੀਨਾ ਬਹੁਤ ਹੁੰਮਸ
ਅਤੇ ਕਰਸਾਹ ਵਾਲਾ ਮਹੀਨਾ ਹੁੰਦਾ ਹੈ। ਮੌਸਮ ਇੰਨਾ ਨਾਖੁਸ਼ਗਵਾਰ ਹੁੰਦਾ ਹੈ ਕਿ





ਲੋਕ ਕਹਿੰਦੇ ਹਨ । ਭਾਦੋਂ ਦੀ ਗਰਮੀ ਦੇ ਸਤਾਏ ਜੱਟ ਸਾਧ ਹੋ ਜਾਂਦੇ ਹਨ। ਔਰਤਾਂ ਕਹਿੰਦੀਆਂ ਹਨ। ਭਾਦੋਂ ਦੀ ਤਿੜਕੀ ਅਤੇ ਸੱਸ ਦੀ ਝਿੜਕੀ ਮੁਸ਼ਕਲ ਨਾਲ ਹੀ ਠੀਕ ਆਉਂਦੀ ਹੈ। ਪੁਰਾਣੇ ਸਮੇਂ ਵਿਚ ਲੜਕੀਆਂ ਦੇ ਵਿਆਹ ਛੋਟੀ ਉਮਰ ਵਿਚ ਹੀ ਕਰ ਦਿੱਤੇ ਜਾਂਦੇ ਸਨ ਤੇ ਮੁਕਲਾਵੇ ਲੜਕੀਆਂ ਦੇ ਜਵਾਨ ਹੋਣ 'ਤੇ ਹੀ ਦਿੱਤੇ ਜਾਂਦੇ ਸਨ। ਇਹ ਮੁਕਲਾਵੇ ਤੀਆਂ ਦਾ ਮਹੀਨਾ ਲੰਘਣ ਤੋਂ ਬਾਅਦ, ਭਾਦੋਂ ਵਿਚ ਹੀ ਦਿੱਤੇ ਜਾਂਦੇ ਸਨ। ਇਸ ਕਾਰਨ ਕੁੜੀਆਂ ਗਾਉਂਦੀਆਂ ਸਨ। ਤੀਆਂ ਤੀਜ ਦੀਆਂ, ਭਾਦੋਂ ਦੇ ਮੁਕਲਾਵੇ ਅਤੇ ਸੌਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ ਭੈਣਾਂ-ਭਰਾਵਾਂ ਦੇ ਪਿਆਰ ਦਾ ਪ੍ਰਤੀਕ ਪਵਿੱਤਰ ਤਿਉਹਾਰ ਰੱਖੜੀ ਜਾਂ



ਰਕਸ਼ਾ ਬੰਧਨ, ਜਿਸ ਨੂੰ ਰੱਖੜ ਪੁੰਨਿਆ ਵੀ ਕਿਹਾ ਜਾਂਦਾ ਹੈ ਅਤੇ ਜਿਸ ਨੂੰ ਪੁਰਾਣੇ ਲੋਕ ਸਤੂੰਨੋ ਕਹਿੰਦੇ ਸਨ, ਭਾਦੋਂ ਦੀ ਪੂਰਨਮਾਸ਼ੀ ਵਾਲੇ ਦਿਨ ਆਉਂਦਾ ਹੈ। ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਵੀ ਇਸ ਮਹੀਨੇ ਹੀ ਆਉਂਦਾ ਹੈ। ਜਨਮ ਅਸ਼ਟਮੀ ਤੋਂ ਅਗਲੇ ਦਿਨ ਗੁੱਗਾ ਨੌਵੀਂ ਹੁੰਦੀ ਹੈ। ਇਸ ਦਿਨ ਸਰਪ-ਪੂਜਣ ਕੀਤਾ ਜਾਂਦਾ ਹੈ। ਜਿੱਥੇ ਗੁੱਗਾ-ਮਾੜੀ ਦਾ ਮੰਦਰ ਬਣਿਆ ਹੁੰਦਾ ਹੈ ਉੱਥੇ ਮੰਦਰ ਵਿਚ ਅਤੇ ਬਾਕੀ ਥਾਵਾਂ 'ਤੇ ਬਾਹਰ ਜਿੱਥੇ ਕਿਤੇ ਜਮਾਂਦਾਰਨੀਆਂ ਝਾੜੀਆਂ ਜਿਹੀਆਂ ਲੈ ਕੇ ਬੈਠੀਆਂ ਹੁੰਦੀਆਂ ਹਨ, ਉੱਥੇ ਸ਼ੱਕਰ ਵਾਲੀਆਂ ਸੇਵੀਆਂ ਅਤੇ ਕੱਚੀ ਲੱਸੀ ਨਾਲ ਮੱਥਾ ਟੇਕਿਆ ਜਾਂਦਾ ਹੈ। ਕੁਝ ਔਰਤਾਂ ਕੱਚੀਆਂ ਸੇਵੀਆਂ ਅਤੇ ਗੁੰਨ੍ਹੇ ਆਟੇ ਦੇ ਸਪੋਲੀਏ ਜਿਹੇ ਬਣਾ ਕੇ ਵੀ ਨਾਲ ਲੈ ਜਾਂਦੀਆਂ ਹਨ। ਸੇਵੀਆਂ ਆਦਿ ਜਮਾਂਦਾਰਨੀਆਂ ਦਿਆਂ ਭਾਂਡਿਆਂ ਵਿਚ ਪਾ ਦਿੱਤੀਆਂ ਜਾਂਦੀਆਂ ਹਨ ਤੇ ਬਚਦੀ ਕੱਚੀ ਲੱਸੀ ਦਾ ਇਹ ਕਹਿੰਦੇ ਹੋਏ ਘਰ ਵਿਚ ਛਿੱਟਾ ਦਿੱਤਾ ਜਾਂਦਾ, ਬਾਬਾ (ਸੱਪ ਬਾਬਾ), ਮਿਹਰ ਰੱਖੀਂ, ਦਿਖਾਈ ਨਾ ਦੇਈਂ। ਮੌਸਮ ਦੀ ਅਨਿਸ਼ਚਤਤਾ ਕਾਰਨ ਆਮ ਤੌਰ 'ਤੇ ਸੌਣ-ਭਾਦੋਂ ਵਿਚ ਵਿਆਹ ਨਹੀਂ ਰੱਖੇ ਜਾਂਦੇ ਸਨ। ਅੱਸੂ ਮਹੀਨੇ ਵਿਚ ਠੰਢ ਉਤਰਨੀ ਸ਼ੁਰੂ ਹੋ ਜਾਂਦੀ ਹੈ। ਦਿਨ ਦੀ ਗਰਮੀ ਕਾਫੀ ਘਟ ਜਾਂਦੀ ਹੈ ਅਤੇ ਰਾਤਾਂ ਨੂੰ ਕਦੀ- ਕਦੀ ਠੰਢ ਵੀ ਲੱਗਦੀ ਹੈ। ਇਸੇ ਕਾਰਨ ਕਿਹਾ ਜਾਂਦਾ ਹੈ : ਅੱਸੂ ਮਾਹ ਨਿਰਾਲਾ, ਦਿਨੇਂ ਗਰਮੀ ਰਾਤੀਂ ਪਾਲਾ। ਇਸ ਮਹੀਨੇ ਦੁਰਗਾ ਮਾਤਾ ਦੇ ਦੂਜੇ ਨਰਾਤੇ ਆਉਂਦੇ ਹਨ ਅਤੇ ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਤਿਉਹਾਰ ਦੁਸਹਿਰਾ ਮਨਾਇਆ ਜਾਂਦਾ ਹੈ।



ਦੁਸਹਿਰੇ ਤੋਂ ਪਹਿਲਾਂ ਮੰਡੀਆਂ ਅਤੇ ਸ਼ਹਿਰਾਂ ਵਿਚ ਰਾਮ-ਲੀਲ੍ਹਾ ਦੀਆਂ ਰੌਣਕਾਂ ਸ਼ੁਰੂ ਹੋ ਜਾਂਦੀਆਂ ਹਨ ਤੇ ਤਿਉਹਾਰਾਂ ਦਾ ਮਾਹੌਲ ਸ਼ੁਰੂ ਹੋ ਜਾਂਦਾ ਹੈ। ਕੱਤਕ ਮਹੀਨਾ ਸਭ ਤੋਂ ਵੱਧ ਤਿਉਹਾਰਾਂ ਵਾਲਾ ਮਹੀਨਾ ਹੁੰਦਾ ਹੈ। ਇਸ ਮਹੀਨੇ ਔਰਤਾਂ ਲਈ ਕਰਵਾ ਚੌਥ ਅਤੇ ਝੱਕਰੀ ਦੇ ਵਰਤ ਆਉਂਦੇ ਹਨ। ਇਸ ਮਹੀਨੇ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਦਾ ਜਨਮ ਦਿਨ ਆਉਂਦਾ ਹੈ ਤੇ ਸ਼ਾਮ ਸਮੇਂ ਛੋਟੇ-ਛੋਟੇ ਬੱਚੇ ਗਲੀਆਂ ਬਜ਼ਾਰਾਂ ਵਿਚ ਮਿੱਟੀ ਦੇ ਬਣੇ ਛੋਟੇ-ਛੋਟੇ ਗੜ ਬੜੇ ਲੈ ਕੇ ਘੁੰਮਦੇ ਹਨ। ਇਨ੍ਹਾਂ ਗੜ ਬੜਿਆਂ ਵਿਚ ਮੋਮਬੱਤੀਆਂ ਜਗਾ ਕੇ ਰੱਖੀਆਂ ਹੁੰਦੀਆਂ ਹਨ ਤੇ ਉਹ ਕੁਝ ਇਸ ਤਰ੍ਹਾਂ ਗਾਉਂਦੇ ਘਰ-ਘਰ ਜਾਂਦੇ ਹਨ। ਸਾਡੇ ਗੜ ਬੜੇ ਬਲਦੇ/ਨਚਦੇ ਗਲੀ-ਗਲੀ, ਸਾਨੂੰ ਪਾ ਦਿਓ ਤੇਲ ਦੀ ਪਲੀ-ਪਲੀ। ਦੁਸਹਿਰੇ ਤੋਂ ਠੀਕ ਵੀਹ ਦਿਨ ਬਾਅਦ ਕੱਤਕ ਦੀ ਮੱਸਿਆ ਨੂੰ ਸਭ ਤੋਂ ਵੱਧ ਧੂਮ-ਧੜੱਕੇ ਵਾਲਾ ਤਿਉਹਾਰ ਦੀਵਾਲੀ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਤਿਆਰੀ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ। ਘਰਾਂ ਵਿਚ ਕਲੀ-ਕੂਚੀ ਅਤੇ ਰੰਗ-ਰੋਗਨ ਕਰਵਾਇਆ ਜਾਂਦਾ ਹੈ, ਪੂਰੀ ਸਫ਼ਾਈ ਕੀਤੀ ਜਾਂਦੀ ਹੈ ਅਤੇ ਵਿਸ਼ੇਸ਼ ਵਸਤਾਂ ਦੀ ਖ਼ਰੀਦਦਾਰੀ ਕੀਤੀ ਜਾਂਦੀ ਹੈ। ਦੀਵਾਲੀ ਵਾਲੇ ਦਿਨ ਬਜ਼ਾਰਾਂ ਦੀ ਰੌਣਕ ਦੇਖਣ ਵਾਲੀ ਹੁੰਦੀ ਹੈ। ਸਿੱਖ ਧਰਮ ਅਨੁਸਾਰ ਇਸ ਦਿਨ ਨੂੰ 'ਬੰਦੀਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੋ ਉਸ ਸਮੇਂ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸਨ ਨੇ ਆਪਣੇ ਨਾਲ ਕਿਲ੍ਹੇ ਵਿਚ ਕੈਦ 52 ਰਾਜਪੂਤ ਬੰਦੀ ਰਾਜਿਆਂ ਦੀ ਵੀ ਬੰਦਖ਼ਲਾਸੀ ਕਰਵਾਈ ਸੀ। ਅੰਮ੍ਰਿਤਸਰ ਦੀ ਦੀਵਾਲੀ ਬਹੁਤ ਪ੍ਰਸਿੱਧ ਮੰਨੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ : ਦਾਲ ਰੋਟੀ ਘਰ
ਦੀ, ਦੀਵਾਲੀ ਅੰਬਰਸਰ ਦੀ। ਦੀਵਾਲੀ ਤੋਂ ਅਗਲੇ ਦਿਨ ਦਸਤਕਾਰੀ, ਸ਼ਿਲਪ ਤੇ
ਕਿਰਤ ਦੇ ਦੇਵਤੇ ਬਾਬਾ ਵਿਸ਼ਵਕਰਮਾ ਦਾ ਜਨਮ ਦਿਵਸ ਮਨਾਇਆ ਜਾਂਦਾ ਹੈ।
ਇਸ ਦਿਨ ਦਸਤਕਾਰ ਅਤੇ ਕਾਰੀਗਰ ਲੋਕ ਕੰਮ ਦੀ ਛੁੱਟੀ ਕਰ ਕੇ ਆਪਣੇ ਸੰਦਾਂ ਅਤੇ ਔਜ਼ਾਰਾਂ ਦੀ ਪੂਜਾ ਕਰਦੇ ਹਨ। ਇਸ ਤੋਂ ਅਗਲੇ ਦਿਨੇਂ 'ਟਿੱਕਾ ਭਾਈ ਦੂਜ' ਮਨਾਈ ਜਾਂਦੀ ਹੈ ਅਤੇ ਭੈਣਾਂ ਆਪਣੇ ਭਰਾਵਾਂ ਦੇ ਮੱਥੇ 'ਤੇ ਟਿੱਕੇ ਲਾ ਕੇ ਉਨ੍ਹਾਂ ਦੀ ਸੁੱਖ ਮੰਗਦੀਆਂ ਹਨ ਅਤੇ ਉਨ੍ਹਾਂ ਤੋਂ ਸ਼ਗਨ ਪ੍ਰਾਪਤ ਕਰਦੀਆਂ ਹਨ। ਕੱਤਕ ਮਹੀਨੇ ਸਵੇਰੇ-ਸਵੇਰੇ ਉੱਠ ਕੇ ਇਸ਼ਨਾਨ ਕਰਨ ਨੂੰ ਬਹੁਤ ਸ਼ੁਭ ਮੰਨਿਆ ਜਾਂਦਾ ਹੈ ਅਤੇ ਬਹੁਤ ਸਾਰੀਆਂ ਹਿੰਦੂ ਔਰਤਾਂ ਕੱਤਾ ਨਹਾਉਂਦੀਆਂ ਹਨ ਅਤੇ ਪੂਰੇ ਮਹੀਨੇ ਲਈ ਪੰਡਿਤ ਪਾਸੋਂ ਕੱਤੇ ਦੀ ਕਥਾ ਸੁਣਦੀਆਂ ਹਨ। ਕੱਤਕ ਦੀ ਪੂਰਨਮਾਸ਼ੀ ਸਿੱਖ ਭਾਈਚਾਰੇ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿਉਂਕਿ ਇਸ ਦਿਨ ਸਿੱਖ ਧਰਮ ਦੇ ਮੋਢੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਅੱਸੂ, ਕੱਤਕ ਅਤੇ ਮੱਘਰ ਵਿਆਹ-ਸ਼ਾਦੀਆਂ ਦੀ ਰੁੱਤ ਵੀ ਹੁੰਦੀ ਹੈ। ਇਕ ਵਾਰ ਬਹੁਤ ਸਮਾਂ ਪਹਿਲਾਂ ਕੱਤੇ ਦੇ ਮਹੀਨੇ ਵਿਚ ਪਲੇਗ ਦੀ ਬਿਮਾਰੀ ਵੀ ਫੈਲੀ ਸੀ ਜਿਸ ਨਾਲ ਪੰਜਾਬ
ਵਿਚ ਭਾਰੀ ਜਾਨੀ ਨੁਕਸਾਨ ਹੋਇਆ ਸੀ। ਆਮ ਲੋਕ ਇਸ ਨੂੰ ਪਲੇਗ ਦੀ ਬਿਮਾਰੀ ਦੇ ਨਾਲ-ਨਾਲ ਕੱਤੇ ਦੀ ਬਿਮਾਰੀ ਵੀ ਕਹਿੰਦੇ ਹਨ। ਮੱਘਰ ਮਹੀਨੇ ਵਿਚ ਠੰਢ ਹੋਰ ਜ਼ੋਰ ਫੜਨ ਲਗਦੀ ਹੈ ਅਤੇ ਗਰਮ ਕੱਪੜਿਆਂ ਦੀ ਲੋੜ ਮਹਿਸੂਸ ਹੁੰਦੀ ਹੈ। ਪੋਹ ਮਹੀਨਾ ਕੜਾਕੇ ਦੀ ਠੰਢ ਦਾ ਮਹੀਨਾ ਹੁੰਦਾ ਹੈ ਤੇ ਇਹ ਠੰਢ ਮਾਘ ਦੇ ਮਹੀਨੇ ਤਕ ਕਾਇਮ ਰਹਿੰਦੀ ਹੈ। ਜੇ ਸੂਰਜ ਨਿਕਲਿਆ ਹੋਵੇ ਫਿਰ ਤਾਂ ਦਿਨ ਸੌਖਾ ਨਿਕਲ ਜਾਂਦਾ ਹੈ, ਨਹੀਂ ਤਾਂ ਲੋਕ ਦਿਨੇ ਵੀ ਠੁਰ-ਠੁਰ ਕਰਦੇ ਫਿਰਦੇ ਹਨ। ਪਹਿਲੇ ਸਮਿਆਂ ਵਿਚ ਹੁਣ ਵਰਗੇ ਗਰਮ ਕੱਪੜੇ ਤੇ ਘਰਾਂ ਨੂੰ ਨਿੱਘੇ ਰੱਖਣ ਦੀਆਂ ਸਹੂਲਤਾਂ ਤਾਂ ਹੁੰਦੀਆਂ ਨਹੀਂ ਸਨ, ਸੋ ਆਮ ਲੋਕ ਜਾਂ ਤਾਂ ਖੇਸਾਂ-ਖੇਸੀਆਂ ਦੀਆਂ ਬੁੱਕਲਾਂ ਦੇ ਝੁੰਬੜਬਾਟੇ ਮਾਰਕੇ ਪਾਲੇ ਤੋਂ ਆਪਣਾ ਬਚਾਅ ਕਰਦੇ ਜਾਂ ਫਿਰ ਕੱਠੇ ਹੋ ਕੇ ਧੂਣੀਆਂ ਬਾਲ ਲੈਂਦੇ। ਘਰਾਂ ਵਿਚ ਚੁੱਲਿਆਂ ਮੂਹਰੇ ਬੈਠ ਕੇ ਅੱਗ ਸੇਕਣ ਦਾ ਆਮ ਰਿਵਾਜ ਹੁੰਦਾ ਸੀ। ਖੇਤਗਾਰਾਂ ਨੂੰ ਅਜਿਹੀ ਕੜਾਕੇ ਦੀ ਠੰਢ ਵਿਚ ਵੀ ਸਦੇਹਾਂ ਉੱਠ ਕੇ ਪਾਣੀ ਆਦਿ ਲਾਉਣ ਲਈ ਆਪਣੇ ਖੇਤਾਂ ਵਿਚ ਜਾਣਾ ਪੈਂਦਾ ਸੀ।



# ਵਿਚਾਰ ਬਦਲਣ ਦਾ ਸਾਡੀ ਜ਼ਿੰਦਗੀ ਉੱਤੇ ਅਸਰ



ਇਹ ਕਹਾਣੀ ਮੇਰੇ ਚੇਲੇ ਫਰੇਂਕ ਜੇ ਵਹੇਲੇ ਦੀ ਹੈ, ਉਹ ਸਨਾਯੂ (ਮਾਨਸਿਕ ) ਰੋਗ ਨਾਲ ਪੀੜਤ ਸੀ ? ਇਹ ਰੋਗ ਉਸਨੂੰ ਚਿੰਤਾ ਦੇ ਕਾਰਨ ਹੋਇਆ ਸੀ। ਫਰੇਂਕ ਵਹੇਲੇ ਨੇ ਮੈਨੂੰ ਦੱਸਿਆ ਕਿ ਮੈਨੂੰ ਹਰ ਗੱਲ ਦੀ ਚਿੰਤਾ ਰਹਿੰਦੀ ਹੈ। ਆਪਣੇ ਦੁਬਲੇ ਪਤਲੇ ਹੋਣ ਦੀ ਚਿੰਤਾ , ਵੱਲ ਝੜਨ ਦੀ ਚਿੰਤਾ , ਆਪਣੇ ਵਿਆਹ ਲਈ ਯੋਗ ਰਕਮ ਜਮਾ ਕਰਨ ਦੀ ਚਿੰਤਾ , ਉਸ ਲੜਦੀ ਦੇ ਹੱਥੋਂ ਨਿੱਕਲ ਜਾਣ ਦੀ ਚਿੰਤਾ ਜਿਸ ਨਾਲ ਮੈਂ ਵਿਆਹ ਕਰਾਉਣਾ ਚਾਹੁਣਾ ਹਾਂ। ਮੈਨੂੰ ਲਗਦਾ ਮੇਰਾ ਜੀਵਨ ਵਧੀਆ ਨਹੀਂ ਬੀਤ ਰਿਹਾ, ਦੂਸਰੇ ਲੋਕਾਂ ਤੇ ਮੈਂ ਆਪਣਾ ਪ੍ਰਭਾਵ ਨਹੀਂ ਪਾ ਰਿਹਾ। ਮੈਨੂੰ ਪੇਟ ਦੇ ਅਲਸਰ ਦਾ ਡਰ ਸੀ। ਜਿਆਦਾ ਕੰਮ ਨਾ ਕਰਨ ਕਾਰਣ ਅਖੀਰ ਮੈਨੂੰ ਨੌਕਰੀ ਵੀ ਛੱਡਣੀ ਪਈ। ਮਨ ਵਿਚ ਤਣਾਓ ਵਧਣ ਨਾਲ ਮੈਂ ਦੁਖੀ ਰਹਿਣ ਲੱਗਾ। ਮਨ ਦਾ ਬੋਝ ਵਧਣ ਨਾਲ ਮੈਂ ਟੁੱਟ ਗਿਆ। ਸਨਾਯੂ ਰੋਗ ਦੀ ਮਾਨਸਿਕ ਪੀੜ ਸਰੀਰਕ ਪੀੜ ਨਾਲੋਂ ਕਿਤੇ ਵੱਧ ਕਸ਼ਟਦੇਹ ਹੁੰਦੀ ਹੈ। ਮੇਰਾ ਸਨਾਯੂ ਰੋਗ ਇੰਨਾ ਲਾਇਲਾਜ ਹੋ ਗਿਆ ਕਿ ਮੈਂ ਆਪਣੇ ਪ੍ਰਿਯਜਨਾ ਨਾਲ ਵੀ ਗੱਲ ਨਹੀਂ ਕਰ ਸਕਦਾ ਸੀ। ਆਪਣੇ ਵਿਚਾਰਾਂ ਉੱਤੇ ਮੇਰਾ ਕੰਟਰੋਲ ਹਟ ਗਿਆ ਅਤੇ ਮੈਂ ਪੂਰੀ ਤਰ੍ਹਾਂ ਭੈ ਗ੍ਰਸਤ ਹੋ ਚੱਕਿਆ ਸੀ। ਮਾਮੂਲੀ ਸ਼ੋਰ ਨਾਲ ਮੈਂ ਉਤੇਜਿਤ ਹੋ ਜਾਂਦਾ ਸੀ। ਹਰੇਕ ਤੋਂ ਮੂੰਹ ਲੁਕੋਂਦਾ ਅਤੇ ਬਿਨਾ ਕਿਸੇ ਕਾਰਨ ਤੋਂ ਰੋਣ ਲੱਗ ਜਾਂਦਾ। ਮੈਨੂੰ ਲਗਦਾ ਕਿ ਸਾਰੇ ਮੈਨੂੰ ਆਵਾਗੌਣ ਸਮਝਦੇ ਹਨ। ਨਦੀ ਵਿਚ ਕੁੱਦ ਕੇ ਮੈਂ ਆਤਮ ਹੱਤਿਆ ਕਰਨ ਦੀ ਮੇਰੀ ਇੱਛਾ ਹੁੰਦੀ ਸੀ।ਪਰੰਤੂ ਆਤਮ ਹੱਤਿਆ ਨਾ ਕਰਕੇ ਮੈਂ ਫਲੋਰਿਡਾ ਦੀ ਯਾਤਰਾ ਕਰਨ ਦਾ ਫੈਸਲਾ ਕੀਤਾ। ਇਸ ਆਸ ਨਾਲ ਕਿ ਵਾਤਾਵਰਣ ਦੀ ਤਬਦੀਲੀ ਨਾਲ ਕੁਝ ਸਹਾਇਤਾ ਮਿਲੇ। ਪਿਤਾ ਜੀ ਨੇ ਇਕ ਪੱਤਰ ਮੈਨੂੰ ਇਹ ਕਹਿ ਕਿ ਦਿੱਤਾ ਕਿ ਇਸਨੂੰ ਫਲੋਰਿਡਾ ਪਹੁੰਚ ਕੇ ਹੀ ਖੋਲ੍ਹਣਾ। ਯਾਤਰੀਆਂ ਦੀ ਭੀੜ ਕਾਰਨ ਮੈਨੂੰ ਫਲੋਰਿਡਾ ਵਿਚ ਕਿਸੇ ਹੋਟਲ ਵਿਚ ਜਗ੍ਹਾ ਨਾ ਮਿਲ ਸਕੀ। ਸੋ ਮੈਂ ਇਕ ਗੈਰਾਜ ਵਿਚ ਸੋਣ ਦੀ ਥਾਂ ਕਿਰਾਏ ਤੇ ਲਈ। ਉਥੇ ਮੈਂ ਭਾਰਵਾਹਕ ਪੋਤ ਤੇ ਨੌਕਰੀ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ ਪਰ ਕਿਸਮਤ ਨੇ ਸਾਥ ਨਹੀਂ ਦਿੱਤਾ। ਹਾਰ ਕੇ ਮੈਂ ਖਾੜੀ ਤੇ ਹੀ ਸਮਾਂ ਕੱਟਣ ਦਾ ਫੈਸਲਾ ਕੀਤਾ। ਫਲੋਰਿਡਾ ਵਿਚ ਮੈਂ ਘਰ ਨਾਲੋਂ ਵੀ ਜ਼ਿਆਦਾ ਦੁਖੀ ਹੋ ਗਿਆ। ਸੋ ਇਹ ਦੇਖਣ ਲਈ ਕਿ ਪਿਤਾ ਜੀ ਨੇ ਕ ?ੀ ਲਿਖਿਆ ਹੈ , ਲਿਫ਼ਾਫ਼ਾ ਖੋਲਿਆ , ਲਿਖਿਆ ਸੀ ' ਪੁੱਤਰ ਤੂੰ ਘਰ ਤੋਂ 1500 ਮੀਲ ਦੂਰ ਹੈਂ ਫਿਰ ਵੀ ਆਪਣੀ ਇਥੇ ਦੀ ਤੇ ਓਥੋਂ ਦੀ ਹਾਲਤ ਵਿਚ ਕੋਈ ਅੰਤਰ ਨਹੀਂ ਪਾਉਂਦਾ। ਹੈਂ ਨਾ ? ਮੈਂ ਜਾਣਦਾ ਸੀ ਤੈਨੂੰ ਓਥੇ ਵੀ ਸ਼ਾਂਤੀ ਨਹੀਂ ਮਿਲੇਗੀ , ਕਿਉਂਕਿ ਤੂੰ ਆਪਣੇ ਨਾਲ ਓਥੇ ਵੀ ਓਹੀ ਚੀਜ ਲੈ ਗਿਆ ਹੈਂ ਜਿਹੜੀ ਤੇਰੇ ਕਲੇਸ਼ ਦਾ ਕਾਰਨ ਹੈ , ਅਤੇ ਉਹ ਹੈ ਤੇਰੀ ਵਿਚਾਰਧਾਰਾ। ਤੇਰੇ ਸ਼ਰੀਰ ਅਤੇ ਦਿਮਾਗ ਵਿਚ ਕਿਤੇ ਕੁਝ ਨਹੀਂ ਵਿਗੜਿਆ। ਤੇਰੀ ਵਿਚਾਰਧਾਰਾ ਹੀ ਤੇਰੇ ਕਲੇਸ਼ ਦਾ ਮੂਲ ਕਾਰਨ ਹੈ। ਮਨੁੱਖ ਆਪਣੇ ਮਨ ਵਿਚ ਜੈਸਾ ਸੋਚਦਾ ਹੈ ਵੈਸਾ ਹੀ ਹੁੰਦਾ ਹੈ। ਪੁੱਤਰ ਜਦੋਂ ਤੈਨੂੰ ਇਹ ਗਿਆਨ ਹੋ ਜਾਵੇ , ਤੂੰ ਘਰ ਪਰਤ ਆਵੀਂ। ਤੂੰ ਆਪਣੇ ਆਪ ਚੰਗਾ ਹੋ ਜਾਵੇਗਾ।ਪਿਤਾ ਦੇ ਪੱਤਰ ਨਾਲ ਮੈਂ ਬਹੁਤ ਗੁੱਸੇ ਹੋਇਆ। ਮੈਨੂੰ ਹਮਦਰਦੀ ਦੀ ਆਸ ਸੀ , ਸਿੱਖਿਆ ਦੀ ਨਹੀਂ। ਮੈਂ ਘਰ ਜਾਣ ਦਾ ਫੈਸਲਾ ਰੱਦ ਕਰ ਦਿੱਤਾ। ਉਸ ਰਾਤ ਮੈਂ ਇਕ ਚਰਚ ਵਿਚ ਜਾ ਪਹੁੰਚਿਆ ਜਿਥੇ ਪ੍ਰਾਰਥਨਾ ਹੋ ਰਹੀ ਸੀ। ਮੈਂ ਪ੍ਰਵਚਨ ਸੁਣਨ ਲੱਗਾ ' ਜੋ ਆਪਣੀ ਭਾਵਨਾ ਤੇ ਜਿੱਤ ਪਾ ਲੈਂਦਾ ਹੈ , ਉਹ ਦੇਸ਼ ਜਿੱਤਣ ਵਾਲੇ ਵਿਅਕਤੀ ਨਾਲੋਂ ਵੀ ਜਿਆਦਾ ਸ਼ਕਤੀਸ਼ਾਲੀ ਹੈ। ਆਪਣੇ ਪਿਤਾ ਦੇ ਪੱਤਰ ਵਿਚ ਲਿਖੇ ਵਿਚਾਰਾਂ ਨੂੰ ਰੱਬੀ ਵਿਚਾਰਾਂ ਨਾਲ ਮੇਲ ਖਾਂਦੇ ਦੇਖਕੇ ਮੇਰੇ ਦਿਮਾਗ ਦਾ ਸਾਰਾ ਵਿਚਾਰ ਧੋਤਾ ਗਿਆ। ਮੈਨੂੰ ਆਪਣੀ ਮੂਰਖਤਾ ਦਾ ਅਹਿਸਾਸ ਹੋਇਆ। ਜਿੰਦਗੀ ਵਿਚ ਪਹਿਲੀ ਵਾਰ ਮੈਂ ਸਪਸ਼ਟ ਅਤੇ ਵਿਵੇਕਪੂਰਣ ਢੰਗ ਨਾਲ ਸੋਚਾਂ ਲੱਗਾ। ਖੁੱਦ ਨੂੰ ਫੇਰ ਅਸਲੀ ਰੰਗ ਵਿਚ ਦੇਖ ਕੇ ਮੈਂ ਠੱਗਿਆ ਜਿਹਾ ਰਹਿ ਗਿਆ। ਮੈਂ ਸਾਰੇ ਸੰਸਾਰ ਅਤੇ ਉਸਦੇ ਹਰ ਪ੍ਰਾਣੀ ਨੂੰ ਬਦਲਣਾ ਚਾਹੁੰਦਾ ਸੀ , ਜਦੋ ਕਿ ਜਰੂਰਤ ਆਪਣੇ ਹੀ ਵਿਚਾਰਾਂ ਅਤੇ ਦ੍ਰਿਸ਼ਟੀਕੋਣ ਨੂੰ ਬਦਲਣ ਦੀ ਸੀ।ਦੂਜੇ ਦਿਨ ਮੈਂ ਘਰ ਲਈ ਰਵਾਨਾ ਹੋ ਗਿਆ। ਇਕ ਹਫਤੇ ਬਾਦ ਮੈਂ ਫੇਰ ਨੌਕਰੀ ਤੇ ਜਾਣ ਲੱਗਾ। ਚਾਰ ਮਹੀਨਿਆਂ ਬਾਦ ਮੈਂ ਉਸ ਲੜਕੀ ਨਾਲ ਵਿਆਹ ਕਰ ਲਿਆ ਜਿਸਦਾ ਗੁਆਚ ਜਾਣ ਦਾ ਮੈਨੂੰ ਡਰ ਸੀ। ਹੁਣ ਸਾਡਾ ਪੰਜ ਬੱਚਿਆਂ ਦਾ ਸੁਖੀ ਪਰਿਵਾਰ ਹੈ। ਰੱਬ ਦੀ ਕਿਰਪਾ ਹੈ ਕਿ ਮੈਂ ਆਰਥਿਕ ਤੇ ਮਾਨਸਿਕ ਦ੍ਰਿਸ਼ਟੀ ਨਾਲ ਸੁਖੀ ਹਾਂ। ਜਦੋਂ ਮੈਂ ਸਨਾਯੂ ਰੋਗ ਦਾ ਸ਼ਿਕਾਰ ਸੀ , ਮੈਂ ਇਕ ਛੋਟੇ ਵਿਭਾਗ ਵਿਚ ਅੱਠ ਕਾਰੀਗਰਾਂ ਉੱਤੇ ਰਾਤ ਸਮੇਂ ਫੋਰਮੈਨ ਦਾ ਕੰਮ ਕਰਦਾ ਸੀ ਅਤੇ ਹੁਣ ਕਾਰਟਨ ਬਣਾਉਣ ਵਾਲੇ ਕਾਰਖਾਨੇ ਵਿਚ 450 ਵਿਅਕਤੀਆਂ ਉੱਤੇ ਸੁਪਰਡੈਂਟ ਹਾਂ। ਜਿੰਦਗੀ ਦੀਆ ਅਸਲੀ ਕੀਮਤਾਂ ਨੂੰ ਹੁਣ ਮੈਂ ਸਮਝਦਾ ਹਾਂ। ਜਦੋਂ ਕਦੇ ਅਸ਼ਾਂਤ ਪਲ ਜੀਵਨ ਵਿਚ ਭਰਨ ਲਗਦੇ ਹਨ , ਜਿਵੇ ਕਿ ਹਰ ਇਕ ਜੀਵਨ ਵਿਚ ਹੁੰਦਾ ਹੈ , ਮੈਂ ਆਪਣੇ ਵਿਚਾਰ ਅਤੇ ਦ੍ਰਿਸ਼ਟੀਕੋਣ ਬਦਲ ਦਿੰਦਾ ਹਾਂ ਅਤੇ ਸਭ ਕੁਝ ਠੀਕ ਹੋ ਜਾਂਦਾ ਹੈ। ਮੈਂ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਸਨਾਯੂ ਰੋਗ ਦਾ ਅਨੁਭਵ ਕਰਕੇ ਮੈਂ ਬਹੁਤ ਪ੍ਰਸੰਨ ਹਾਂ ਕਿਉਂਕਿ ਇਸਦੇ ਬਿਨਾ ਆਪਣੇ ਸ਼ਰੀਰ ਅਤੇ ਦਿਮਾਗ ਤੇ ਹੋਣ ਵਾਲੇ ਵਿਚਾਰ ਸ਼ਕਤੀ ਦੇ ਅਸਰ ਦਾ ਗਿਆਨ ਮੈਨੂੰ ਨਾ ਹੁੰਦਾ। ਹੁਣ ਮੈਂ ਆਪਣੇ ਵਿਚਾਰਾਂ ਨਾਲ ਆਪਣੇ ਅਨੁਕੂਲ ਲਾਭ ਉਠਾ ਸਕਦਾ ਹਾਂ। ਮੇਰਾ ਤਾ ਅਟੱਲ ਵਿਸ਼ਵਾਸ਼ ਹੈ ਕਿ ਜੀਵਨ ਦੀ ਸੁਖ ਸ਼ਾਂਤੀਂ ਪੂਰੀ ਤਰਾਂ ਸਾਡੀ ਮਾਨਸਿਕ ਅਵਸਥਾ ਤੇ ਨਿਰਭਰ ਹੈ।

# ਮੁਸ਼ਕਲਾਂ ਅੱਗੇ ਬੇਵੱਸ ਹੁੰਦਾ ਇਨਸਾਨ

ਇਹ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਇਸ ਸੰਸਾਰ 'ਚ ਕੋਈ ਇਨਸਾਨ ਮੁਸ਼ਕਿਲਾਂ ਜਾਂ ਠੋਕਰਾਂ ਦਾ ਸ਼ਿਕਾਰ ਨਾ ਹੋਇਆ ਹੋਵੇ। ਜ਼ਿੰਦਗੀ ਦਾ ਸਫਰ ਹਰ ਕੌੜੇ-ਮਿੱਠੇ ਤਜਰਬੇ ਦਾ ਅਹਿਸਾਸ ਕਰਵਾਉਂਦਿਆਂ ਨਿਰੰਤਰ ਚਲਦਾ ਹੈ। ਚੰਗਾ ਸਮਾਂ ਮਨ ਨੂੰ ਖੁਸ਼ੀ ਦਿੰਦਾ ਹੈ ਅਤੇ ਸਹਿਮੇ ਪਲ ਵਕਤੀ ਤੌਰ 'ਤੇ ਤਨ ਅਤੇ ਮਨ ਨੂੰ ਤਣਾਅਪੂਰਨ ਕਰ ਦਿੰਦੇ ਹਨ। ਇਨਸਾਨੀ ਦਿਮਾਗ ਅਤੇ ਮਨ ਦਾ ਬੋਝਲ ਹੋਣਾ ਰੋਜ਼ਾਨਾ ਖੁਦਕੁਸ਼ੀਆਂ ਦਾ ਕਾਰਨ ਬਣ ਰਿਹਾ ਹੈ। ਇਹ ਡੂੰਘੀ ਸੋਚ-ਵਿਚਾਰ ਦਾ ਵਿਸ਼ਾ ਹੈ ਕਿ ਉਹ ਵਿਅਕਤੀ ਕਿੰਨਾ ਤਣਾਅਪੂਰਨ ਹੋਵੇਗਾ, ਜਿਸ ਨੇ ਆਪਣੇ ਹੱਥੀਂ ਆਪਣੇ ਘੁੱਗ ਵਸਦੇ ਪਰਿਵਾਰਕ ਜੀਆਂ ਨੂੰ ਕਤਲ ਕਰਕੇ ਆਪ ਵੀ ਖੁਦਕੁਸ਼ੀ ਕਰ ਲਈ। ਪੈਰ-ਪੈਰ 'ਤੇ ਮੁਸ਼ਕਿਲਾਂ ਜ਼ਿੰਦਗੀ 'ਚ ਇਨਸਾਨ ਨੂੰ ਘੇਰਦੀਆਂ ਹਨ, ਇਨ੍ਹਾਂ ਤੋਂ ਤਣਾਅਗ੍ਰਸਤ ਹੋ ਕੇ ਆਪਣਾ ਘਰ ਹੀ ਉਜਾੜ ਲੈਣਾ ਕਿਥੋਂ ਦੀ ਸਿਆਣਪ ਹੈ ? ਬਹਾਦਰੀ ਸਿਰ ਚੜ੍ਹੇ ਕਰਜ਼ੇ ਤੋਂ ਘਬਰਾ ਕੇ ਖੁਦਕੁਸ਼ੀ ਕਰਨ 'ਚ ਨਹੀਂ, ਬਲਕਿ ਯਤਨ ਕਰਕੇ ਉਸ ਨੂੰ ਉਤਾਰਨ 'ਚ ਹੈ। ਜਿਊਂਦੇ ਇਨਸਾਨ 'ਚ ਅਥਾਹ ਤਾਕਤ ਹੁੰਦੀ ਹੈ, ਉਹ ਕਿਸੇ ਵੀ ਚੁਣੌਤੀ ਨੂੰ ਟੱਕਰ ਦੇ ਕੇ ਉਸ ਨੂੰ ਠੱਲ੍ਹਣ ਦੀ ਤਾਕਤ ਰੱਖਦਾ ਹੈ। ਜੇਕਰ ਮਕੜੀ ਦੁਆਰਾ ਵਾਰ-ਵਾਰ ਕੀਤੀ ਕੋਸ਼ਿਸ਼ ਤੋਂ ਸੇਧ ਲੈ ਕੇ ਇਕ ਰਾਜਾ ਆਪਣੇ ਹਾਰੇ ਹੋਏ ਰਾਜਾਂ ਨੂੰ ਦੁਬਾਰਾ ਜਿੱਤਣ ਦੀ ਨਸੀਅਤ ਲੈ ਸਕਦਾ ਹੈ ਤਾਂ ਅਜੋਕਾ ਇਨਸਾਨ ਮੁਸ਼ਕਿਲਾਂ ਤੋਂ ਘਬਰਾ ਕੇ ਪਿੜ ਛੱਡਦਾ ਚੰਗਾ ਨਹੀਂ ਲਗਦਾ। ਇਕ ਸਕੂਲ ਮਾਸਟਰ ਨੇ ਸਰਕਾਰੀ ਨੌਕਰੀ ਅਪਲਾਈ ਕਰਨ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਸ ਦੀ ਕਿਸਮਤ 'ਚ ਸਰਕਾਰੀ ਨੌਕਰੀ ਨਹੀਂ। ਉਮਰ 'ਚ ਤਕਰੀਬਨ 40 ਸਾਲ ਦਾ ਇਹ ਵਿਅਕਤੀ ਅਧਿਆਪਕ ਲੱਗਣ ਦੀ ਉਮਰ ਹੱਦ ਪਾਰ ਕਰਨ ਦੇ ਬਿਲਕੁਲ ਨਜ਼ਦੀਕ ਸੀ। ਨਾਲ ਦੇ ਦੋਸਤਾਂ ਸਾਥੀਆਂ ਨੇ ਸਮਝਾ ਬੁਝਾ ਕੇ ਉਸ ਤੋਂ ਨੌਕਰੀ ਲਈ ਅਪਲਾਈ ਕਰਵਾ ਦਿੱਤਾ। ਜ਼ਿਲ੍ਹੇ ਵਾਰ ਬਣੀ ਮੈਰਿਟ ਸੂਚੀ 'ਚ ਉਸ ਦਾ ਆਖਰੀ ਨੰਬਰ ਸੀ ਤੇ ਨੌਕਰੀ ਲੱਗਣ ਲਈ ਉਸ ਦੀ ਚੋਣ ਹੋ ਚੁੱਕੀ ਸੀ। ਇਹ ਉਸ ਲਈ ਇਕ ਚਮਤਕਾਰ ਸੀ। ਕੋਸ਼ਿਸ਼ ਕਰਨ ਨਾਲ ਹੀ ਮਿੱਥੇ ਨਿਸ਼ਾਨਿਆਂ ਦੀ ਪੂਰਤੀ ਸੰਭਵ ਹੈ। ਸੰਘਰਸ਼ ਦਾ ਪਿੜ ਛੱਡ ਕੇ ਭੱਜਣਾ ਜਾਂ ਮਰਨਾ ਕਿਸੇ ਮੁਸ਼ਕਿਲ ਦਾ ਹੱਲ ਨਹੀਂ। ਦਲੇਰ, ਸਿਰੜੀ ਅਤੇ ਹਿੰਮਤੀ ਲੋਕ ਚੁਣੌਤੀਆਂ ਨੂੰ ਚੁਣੌਤੀਆਂ ਦਿੰਦੇ ਹਨ। ਉਹ ਇਨ੍ਹਾਂ ਅੱਗੇ ਗੋਡੇ ਨਹੀਂ ਟੇਕਦੇ। ਆਪ ਖੁਦਕੁਸ਼ੀ ਕਰਕੇ ਪਿੱਛੇ ਪਰਿਵਾਰ ਨੂੰ ਛੱਡ ਜਾਣਾ ਕਿੱਥੋਂ ਦੀ ਸਮਝਦਾਰੀ ਹੈ, ਸਗੋਂ ਪਰਿਵਾਰ ਵਿਚ ਅਜਿਹਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ ਕਿ ਮੁਸ਼ਕਿਲ ਸਮੇਂ ਸਾਰਾ ਪਰਿਵਾਰ ਇਕਜੁੱਟ ਹੋ ਜਾਵੇ। ਪਰਿਵਾਰਕ ਏਕੇ ਵਾਲੇ ਮਾਹੌਲ 'ਚ ਕੋਈ ਵੀ ਤਣਅ ਪੈਦਾ ਕਰਨ ਵਾਲੀ ਔਕੜ ਜਾਂ ਮੁਸ਼ਕਿਲ ਆਪਣਾ ਆਧਾਰ ਗਵਾ ਲੈਂਦੀ ਹੈ ਅਤੇ ਹੱਸਦਾ-ਵੱਸਦਾ ਪਰਿਵਾਰ ਅਜਿਹੀ ਸਥਿਤੀ 'ਤੇ ਬੜੀ ਆਸਾਨੀ ਨਾਲ ਕਾਬੂ ਪਾ ਲੈਂਦਾ ਹੈ। ਤੱਪੜ ਧਰਤੀ ਨੂੰ ਵਾਹ ਕੇ ਜੇਕਰ ਇਨਸਾਨ ਸੁਨਹਿਰੀ ਫਸਲਾਂ ਉਗਾ ਸਕਦਾ ਹੈ ਤਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਵੀ ਉਸ ਲਈ ਕੋਈ ਬਹੁਤਾ ਔਖਾ ਨਹੀਂ। ਰੋਜ਼ਾਨਾ ਘਰਾਂ 'ਚ ਵਿਛਦੇ ਸੱਥਰ ਕੋਈ ਚੰਗਾ ਸੰਕੇਤ ਨਹੀਂ। ਅੱਜ ਬੇਵਸੀ ਦੇ ਡੂੰਘੇ ਸਮੁੰਦਰ 'ਚੋਂ ਬਾਹਰ ਆ ਕੇ ਜਿਊਣ ਦੀ ਲੋੜ ਹੈ। ਹਰ ਚਣੌਤੀ ਦਾ ਸਾਹਮਣਾ ਕਰਦੇ ਹੋਏ ਚੰਗੇ ਨਤੀਜਿਆਂ ਦੀ ਆਸ ਕਰਨੀ ਹੋਵੇਗੀ, ਤਾਂ ਹੀ ਸਕਾਰਾਤਮਿਕ ਸੋਚ ਅਤੇ ਵਿਚਾਰ ਜ਼ਿੰਦਗੀ ਨੂੰ ਨਵੀਂ ਊਰਜਾ ਦੇਣ ਲਈ ਅਹਿਮ ਕਾਰਜ ਕਰਨਗੇ।





DEEPAK BANSAL
Office : 516-218-8000
Cell : 516-304-8808
Fax : 516-218-8009
Email : deepakbansalny@gmail.com
3498Brodaway
Hicksville, NY 11801

# ਤੰਗੀ ਦੂਰ ਕਰਨ ਲਈ ਚੀਨ ਨਾਲ ਖ਼ਾਸ ਚਰਚਾ ਕਰਨਗੇ ਇਮਰਾਨ

ਇਸਲਾਮਾਬਾਦ- ਆਰਥਿਕ ਤੰਗੀ ਦੇ ਹਾਲਾਤ ਨਾਲ ਜੂਝ ਰਿਹਾ ਪਾਕਿਸਤਾਨ ਵਿਕਾਸ ਦੀ ਗਤੀ ਤੇਜ਼ ਕਰਨ ਲਈ ਚੀਨ ਦੀ ਮਦਦ ਲਵੇਗਾ। ਇਸ ਸਿਲਸਿਲੇ 'ਚ ਮੰਗਲਵਾਰ ਤੋਂ ਸ਼ੁਰੂ ਹੋ ਰਹੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਦੋ ਦਿਨਾ ਚੀਨ ਦੌਰੇ 'ਚ ਉਹ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਪ੍ਰਧਾਨ ਮੰਤਰੀ ਲੀ ਕਛਯਾਂਗ ਨਾਲ ਵੱਡੇ ਪ੍ਰਾਜੈਕਟਾਂ ਦੇ ਵਿਕਾਸ 'ਤੇ ਗੱਲ ਕਰਨਗੇ। ਇਹ ਪ੍ਰਾਜੈਕਟ ਪਣਬਿਜਲੀ, ਤੇਲ ਰਿਫਾਇਨਰੀ ਕਾਰਖਾਨੇ ਤੇ ਇਸਪਾਤ ਪਲਾਂਟ ਨਾਲ ਸਬੰਧਤ ਹੋਣਗੇ। ਇਹ ਸਭ ਚੀਨ-ਪਾਕਿ ਇਕੋਨਾਮਿਕ ਕੋਰੀਡੋਰ (ਸੀਪੀਈਸੀ) ਦਾ ਹਿੱਸਾ ਹੋਣਗੇ। ਇਮਰਾਨ ਮੰਗਲਵਾਰ ਨੂੰ ਬੀਜਿੰਗ



ਪਹੁੰਚਣਗੇ। ਉੱਥੇ ਉਹ ਚੀਨ ਦੀ ਸਿਖਰਲੀ ਲੀਡਰਸ਼ਿਪ ਨਾਲ ਖੇਤਰੀ ਤੇ ਆਪਸੀ ਸਬੰਧਾਂ 'ਤੇ ਚਰਚਾ ਕਰਨਗੇ। ਭੁਗਤਾਨ ਸੰਕਟ ਦੇ ਦੌਰ 'ਚ ਉਹ ਸੀਪੀਈਸੀ ਦੇ ਪ੍ਰਾਜੈਕਟਾਂ 'ਤੇ ਵੀ ਚੀਨੀ ਆਗੂਆਂ ਨਾਲ ਗੱਲ ਕਰਨਗੇ। ਜ਼ਿਕਰਯੋਗ ਹੈ ਕਿ ਤੰਗੀ ਦੇ ਦੌਰ 'ਚ ਪਾਕਿਸਤਾਨ ਨੂੰ ਸੀਪੀਈਸੀ ਪ੍ਰਾਜੈਕਟਾਂ 'ਤੇ ਕੰਮ ਅੱਗੇ ਵਧਾਉਣ 'ਚ ਮੁਸ਼ਕਲ ਹੋ ਰਹੀ ਹੈ। ਉਸ 'ਤੇ ਕਰਜ਼ੇ ਦਾ ਬੋਝ ਵੀ ਵਧ ਰਿਹਾ ਹੈ। ਅਜਿਹੇ 'ਚ ਪਾਕਿਸਤਾਨ ਕੁਝ ਅਜਿਹੇ ਹੀ ਉਪਯੋਗੀ ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਕਰਨਾ ਚਾਹੁੰਦਾ ਹੈ ਜਿਨ੍ਹਾਂ 'ਚ ਉਸ ਨੂੰ ਮਾਲੀਆ ਦੀ ਪ੍ਰਾਪਤੀ ਤੇ ਰੁਜ਼ਗਾਰ ਪੈਦਾ ਹੋਣ ਦੀ ਸੰਭਾਵਨਾ ਹੋਵੇ।

## ਭਿਖਾਰਨ ਦੇ ਬੈਂਕ ਖਾਤੇ 'ਚ 6.37 ਕਰੋੜ ਰੁਪਏ

ਬੇਰੁੱਤ- ਮੱਧ ਪੂਰਬੀ ਦੇਸ਼ ਲੇਬਨਾਨ ਦੀ ਇਕ ਮਹਿਲਾ ਭਿਖਾਰਨ ਇਨੀ ਦਿਨੀਂ ਸੁਰਖੀਆਂ ਵਿਚ ਹੈ । ਇਸ ਮਹਿਲਾ ਭਿਖਾਰਨ ਦੇ ਬੈਂਕ ਖਾਤੇ ਵਿਚ 6.37 ਕਰੋੜ ਰੁਪਏ ਹੋਣ ਦਾ ਖੁਲਾਸਾ ਹੋਇਆ ਹੈ । ਭਿਖਾਰਨ ਵਾਫਾ ਮੁਹੰਮਦ ਅਵਦ ਨੇ ਇਹ ਰਾਸ਼ੀ ਭੀਖ ਮੰਗ ਕੇ ਇਕੱਠੀ ਕੀਤੀ ਹੈ । ਮੀਡੀਆ ਰਿਪੋਰਟਾਂ



ਮੁਤਾਬਕ ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਵਾਫਾ ਮੁਹੰਮਦ ਆਪਣੀ ਬਚਤ ਨੂੰ ਇਕ ਬੈਂਕ ਤੋ ਦੂਜੇ ਬੈਂਕ ਵਿਚ ਟਰਾਂਸਫਰ ਕਰਨ ਲਈ ਪਹੁੰਚੀ ਸੀ । ਜਦੋਂ ਉਸ ਨੇ ਪੈਸੇ ਟਰਾਂਸਫਰ ਕਰਨ ਲਈ ਐਪਲੀਕੇਸ਼ਨ ਦਿੱਤੀ ਤਾਂ ਮੌਜੂਦਾ ਬੈਂਕ ਕੋਲ ਨਗਦੀ ਦੀ ਸਮੱਸਿਆ ਪੈਦਾ ਹੋ ਗਈ । ਵਾਫਾ ਦੇ ਦੋ ਚੈੱਕ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ । ਇਨ੍ਹਾਂ 'ਤੇ 30 ਸਤੰਬਰ, 2019 ਦੀ ਤਰੀਕ ਦਰਜ ਹੈ । ਇੱਥੇ ਦੱਸ ਦਈਏ ਕਿ ਵਾਫਾ ਸੀਦੋਨ ਸ਼ਹਿਰ ਦੀ ਰਹਿਣ ਵਾਲੀ ਹੈ ਅਤੇ ਇੱਥੋਂ ਦੇ ਇਕ ਮਸ਼ਹੂਰ ਹਸਪਤਾਲ ਸਾਹਮਣੇ ਪੂਰਾ ਦਿਨ ਭੀਖ ਮੰਗਦੀ ਹੈ । ਉਹ ਇੱਥੇ ਪਿਛਲੇ 10 ਸਾਲ ਤੋਂ ਭੀਖ ਮੰਗ ਰਹੀ ਹੈ । ਹਸਪਤਾਲ ਦੀ ਇਕ ਨਰਸ ਹਾਨਾ ਨੇ ਸਮਾਚਾਰ ਏਜੰਸੀ ਨੂੰ ਦੱਸਿਆ ਕਿ ਵਾਫਾ ਨੂੰ ਅਸੀ ਭਿਖਾਰਨ ਦੇ ਤੌਰ 'ਤੇ ਜਾਣਦੇ ਹਾਂ ।

## ਬਰਨੀ ਸੈਂਡਰਸ ਨੂੰ ਪਿਆ ਸੀ ਦਿਲ ਦਾ ਦੌਰਾ, ਹੁਣ ਠੀਕ

ਲਾਸ ਵੇਗਾਸ- ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਦੇ ਡੈਮੋਕ੍ਰੇਟਿਕ ਦਾਅਵੇਦਾਰ ਬਰਨੀ ਸੈਂਡਰਸ ਨੂੰ ਦਿਲ ਦਾ ਦੌਰਾ ਪਿਆ ਸੀ। ਹਾਲਾਂਕਿ ਉਨ੍ਹਾਂ ਦੇ ਅਭਿਆਨ ਸੰਚਾਲਕਾਂ ਨੇ ਦੱਸਿਆ ਹੈ ਕਿ ਹੁਣ ਉਹ ਸਿਹਤਮੰਦ ਹਨ ਤੇ ਹਸਪਤਾਲ ਤੋਂ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਪ੍ਰਚਾਰ ਮੁਹਿੰਮ ਦੌਰਾਨ ਛਾਤੀ 'ਚ ਦਰਦ ਤੋਂ ਬਾਅਦ 78 ਸਾਲਾ ਸੈਂਡਰਸ ਹਸਪਤਾਲ ਲਿਜਾਇਆ ਗਿਆ ਸੀ। ਉੱਥੇ ਜਾਂਚ 'ਚ ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਦੀ ਗੱਲ ਸਾਹਮਣੇ ਆਈ। ਸਟੰਟ ਲਗਾ ਕੇ ਡਾਕਟਰਾਂ ਨੇ ਉਨ੍ਹਾਂ ਦਾ ਇਲਾਜ ਕੀਤਾ। ਸੈਂਡਰਸ ਦੀ ਟੀਮ ਜਾਂ ਡਾਕਟਰਾਂ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਇਸ ਦਿਲ ਦੇ ਦੌਰੇ ਨਾਲ ਉਨ੍ਹਾਂ ਦੇ ਦਿਲ ਨੂੰ ਕੋਈ ਸਥਾਈ ਨੁਕਸਾਨ ਪੁੱਜਾ ਹੈ ਜਾਂ ਨਹੀਂ। ਸੈਂਡਰਸ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ, ਹਸਪਤਾਲ 'ਚ ਢਾਈ ਦਿਨ ਬਤੀਤ ਕਰਨ ਮਗਰੋਂ ਮੈਂ ਚੰਗਾ ਮਹਿਸੂਸ ਕਰ ਰਿਹਾ ਹਾਂ।



## ਹਾਂਗਕਾਂਗ: ਹੁਣ ਸਰਕਾਰ ਨੇ ਮਾਸਕ ਪਾਉਣ 'ਤੇ ਲਗਾਈ ਪਾਬੰਦੀ

ਹਾਂਗਕਾਂਗ-ਹਾਂਗਕਾਂਗ ਵਿਚ ਸਰਕਾਰ ਨੇ ਸ਼ੁੱਕਰਵਾਰ ਨੂੰ ਮਾਸਕ ਪਹਿਨ ਕੇ ਪ੍ਰਦਰਸ਼ਨ ਕਰਨ ਵਾਲੇ ਪ੍ਰਦਰਸ਼ਨਕਾਰੀਆਂ 'ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ । 1 ਅਕਤੂਬਰ ਨੂੰ ਚੀਨ ਦੇ ਰਾਸ਼ਟਰੀ ਦਿਵਸ ਦੌਰਾਨ ਦੇਸ਼ ਵਿਚ ਕਾਫੀ ਹਿੰਸਕ ਅੰਦੋਲਨ ਹੋਏ ਸਨ । ਇਸ ਮਗਰੋਂ ਸਰਕਾਰ ਨੇ ਇਹ ਫੈਸਲਾ ਲਿਆ ਹੈ । ਇਸ ਐਲਾਨ ਦੀ ਜਾਣਕਾਰੀ ਮੁੱਖ ਕਾਰਜਕਾਰੀ ਕੈਰੀ ਲੈਮ ਨੇ ਖੁਦ ਦਿੱਤੀ। ਉਨ੍ਹਾਂ ਨੇ ਕਿਹਾ ਕਿ ਐਮਰਜੈਂਸੀ ਨਿਯਮਾਂ ਦੇ ਆਰਡੀਨੈਂਸ ਦੇ ਤਹਿਤ ਇਹ ਆਦੇਸ਼ ਦਿੱਤਾ ਗਿਆ ਹੈ । ਕੈਰੀ ਲੈਮ ਨੂੰ ਐਮਰਜੈਂਸੀ ਜਾਂ ਜਨਤਕ ਖਤਰੇ ਦੇ ਸਮੇਂ ਵਿਚ ਕੋਈ ਵੀ ਕਾਨੂੰਨ ਬਣਾਉਣ ਦੀ ਸ਼ਕਤੀ ਮਿਲੀ ਹੋਈ ਹੈ ।ਗੌਰਤਲਬ ਹੈ ਕਿ 52 ਸਾਲਾਂ ਵਿਚ ਪਹਿਲੀ ਵਾਰ ਇਹ ਕਾਨੂੰਨ ਲਾਗੂ ਕੀਤਾ ਗਿਆ ਹੈ । ਲੈਮ ਨੇ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਨਵਾਂ ਕਾਨੂੰਨ ਨਕਾਬਪੋਸ਼ ਹਿੰਸਕ ਪ੍ਰਦਰਸ਼ਨਕਾਰੀਆਂ ਅਤੇ ਦੰਗਾ ਕਰਨ ਵਾਲਿਆਂ ਵਿਰੁੱਧ ਇਕ ਹਾਨੀਕਾਰਕ ਪ੍ਰਭਾਵ ਪੈਦਾ ਕਰੇਗਾ ਅਤੇ ਪੁਲਸ ਨੂੰ ਇਸ ਦੇ ਕਾਨੂੰਨ ਲਾਗੂ ਕਰਨ ਵਿਚ ਮਦਦ ਕਰੇਗਾ । ਉਨ੍ਹਾਂ ਨੇ ਅੱਗੇ ਕਿਹਾ ਕਿ ਆਰਡੀਨੈਂਸ ਦਾ ਸਿਰਲੇਖ ਐਮਰਜੈਂਸੀ ਹੈ ਪਰ ਹਾਂਗਕਾਂਗ ਐਮਰਜੈਂਸੀ ਸਥਿਤੀ ਵਿਚ ਨਹੀਂ ਹੈ । ਇਕ



ਸਰਜੀਕਲ ਮਾਸਕ ਪਹਿਨੇ ਇਕ 34 ਸਾਲਾ ਕਰਮੀ ਮੈਰੀ ਨੇ ਏ.ਐੱਫ.ਪੀ. ਨੂੰ ਦੱਸਿਆ ਕਿ ਨੌਜਵਾਨ ਆਪਣੀ ਜਾਨ ਖਤਰੇ ਵਿਚ ਪਾ ਕੇ 10 ਸਾਲ ਤੱਕ ਜੇਲ ਵਿਚ ਬੰਦ ਰਹਿਣ ਲਈ ਤਿਆਰ ਹਨ। ਇਸ ਲਈ ਮਾਸਕ ਪਾਉਣਾ ਕੋਈ ਸਮੱਸਿਆ ਨਹੀਂ ਹੈ।

## ਕਲਕੀ ਕੋਚਲਿਨ ਦਾ ਪੜਦਾਦਾ ਸੀ ਆਇਫਲ ਟਾਵਰ ਦੇ ਮੁੱਖ ਇੰਜੀਨੀਅਰ

ਮੁੰਬਈ- 'ਦੇਵ ਡੀ' ਨਾਲ ਬਾਲੀਵੁੱਡ 'ਚ ਆਗਾਜ਼ ਕਰਨ ਵਾਲੀ ਖ਼ੂਬਸੂਰਤ ਅਦਾਕਾਰਾ ਕਲਕੀ ਕੋਚਲਿਨ ਜੋ ਕਿ ਬਹੁਤ ਜਲਦ ਮਾਂ ਬਣਨ ਵਾਲੀ ਹੈ। ਜੀ ਹਾਂ, ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਪ੍ਰੈਗਨੈਂਸੀ ਦੀ ਖਬਰ ਨੂੰ ਸ਼ੇਅਰ ਕਰਦਿਆਂ ਇਕ ਤਸਵੀਰ ਸਾਂਝੀ ਕੀਤੀ ਹੈ ।ਅਦਾਕਾਰਾ ਆਪਣੇ ਬੁਆਏਫ੍ਰੈਂਡ ਗਾਏ ਹਰਸ਼ਬਰਗ ਨਾਲ ਆਪਣੇ ਬੱਚੇ ਦੇ ਸਵਾਗਤ ਲਈ ਉਤਸੁਕ ਹੈ। ਸਾਲ 2011 'ਚ ਉਨ੍ਹਾਂ ਨੇ ਬਾਲੀਵੁੱਡ ਫਿਲਮ ਮੇਕਰ ਅਨੁਰਾਗ ਕਸ਼ਯਪ ਨਾਲ ਵਿਆਹ ਕਰਵਾ ਲਿਆ ਸੀ ਪਰ ਦੋਵਾਂ ਦਾ ਵਿਆਹ ਜ਼ਿਆਦਾ ਦੇਰ ਟਿਕ ਨਹੀਂ ਸਕਿਆ ਤੇ 2015 'ਚ ਦੋਵਾਂ ਨੇ ਵੱਖ ਹੋਣ ਦਾ ਫੈਸਲਾ ਕਰ ਲਿਆ ਸੀ ।ਦੱਸ ਦਈਏ ਕਿ ਕਲਕੀ ਕੋਚਲਿਨ ਦੇ ਪੜਦਾਦੇ ਦਾ ਆਇਫਲ ਟਾਵਰ ਤੇ ਸਟੈਚੂ ਆਫ ਲਿਬਰਟੀ 'ਚ ਉਨ੍ਹਾਂ ਦਾ ਖਾਸ ਯੋਗਦਾਨ ਰਿਹਾ ਸੀ। ਉਹ ਪੈਰਿਸ ਦੇ ਆਇਫਲ ਟਾਵਰ ਦੇ ਮੁੱਖ ਇੰਜੀਨੀਅਰ ਸਨ। ਕਲਕੀ ਕੋਚਲਿਨ ਦੀ ਤਾਂ ਉਹ ਲਾਸਟ ਵਾਰ ਬਾਲੀਵੁੱਡ ਫਿਲਮ 'ਗਲੀ ਬੁਆਏ' 'ਚ ਨਜ਼ਰ ਆਏ ਸਨ।



## ਆਸਟ੍ਰੇਲੀਆ: ਪੰਜਾਬੀ ਨੌਜਵਾਨਾਂ ਨੂੰ ਚੋਰੀ ਦੇ ਦੋਸ਼ਾਂ 'ਚ ਹੋਈ ਸਜ਼ਾ

ਸਿਡਨੀ-:ਆਸਟ੍ਰੇਲੀਆ 'ਚ ਚੋਰੀਆਂ ਕਰਨ ਦੇ ਮਾਮਲੇ 'ਚ ਫੈਡਰਲ ਪੁਲਿਸ ਵਲੋਂ ਪਿਛਲੇ ਸਾਲ ਫੜੇ ਗਏ ਤਿੰਨ ਪੰਜਾਬੀ ਨੌਜਵਾਨਾਂ 'ਚੋਂ ਇਕ ਨਵਜਿੰਦਰ ਸਿੰਘ ਨੂੰ ਅਦਾਲਤ ਨੇ 18 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਚੋਰੀ ਦੇ ਮਾਮਲੇ 'ਚ ਫੜੇ ਗਏ ਦੂਜੇ ਦੋ ਨੌਜਵਾਨਾਂ ਦੀ ਸ਼ਨਾਖਤ ਹਰਦੀਪ ਸਿੰਘ ਤੇ ਗੁਰਵਿੰਦਰ ਸਿੰਘ ਗਿੱਲ ਵਜੋਂ ਹੋਈ। ਇਹ ਸਾਰੇ ਪੜ੍ਹਾਈ ਦੇ ਵੀਜ਼ੇ 'ਤੇ ਆਸਟ੍ਰੇਲੀਆ ਆਏ ਸਨ ।ਅਦਾਲਤ ਨੇ ਮੁਲਜ਼ਮ ਨੂੰ ਸਜ਼ਾ ਕੱਟਣ ਤੋਂ ਬਾਅਦ ਦੇਸ਼ ਨਿਕਾਲਾ ਦੇਣ ਦਾ ਵੀ ਸਖ਼ਤ ਹੁਕਮ ਸੁਣਾਇਆ। ਅਦਾਲਤ 'ਚ ਦੋਸ਼ ਸਾਬਤ ਹੋਇਆ ਕਿ ਨਵਜਿੰਦਰ ਨੇ ਵੱਖ-ਵੱਖ ਗੁਦਾਮਾਂ 'ਚੋਂ ਬੇਬੀ ਫਾਰਮੂਲਾ ਦੇ ਟੀਨ ਤੇ ਵਿਟਾਮਿਨ ਚੋਰੀ ਕੀਤੇ। ਇਹ ਫਾਰਮੂਲਾ ਬੱਚਿਆਂ ਦੇ ਪੌਸ਼ਟਿਕ ਆਹਾਰ ਵਜੋਂ ਜਾਣਿਆ ਜਾਂਦਾ ਹੈ। ਇਸ ਸੁੱਕੇ ਦੁੱਧ ਦੀ ਚੀਨ ਤੇ ਹੋਰ ਦੇਸ਼ਾਂ ਨੂੰ ਸਮਗਲਿੰਗ ਹੁੰਦੀ ਹੈ।

## ਪੋਪ ਨੇ ਅਮੇਜ਼ਨ ਜੰਗਲਾਂ ਦੀ ਅੱਗ ਲਈ ਵਿਨਾਸ਼ਕਾਰੀ ਹਿੱਤਾਂ ਨੂੰ ਦੱਸਿਆ ਜ਼ਿੰਮੇਦਾਰ

ਵੈਟਿਕਨ ਸਿਟੀ-ਪੋਪ ਫ੍ਰਾਂਸਿਸ ਨੇ ਅਮੇਜ਼ਨ ਖੇਤਰ 'ਚ ਰਹਿਣ ਵਾਲੇ ਗਰੀਬ ਤੇ ਮੂਲ ਨਿਵਾਸੀਆਂ ਦੀ ਐਤਵਾਰ ਨੂੰ ਪੈਰਵੀ ਕੀਤੀ ਤੇ ਇਸ ਇਲਾਕੇ ਨੂੰ ਤਬਾਹ ਕਰਨ ਵਾਲੀ ਅੱਗ ਲਈ ਜ਼ਿੰਮੇਦਾਰ ਰਹੇ ਵਿਨਾਸ਼ਕਾਰੀ ਹਿੱਤਾਂ ਦੀ ਨਿੰਦਾ ਕੀਤੀ ।ਪੋਪ ਨੇ ਅਮੇਜ਼ੋਨੀਆ ਖੇਤਰ ਦੇ 9 ਦੇਸ਼ਾਂ ਦੇ ਬਿਸ਼ਪਾਂ ਤੇ ਮੂਲ ਨਿਵਾਸੀਆਂ ਦੇ ਪ੍ਰਤੀਨਿਧੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਹਿੱਤਾਂ ਦੇ ਲਈ ਲਗਾਈ ਗਈ ਅੱਗ ਬਰਬਾਦੀ ਲਿਆਉਂਦੀ ਹੈ, ਜਿਵੇਂ ਕਿ ਹਾਲ 'ਚ ਅਮੇਜ਼ੋਨੀਆ ਦੀ ਅੱਗ ਕਾਰਨ ਹੋਈ। ਇਹ ਧਰਮ ਸਿਧਾਂਤਾਂ ਵਾਲੀ ਅੱਗ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਈਸ਼ਵਰ ਵਲੋਂ ਦਿੱਤੀ ਗਈ ਅਗਨੀ ਗਰਮਾਹਟ ਦਿੰਦੀ ਹੈ। ਦੂਜੇ ਪਾਸੇ ਵਿਨਾਸ਼ਕਾਰੀ ਇਹ ਅੱਗ ਉਸ ਵੇਲੇ ਭੜਕ ਉਠਦੀ ਹੈ ਜਦੋਂ ਲੋਕ ਸਿਰਫ ਆਪਣੇ ਤੇ ਖੁਦ ਦੇ ਸਮੂਹ ਦੇ ਵਿਚਾਰਾਂ ਨੂੰ ਬੜ੍ਹਾਵਾ ਦੇਣਾ ਚਾਹੁੰਦੇ ਹਨ।

## ਨਿਊਜ਼ੀਲੈਂਡ ਨੇ ਨਵੀਂ ਐਲਾਨੀ ਮਾਪਿਆਂ ਲਈ ਵੀਜ਼ਾ ਪਾਲਿਸੀ

ਔਕਲੈਂਡ- ਨਿਊਜ਼ੀਲੈਂਡ ਇਮੀਗ੍ਰੇਸ਼ਨ ਦੇ ਜਿੱਥੇ ਅੱਜ ਵੱਡੇ ਪੱਧਰ ਉੱਤੇ ਨਿਯਮ ਬਦਲ ਹੋ ਰਹੇ ਹਨ ਉਥੇ ਇਮੀਗ੍ਰੇਸ਼ਨ ਮੰਤਰੀ ਨੇ ਅੱਜ ਐਲਾਨ ਕੀਤਾ ਹੈ ਕਿ ਫਰਵਰੀ 2020 ਦੇ ਵਿਚ ਮਾਪਿਆਂ ਦੀ ਵੀਜ਼ਾ ਸ਼੍ਰੇਣੀ ਮੁੜ ਦੁਬਾਰਾ ਨਵੇਂ ਆਰਥਿਕ ਮਾਪਦੰਢਾਂ ਦੇ ਅਧਾਰ ਉੱਤੇ ਖੋਲ੍ਹੀ ਜਾਵੇਗੀ। ਆਰਥਿਕ ਮਾਪਦੰਢ ਇਸ ਤਰ੍ਹਾਂ ਹੋਣੇ ਚਾਹੀਦੇ ਹਨ ਜਿਵੇਂ -ਇਕ ਸਪਾਂਸਰ ਨਿਊਜ਼ੀਲੈਂਡ ਵਾਸੀ ਹੋਵੇ ਤਾਂ ਇਕ ਮਾਤਾ ਜਾਂ ਪਿਤਾ ਨੂੰ ਪੱਕੇ ਤੌਰ 'ਤੇ ਬੁਲਾਉਣ ਵਾਸਤੇ ਉਸਦੀ ਤਨਖਾਹ 1,06,080 ਡਾਲਰ ਚਾਹੀਦੀ ਹੈ ਜਦ ਕਿ ਪਹਿਲਾਂ ਇਹ 65,000 ਡਾਲਰ ਰੱਖੀ ਗਈ ਸੀ। ਨਿਊਜ਼ੀਲੈਂਡ 'ਚ ਪ੍ਰਤੀ ਵਿਅਕਤੀ ਔਸਤਨ




ਸਲਾਨਾ ਤਨਖਾਹ 53,040 ਡਾਲਰ ਹੈ ਅਤੇ ਇਸ ਹਿਸਾਬ ਨਾਲ ਇਹ ਦੁੱਗਣੀ ਕਰ ਦਿੱਤੀ ਗਈ ਹੈ ਤਾਂ ਇਹ ਇਕ ਵਿਅਕਤੀ ਦੂਜੇ ਵ੍ਯਿਅਕਤੀ ਦਾ ਉਸੇ ਅਨੁਪਾਤ ਵਿਚ ਖਰਚਾ ਚੁੱਕ ਸਕੇ। ਇਸੀ ਤਰ੍ਹਾਂ ਇਕ ਸਪਾਂਸਰ ਹੋਵੇ ਅਤੇ ਉਹ ਆਪਣੇ ਮਾਤਾ ਪਿਤਾ ਦੋਵਾਂ ਨੂੰ ਇਥੇ ਮੰਗਵਾ ਰਿਹਾ ਹੋਵੇ ਤਾਂ ਤਨਖਾਹ 159,120 ਡਾਲਰ ਸਲਾਨਾ ਚਾਹੀਦੀ ਹੈ ਜੋ ਕਿ ਔਸਤਨ ਦਾ ਤਿੰਨ ਗੁਣਾ ਹੈ। ਇਸੀ ਤਰ੍ਹਾਂ ਸਪਾਂਸਰ ਅਤੇ ਉਸਦੇ ਪਾਰਟਨਰ ਵੱਲੋਂ ਇਕ ਮਾਤਾ ਜਾਂ ਪਿਤਾ ਨੂੰ ਮੰਗਵਾਉਣ ਹੋਵੇ ਤਾਂ 159,120 ਡਾਲਰ ਤਨਖਾਹ ਹੋਣੀ ਚਾਹੀਦੀ ਹੈ ਜੋ ਕਿ ਔਸਤਨ ਦਾ ਤਿੰਨ ਗੁਣਾ ਹੈ। ਪਹਿਲਾਂ ਇਹ ਰਕਮ 90,000 ਡਾਲਰ ਸੀ। ਸਪਾਂਸਰ ਅਤੇ ਪਾਰਟਨਰ ਵੱਲੋਂ ਮਾਤਾ-ਪਿਤਾ ਦੋਵਾਂ ਲਈ ਤਨਖਾਹ 2,12,160 ਡਾਲਰ ਨਿਰਧਾਰਤ ਕਰ ਦਿੱਤੀ ਗਈ ਹੈ, ਜੋ ਕਿ ਔਸਤਨ ਦਾ ਚਾਰ ਗੁਣਾ ਹੈ। ਐਕਸਪ੍ਰੈਸ਼ਨ ਆਫ ਇੰਟਰਸਟ (ਈ. ਓ.ਆਈ) ਹੁਣ ਲੈਣੇ ਬੰਦ ਕਰ ਦਿੱਤੇ ਹਨ ਅਤੇ ਇਹ ਦੁਬਾਰਾ ਨਵਾਂ ਵੀਜ਼ਾ ਖੁੱਲ੍ਹਣ ਉਤੇ ਲਏ ਜਾਣਗੇ ਅਤੇ ਮਈ ਦੇ ਵਿਚ ਅਰਜ਼ੀਆਂ ਦੀ ਚੋਣ ਹੋਵੇਗੀ।

# ਕਦੇ ਵਿਹਲੀਆਂ ਗੱਲਾਂ ਵੀ ਕਰ ਲਿਆ ਕਰੋ...



✿ ਮਾਸਟਰ ਸੰਜੀਵ ਧਰਮਾਣੀ

ਵਿਹਲੀਆਂ ਗੱਲਾਂ ਕਰਨਾ ਕਦੇ ਮਨੁੱਖ ਦੀ ਫਿਤਰਤ ਹੁੰਦੀ ਸੀ ਜੋ ਜ਼ਿੰਦਗੀ ਜਿਊਣ ਲਈ ਬਹੁਤ ਜ਼ਰੂਰੀ ਸਮਝੀਆਂ ਜਾਂਦੀਆਂ ਸਨ। ਵਿਹਲੀਆਂ ਗੱਲਾਂ ਕਰਨ ਨਾਲ ਕੁੱਝ ਨਾ ਕੁੱਝ ਸਿੱਖਣ- ਸਮਝਣ ਨੂੰ ਮਿਲ ਜਾਂਦਾ ਸੀ। ਪਹਿਲੇ ਸਮੇਂ ਹਾਸਾ-ਠੱਠਾ ਕਰਕੇ ਕਈ ਤਰ੍ਹਾਂ ਦੀਆਂ ਮਾਨਸਿਕ-ਸਰੀਰਿਕ ਬਿਮਾਰੀਆਂ ਤੋਂ ਮਨੁੱਖ ਬਚਿਆ ਰਹਿੰਦਾ ਸੀ। ਇੱਕ-ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਕੇ ਮਨੁੱਖ ਆਪਣਾ ਦੁੱਖ-ਸੁੱਖ ਸਾਂਝਾ ਕਰ ਲੈਂਦਾ ਸੀ ਅਤੇ ਹੀਣਭਾਵਨਾ, ਅਵਿਸ਼ਵਾਸ, ਪ੍ਰੇਸ਼ਾਨੀ, ਤਣਾਅ, ਆਤਮ-ਹੱਤਿਆ ਆਦਿ ਕੁਪ੍ਰਵਿਰਤੀਆਂ ਤੋਂ ਆਪਣਾ ਬਚਾਅ ਕਰ ਲੈਂਦਾ ਸੀ। ਵਿਹਲੀਆਂ ਗੱਲਾਂ ਕਰਕੇ ਇੱਕ ਦੂਜੇ ਨਾਲ ਤਜਰਬੇ ਸਾਂਝੇ ਹੋ ਜਾਂਦੇ ਸਨ ਜੋ ਜ਼ਿੰਦਗੀ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹੁੰਦੇ ਹਨ। ਇਸ ਨਾਲ ਮਨੁੱਖ ਦੀ ਸੋਚ ਵਿਸ਼ਾਲ ਹੋ ਜਾਂਦੀ ਸੀ।

ਲੋਕ ਆਪਸ ਵਿੱਚ ਕੁੱਝ ਸਮਾਂ ਇਕੱਠੇ ਬੈਠ ਕੇ ਭਾਈਚਾਰਕ ਸਾਂਝ ਵੀ ਕਾਇਮ ਰੱਖਦੇ ਸਨ। ਵਿਹਲੀਆਂ ਗੱਲਾਂ ਕਰਕੇ ਮਨੁੱਖ ਦਾ ਮਨ ਵੀ ਭਾਰ ਮੁਕਤ ਹੋ ਜਾਂਦਾ ਸੀ ਅਤੇ ਜ਼ਿੰਦਗੀ ਦੀਆਂ ਔਖਿਆਈਆਂ ਨੂੰ ਪਾਰ ਕਰਨ ਲਈ ਹੌਸਲਾ ਤੇ ਉਤਸ਼ਾਹ ਮਿਲਦਾ ਸੀ। ਇਸ ਕਰਕੇ ਆਪਸੀ ਪ੍ਰੇਮ-ਪਿਆਰ, ਸਮਾਜਿਕ ਏਕਤਾ, ਸਾਂਝੀਵਾਲਤਾ, ਜਾਣਕਾਰੀ ਅਤੇ ਮਿਲਵਰਤਨ ਵਿੱਚ ਵਾਧਾ ਹੁੰਦਾ ਸੀ। ਸੁਭਾਅ ਵਿੱਚ ਦੂਜਿਆਂ ਨੂੰ ਸੁਣਨ ਦੀ ਪ੍ਰਵਿਰਤੀ ਪੈਦਾ ਹੁੰਦੀ ਸੀ ਅਤੇ ਮੁਸੀਬਤਾਂ ਭਰੀ ਜ਼ਿੰਦਗੀ ਵੀ ਸਰਲ ਤੇ ਸਮਰਿੱਧ ਜਾਪਦੀ ਹੁੰਦੀ ਸੀ। ਮਨੁੱਖ ਵਿਹਲੀਆਂ ਗੱਲਾਂ ਕਰਕੇ ਆਪਣੇ ਮਨ ਨੂੰ ਗ਼ੈਰਵਾਜਬ, ਗ਼ੈਰ ਸਮਾਜਿਕ ਤੇ ਗ਼ਲਤ ਮੰਨੇ ਜਾਣ ਵਾਲੇ ਵਿਚਾਰਾਂ ਅਤੇ ਕੰਮਾਂ ਤੋਂ ਵੀ ਬਚਾ ਕੇ ਰੱਖਦਾ ਸੀ। ਆਪਸ ਵਿੱਚ ਇਕੱਠੇ ਹੋ ਕੇ ਇੱਕ ਥਾਂ ਬੈਠ ਕੇ ਗੱਲਾਂ ਬਾਤਾਂ ਕਰਨਾ, ਹਾਸੇ ਹੱਸਣੇ ਇਸ ਸਭ ਦਾ ਅਲੱਗ ਹੀ ਆਨੰਦ ਹੁੰਦਾ ਸੀ। ਵਿਹਲੀਆਂ ਗੱਲਾਂ ਵਿੱਚੋਂ ਹੀ ਔਕੜਾਂ ਭਰੇ ਸਮੇਂ ਵਿੱਚੋਂ ਸਫਲ ਹੋ ਕੇ ਨਿਕਲਣ ਦਾ ਗਿਆਨ ਅਤੇ ਸੂਝ ਮਿਲਦੀ ਸੀ। ਹਾਸੇ-ਠੱਠੇ ਕਰਨ ਨਾਲ ਫੇਫੜਿਆਂ ਦੀ ਕਸਰਤ ਵੀ ਅਣਜਾਣੇ ਵਿੱਚ ਹੀ ਹੋ ਜਾਂਦੀ ਹੈ, ਪਰ ਅੱਜ ਮਨੁੱਖ ਕੋਲ ਦੌੜ-ਭੱਜ ਹੀ ਰਹਿ ਗਈ ਹੈ। ਵਿਹਲੀਆਂ ਗੱਲਾਂ ਲਈ ਤਾਂ ਸਮਾਂ ਹੀ ਨਹੀਂ ਹੈ। ਮਨੁੱਖ ਦੀ ਸੋਚ, ਪ੍ਰਵਿਰਤੀ ਤੇ ਕੰਮ ਬਦਲ ਗਏ ਹਨ। ਅੱਜ ਜ਼ਿਆਦਾਤਰ ਪੜ੍ਹਿਆ-ਲਿਖਿਆ ਵਰਗ ਵਿਹਲੀਆਂ ਗੱਲਾਂ ਤੋਂ ਜਾਂ ਤਾਂ ਅਣਜਾਣ ਹੈ ਜਾਂ ਫਿਰ ਇਸ ਨੂੰ ਗਵਾਰਪੁਣਾ, ਅਸੱਭਿਅਤਾ ਅਤੇ ਸਮਾਜਿਕਤਾ ਨਾਲ ਜੋੜ ਕੇ ਵੇਖਦਾ ਹੈ। ਅੱਜ ਦਾ ਮਨੁੱਖ ਆਪਣੀ ਗੱਲ ਸੁਣਾਉਣ ਨੂੰ ਤਰਜੀਹ ਦਿੰਦਾ ਹੈ, ਦੂਜਿਆਂ ਨੂੰ ਸੁਣਨਾ ਉਸ ਲਈ ਔਖਾ ਹੁੰਦਾ ਜਾ ਰਿਹਾ ਹੈ। ਖੁੱਲ੍ਹ ਕੇ ਹੱਸਣ ਦੀ ਥਾਂ ਅੱਜ ਹਲਕੀ ਮੁਸਕਰਾਹਟ ਨੇ ਲੈ ਲਈ ਹੈ। ਜ਼ਿੰਦਗੀ ਵਿਖਾਵਾ ਬਣਦੀ ਜਾ ਰਹੀ ਹੈ। ਮਨੁੱਖ ਦੀ ਜ਼ਿੰਦਗੀ ਦੋ ਪੱਖੀ ਹੁੰਦੀ ਜਾ ਰਹੀ ਹੈ: ਇੱਕ ਵਿਖਾਉਣ ਲਈ ਤੇ ਦੂਜੀ ਹੰਢਾਉਣ ਲਈ। ਸਾਦਾ ਜੀਵਨ ਤਾਂ ਮਨੁੱਖ ਤੋਂ ਦੂਰ ਹੁੰਦਾ ਜਾ ਰਿਹਾ ਹੈ। ਵਿਹਲੀਆਂ ਗੱਲਾਂ ਨੂੰ ਵਿਸਾਰਨ ਕਰਕੇ ਹੀ ਅੱਜ ਸਾਡੇ ਸਮਾਜਿਕ ਵਰਤਾਰੇ ਵਿੱਚ ਵਿਗਾੜ ਤੇ ਨਿਘਾਰ ਆ ਰਿਹਾ ਹੈ। ਵਿਹਲੀਆਂ ਗੱਲਾਂ ਨਾ ਕਰਨ ਕਰਕੇ ਮਨੁੱਖ ਵਿੱਚ ਤਣਾਅ, ਚਿੜਚੜਾਪਣ, ਅਸਮਾਜਿਕਤਾ ਤੇ ਅਨੈਤਿਕਤਾ ਭਾਰੂ ਹੁੰਦੀ ਜਾ ਰਹੀ ਹੈ। ਅੱਜ ਮਨੁੱਖ ਕੋਲ ਸਿਰਫ਼ ਦੋ ਚੀਜ਼ਾਂ ਲਈ ਹੀ ਸਮਾਂ ਹੈ : ਪਹਿਲਾ ਟੈਲੀਵਿਜ਼ਨ ਸਾਹਮਣੇ ਬੈਠ ਕੇ ਬੁੱਧੂ ਬਣਨ ਲਈ ਅਤੇ ਦੂਜਾ ਮੋਬਾਈਲ ਫੋਨ, ਇੰਟਰਨੈੱਟ ਅਤੇ ਵਟਸਐਪ, ਫੇਸਬੁੱਕ ਆਦਿ ਲਈ ਮਾਨਸਿਕ ਤੌਰ ’ਤੇ ਬਿਮਾਰ ਹੋਣ ਲਈ। ਸੋ ਲੋੜ ਹੈ ਪਰਿਵਾਰ ਅਤੇ ਸਮਾਜ ਵਿੱਚ ਆਪਸ ਵਿੱਚ ਇਕੱਠੇ ਹੋ ਕੇ ਵਿਹਲੀਆਂ ਗੱਲਾਂ ਕਰਨ ਲਈ ਸਮਾਂ ਦੇਣ ਦੀ ਤਾਂ ਜੋ ਪਹਿਲਾਂ ਵਾਂਗ ਸੁੱਘੜ, ਸੁਚੱਜਾ ਅਤੇ ਸੱਭਿਅਕ ਸਮਾਜ ਮੁੜ ਸਿਰਜਿਆ ਜਾ ਸਕੇ ਅਤੇ ਮਨੁੱਖ ਦੀ ਸੋਚ ਇੱਕ ਦਾਇਰੇ ਤਕ ਸੀਮਤ ਨਾ ਹੋ ਕੇ ਵਿਸ਼ਾਲ ਬਣੇ। ਇਸ ਨਾਲ ਮਨੁੱਖ ਮਾਨਸਿਕ ਤੇ ਸਰੀਰਿਕ ਪੱਖੋਂ ਖ਼ੁਸ਼ਹਾਲ ਹੋ ਸਕਦਾ ਹੈ।

ਹਾਸੇ-ਠੱਠੇ ਕਰਨ ਨਾਲ ਫੇਫੜਿਆਂ ਦੀ ਕਸਰਤ ਵੀ ਅਣਜਾਣੇ ਵਿੱਚ ਹੀ ਹੋ ਜਾਂਦੀ ਹੈ, ਪਰ ਅੱਜ ਮਨੁੱਖ ਕੋਲ ਦੌੜ-ਭੱਜ ਹੀ ਰਹਿ ਗਈ ਹੈ। ਵਿਹਲੀਆਂ ਗੱਲਾਂ ਲਈ ਤਾਂ ਸਮਾਂ ਹੀ ਨਹੀਂ ਹੈ। ਮਨੁੱਖ ਦੀ ਸੋਚ, ਪ੍ਰਵਿਰਤੀ ਤੇ ਕੰਮ ਬਦਲ ਗਏ ਹਨ। ਅੱਜ ਜ਼ਿਆਦਾਤਰ ਪੜ੍ਹਿਆ-ਲਿਖਿਆ ਵਰਗ ਵਿਹਲੀਆਂ ਗੱਲਾਂ ਤੋਂ ਜਾਂ ਤਾਂ ਅਣਜਾਣ ਹੈ ਜਾਂ ਫਿਰ ਇਸ ਨੂੰ ਗਵਾਰਪੁਣਾ, ਅਸੱਭਿਅਤਾ ਅਤੇ ਸਮਾਜਿਕਤਾ ਨਾਲ ਜੋੜ ਕੇ ਵੇਖਦਾ ਹੈ। ਅੱਜ ਦਾ ਮਨੁੱਖ ਆਪਣੀ ਗੱਲ ਸੁਣਾਉਣ ਨੂੰ ਤਰਜੀਹ ਦਿੰਦਾ ਹੈ, ਦੂਜਿਆਂ ਨੂੰ ਸੁਣਨਾ ਉਸ ਲਈ ਔਖਾ ਹੁੰਦਾ ਜਾ ਰਿਹਾ ਹੈ। ਖੁੱਲ੍ਹ ਕੇ ਹੱਸਣ ਦੀ ਥਾਂ ਅੱਜ ਹਲਕੀ ਮੁਸਕਰਾਹਟ ਨੇ ਲੈ ਲਈ ਹੈ। ਜ਼ਿੰਦਗੀ ਵਿਖਾਵਾ ਬਣਦੀ ਜਾ ਰਹੀ ਹੈ। ਮਨੁੱਖ ਦੀ ਜ਼ਿੰਦਗੀ ਦੋ ਪੱਖੀ ਹੁੰਦੀ ਜਾ ਰਹੀ ਹੈ: ਇੱਕ ਵਿਖਾਉਣ ਲਈ ਤੇ ਦੂਜੀ ਹੰਢਾਉਣ ਲਈ।



## ਪੰਜਾਬੀ ਵਿਰਸਾ

# ਖਾਰੇ ਚੜ੍ਹਾਉਣ ਦੀਆਂ ਰਸਮਾਂ

✿ ਹਰਮੇਸ਼ ਕੌਰ ਯੋਧੇ

ਪੰਜਾਬੀ ਸਮਾਜ ਨੇ ਵਿਆਹ ਦੇ ਜਸ਼ਨਾਂ ਨੂੰ ਹਮੇਸ਼ਾਂ ਹੀ ਤਿਉਹਾਰ ਵਾਂਗ ਮਨਾਇਆ ਹੈ। ਚਾਵਾਂ ਸੱਧਰਾਂ ਨਾਲ ਭਰਿਆ ਵਿਆਹ ਵਾਲਾ ਘਰ ਖ਼ੂਬਸੂਰਤ ਰਸਮਾਂ ਤੇ ਮੌਕੇ ਦੀ ਨਜ਼ਾਕਤ ਨੂੰ ਪੇਸ਼ ਕਰਦੇ ਗੀਤਾਂ ਦੀ ਛਹਿਬਰ ਵਿੱਚ ਨਿੱਘੀਆਂ ਯਾਦਾਂ ਦਾ ਹਿੱਸਾ ਬਣ ਕੇ ਰਹਿ ਜਾਂਦਾ ਹੈ। ਸਾਡੇ ਪੇਂਡੂ ਸਮਾਜ ਵਿੱਚ ਵਿਆਹ ਦੇ ਸ਼ਗਨਾਂ ਦਾ ਆਰੰਭ ਦੋ ਹਫ਼ਤੇ ਪਹਿਲਾਂ ਹੀ ਹੋ ਜਾਂਦਾ ਹੈ ਜਦੋਂ ਪਰਿਵਾਰ ਦੀਆਂ ਔਰਤਾਂ, ਗੁਆਂਢਣਾਂ ਤੇ ਸ਼ਰੀਕਣੀਆਂ ਗੀਤਾਂ ਦੀਆਂ ਹੇਕਾਂ ਨਾਲ ਖ਼ੁਸ਼ੀ ਵਿੱਚ ਦੂਣ-ਸਵਾਇਆ ਵਾਧਾ ਕਰਨ ਲੱਗਦੀਆਂ ਹਨ। ਵਿਆਹ ਤੋਂ ਤਿੰਨ ਦਿਨ ਪਹਿਲਾਂ ਕੁੜੀ ਨੂੰ ਤੇ ਪੰਜ ਦਿਨ ਪਹਿਲਾਂ ਮੁੰਡੇ ਨੂੰ ਵਟਣਾ ਮਲਣ ਦੀ ਰਸਮ ਸ਼ੁਰੂ ਹੁੰਦੀ ਹੈ। ਇਸ ਰਸਮ ਦੀ ਸ਼ੁਰੂਆਤ ਦੁਪਹਿਰ ਵੇਲੇ ਹੁੰਦੀ ਹੈ। ਘਰ ਦੇ ਖੁੱਲ੍ਹੇ ਵਿਹੜੇ ਵਿੱਚ ਗੋਕੇ ਪਸ਼ੂ ਦੇ ਗੋਹੇ ਨਾਲ ਪੋਚਾ ਫੇਰ ਕੇ ਉੱਪਰ ਆਟੇ ਨਾਲ ਸਵਾਸਤਿਕਾ ਦਾ ਨਿਸ਼ਾਨ ਪਾਇਆ ਜਾਂਦਾ, ਜਿਸ ਨੂੰ ਚੌਕ ਪੂਰਨਾ ਕਹਿੰਦੇ ਹਨ। ਉਸ ਉੱਪਰ ਲੱਕੜੀ ਦੀ ਪਟੜੀ, ਜਿਸ ਉੱਪਰ ਮੌਲੀ ਤੇ ਕੌਡੀ ਬੰਨ੍ਹੀ ਹੁੰਦੀ, ਰੱਖੀ ਜਾਂਦੀ ਹੈ। ਰਸਮ ਦੀ ਸ਼ੁਰੂਆਤ ਵਜੋਂ ਕੁੜੀ ਨੂੰ ਉਸ ਦਾ ਮਾਮਾ ਜਾਂ ਵੀਰ ਬਾਂਹ ਫੜ ਕੇ ਲਿਆਉਂਦਾ ਹੈ ਤੇ ਉਸ ਨੂੰ ਉੱਪਰ ਬਿਠਾਇਆ ਜਾਂਦਾ ਹੈ। ਆਸੇ-ਪਾਸੇ ਗੋਲ ਦਾਇਰੇ ਵਿੱਚ ਔਰਤਾਂ ਉੱਪਰ ਕਢਾਈ ਵਾਲਾ ਪਾਸਾ ਹੇਠਾਂ ਕਰਕੇ ਫੁਲਕਾਰੀ ਤਾਣ ਖਲੋਂਦੀਆਂ ਹਨ। ਕੁੜੀ ਦੀਆਂ ਸਹੇਲੀਆਂ ਰਲ ਕੇ ਉਸ ਦੀ ਗੁੱਤ ਹੌਲੀ-ਹੌਲੀ ਖੋਲ੍ਹਣੀ ਸ਼ੁਰੂ ਕਰਦੀਆਂ ਹਨ। ਹਰ ਕੁੜੀ ਥੋੜ੍ਹੀ ਕੁ ਗੁੱਤ ਖੋਲ੍ਹ ਕੇ ਪਾਸੇ ਹੋ ਜਾਂਦੀ ਤੇ ਅਗਲੀ ਅਗਾਂਹ ਹੋ ਜਾਂਦੀ ਹੈ। ਇਸ ਵੇਲੇ ਇੱਕ ਸਮੂਹਿਕ ਗੀਤ ਗੂੰਜਦਾ ਹੈ:

ਮੇਰੀਆਂ ਪਲਕਾਂ ਨਾ ਖੋਲ੍ਹੋ ਨੀਂ ਸਹੇਲੜੀਓ
ਮੇਰੇ ਬਾਬਲ ਨੂੰ ਪੁੱਛੋ ਨੀਂ ਸਹੇਲੜੀਓ
ਜਿਨ ਕਾਜ ਰਚਾਇਆ ਨੀਂ ਸਹੇਲੜੀਓ
ਮੇਰੀਆਂ ਪਲਕਾਂ ਨਾ...
ਮੇਰੇ ਵੀਰੇ ਨੂੰ ਪੁੱਛੋ ਨੀਂ ਸਹੇਲੜੀਓ
ਜਿਨ ਕਾਜ ਰਚਾਇਆ ਨੀਂ ਸਹੇਲੜੀਓ
ਮੇਰੀਆਂ ਪਲਕਾਂ ਨਾ...

ਇਸ ਰਸਮ ਵਿੱਚ ਕੁੜੀ ਦੀਆਂ ਸਹੇਲੀਆਂ ਦਾ ਉਚੇਚਾ ਯੋਗਦਾਨ ਹੁੰਦਾ ਤੇ ਉਨ੍ਹਾਂ ਨੂੰ ਵਿਸ਼ੇਸ਼ ਮਾਣ- ਸਤਿਕਾਰ ਮਿਲਦਾ। ਪਲਕਾਂ ਖੋਲ੍ਹਣ ਉਪਰੰਤ ਲਾਗਣ ਕੌਲੀ ਵਿੱਚ ਕੌੜਾ ਤੇਲ ਪਾ ਲਾਗੇ ਖਲੋਂਦੀ ਹੈ ਤੇ ਸੁਹਾਗਣਾਂ ਵਾਰੋ ਵਾਰੀ ਘਾਹ ਦੀ ਗੁੱਛੀ ਤੇਲ ਵਿੱਚ ਭਿਓਂ ਕੇ ਕੁੜੀ ਦੇ ਸਿਰ ਵਿੱਚ ਲਾਉਂਦੀਆਂ ਹਨ। ਰਿਸ਼ਤੇ ਵਿੱਚੋਂ ਜਿਹੜੀ ਔਰਤ ਤੇਲ ਦੀ ਇਸ ਰਸਮ ਵਿੱਚ ਹਿੱਸਾ ਲੈਂਦੀ ਹੈ, ਉਹਦੇ ਨਾਲ ਸਬੰਧਤ ਗੀਤ ਦੀਆਂ ਤੁਕਾਂ ਉਚਾਰੀਆਂ ਜਾਂਦੀਆਂ ਹਨ:

ਛਾਂ ਗੋੜੇ ਮਾਂ ਗੋੜੇ ਜਿਨ ਤੈਨੂੰ ਤੇਲ ਚੜ੍ਹਾਇਆ
ਤੇਰੀ ਮਾਂ ਨੀਂ ਸੁਹਾਗਣ ਸਦਾ ਸੁਹਾਗਣ,
ਜਿਨ ਤੈਨੂੰ ਤੇਲ ਚੜ੍ਹਾਇਆ

ਤੇਲ ਚੜ੍ਹਾਉਣ ਦੇ ਨਾਲ-ਨਾਲ ਵਿਆਂਹਦੜ ਨੂੰ ਤੇਲ, ਹਲਦੀ, ਵੇਸਣ ਤੇ ਦਹੀਂ ਮਿਲਾ ਕੇ ਬਣਾਇਆ ਵਟਣਾ ਲਾਇਆ ਜਾਂਦਾ ਹੈ। ਇਸੇ ਰਸਮ ਦੀ ਤਰਜ਼ ’ਤੇ ਮੁੰਡੇ ਨੂੰ ਵੀ ਤੇਲ ਵਟਣਾ ਲਾਇਆ ਜਾਂਦਾ ਹੈ ਤੇ ਦਹੀਂ ਨਾਲ ਸਿਰ ਪਿੰਡੇ ਨੁਹਾਇਆ ਜਾਂਦਾ ਹੈ। ਇੱਥੇ ਲਾਗੀ ਪਾਣੀ ਪਾਉਂਦਾ ਹੈ। ਨ੍ਹਾਈ-ਧੋਈ ਦੇ ਨਾਂ ਨਾਲ ਜਾਣੀ ਜਾਂਦੀ ਇਸ ਰਸਮ ਦੌਰਾਨ ਔਰਤਾਂ ਸ਼ਗਨਾਂ ਦੇ ਗੀਤ ਗਾ ਕੇ ਆਨੰਦ ਮਾਣਦੀਆਂ ਹਨ। ਨ੍ਹਾਈ-ਧਾਈ ਤੋਂ ਬਾਅਦ ਉੱਪਰ ਤਾਣੀ ਫੁਲਕਾਰੀ ਦੀ ਬੁੱਕਲ ਮਰਵਾ ਕੇ ਮਾਂ ਝੋਲੀ ਦੇ ਵਿੱਚ ਗੁੜ ਦੀ ਰੋੜੀ, ਗੁਣੇ, ਗੁਲਗੁਲੇ ਤੇ ਰੁਪਈਆ ਪਾਉਂਦੀ ਹੈ। ਔਰਤਾਂ ਉਸ ਨੂੰ ਵਧਾਈ ਦਿੰਦੀਆਂ ਹਨ:

ਨੀਂ ਵਧਾਈਆਂ ਅੰਮਾ ਤੈਨੂੰ ਵਧਾਈਆਂ ਨੀਂ
ਤੇਰੇ ਆਰ ਤੇ ਪਰਿਵਾਰ ਨੂੰ ਵਧਾਈਆਂ ਨੀਂ
ਨੀਂ ਵਧਾਈਆਂ ਤੇਰੇ ਓਤ ਤੇਰੇ ਪੋਤ ਨੀਂ

ਗੀਤਾਂ ਦੇ ਇਸ ਮਾਹੌਲ ਵਿੱਚ ਵਿਆਂਹਦੜ ਦੇ ਗੁੱਟ ’ਤੇ ਗਾਨਾ ਬੰਨ੍ਹਿਆ ਜਾਂਦਾ ਹੈ। ਲਾਗਣਾਂ ਦਾ ਇੱਥੇ ਅਹਿਮ ਯੋਗਦਾਨ ਹੁੰਦਾ ਹੈ। ਉਹ ਪੂਰੀ ਸ਼ਿੱਦਤ ਨਾਲ ਹਾਸੇ-ਠੱਠੇ ਵਿੱਚ ਸ਼ਾਮਲ ਹੁੰਦੀਆਂ ਹਨ। ਇਸ ਖ਼ੁਸ਼ੀ ਦੇ ਮੌਕੇ ਹਾਜ਼ਰ ਹੋਇਆਂ ਦੀ ਉਸਤਤ ਵੀ ਰੱਜ ਕੇ ਕੀਤੀ ਜਾਂਦੀ ਹੈ:

ਜਿਨ੍ਹਾਂ ਭਰਾਵਾਂ ’ਤੇ ਮਾਣ ਕਰੇਂਦੀ ਨੀਂ
ਵੇਲੇ ਦੇ ਵੇਲੇ ਹਾਜ਼ਰ ਹੁੰਦੇ ਨੀਂ,
ਕਾਜ ਰਚਾਉਂਦੇ ਨੀਂ
ਰੌਣਕਾਂ ਲਾਉਂਦੇ ਨੀਂ,
ਭੰਗੜੇ ਪਾਉਂਦੇ ਨੀਂ,
ਰਾਣੀ ਰੁਕਮਣ ਦੇ ਜਾਏ

ਅਜਿਹੇ ਵੇਲੇ ਜੇ ਕੋਈ ਨੇੜਲਾ ਸਬੰਧੀ ਕਿਸੇ ਕਾਰਨ ਹਾਜ਼ਰ ਨਾ ਹੋ ਸਕਿਆ ਹੁੰਦਾ ਤਾਂ ਉਹਨੂੰ ਯਾਦ ਕਰਨ ਵਜੋਂ ਇਸ ਗੀਤ ਨੂੰ ਗਾਇਆ ਜਾਂਦਾ:

ਫੁੱਲਾਂ ਭਰੀ ਚੰਗੇਰ ਇੱਕ ਫੁੱਲ ਤੋੜੀਂਦਾ
ਏਸੇ ਵੇਲੇ ਜ਼ਰੂਰ ਮਾਮਾ ਲੋੜੀਂਦਾ

ਵਿਆਂਹਦੜ ਆਪਣੀ ਝੋਲੀ ਵਿਚਲੇ ਗੁਣੇ-ਗੁਲਗੁਲੇ ਕੁਆਰਿਆਂ ਨੂੰ ਵੰਡਦਾ/ਵੰਡਦੀ ਹੈ। ਇਸ ਪਿੱਛੇ ਇਹ ਭਾਵਨਾ ਕੰਮ ਕਰਦੀ ਹੈ ਕਿ ਉਨ੍ਹਾਂ ਦੇ ਵੀ ਜਲਦੀ ਵਿਆਹ ਹੋਣ। ਖਾਰਿਓਂ ਉਠਾਉਣ ਵੇਲੇ ਮਾਮੇ ਜਾਂ ਵੀਰ ਨੂੰ ਆਵਾਜ਼ ਵੀ ਗੀਤ ਰਾਹੀਂ ਹੀ ਦਿੱਤੀ ਜਾਂਦੀ ਹੈ:

ਵੱਡੜੇ ਉਸ਼ੇਰ ਖਾਰਾ ਅੱਡਿਆ
ਖਾਰਿਓਂ ਉਠਾਲ ਮਾਮਾ ਵੱਡਿਆ
ਵੱਡੜੇ ਉਸ਼ੇਰ ਖਾਰਾ ਬੀੜਿਆ
ਖਾਰਿਓਂ ਉਠਾਲ ਵੱਡਿਆ ਵੀਰਿਆ

ਕੁੜੀ ਨੂੰ ਤਾਂ ਖਾਰਿਓਂ ਉਠਾ ਕੇ ਅੰਦਰ ਲੈ ਜਾਂਦੇ ਜਦ ਕਿ ਮੁੰਡੇ ਨੂੰ ਇੱਕ ਰਸਮ ਹੋਰ ਅਦਾ ਕਰਨੀ ਪੈਂਦੀ। ਉਸ ਦੇ ਅੱਗੇ ਸੱਤ ਚੱਪਣੀਆਂ ਇੱਕ ਦੂਜੀ ਨਾਲ ਜੋੜ ਕੇ ਰੱਖੀਆਂ ਹੁੰਦੀਆਂ। ਉਸ ਨੂੰ ਖਾਰੇ ਵਾਲੀ ਚੌਕੀ ਤੋਂ ਛਾਲ ਮਾਰ ਕੇ ਉਨ੍ਹਾਂ ਚੱਪਣੀਆਂ ਨੂੰ ਦਰੜਨਾ ਪੈਂਦਾ। ਇਸ ਦੇ ਪਿੱਛੇ ਇਹ ਸੋਚ ਕੰਮ ਕਰਦੀ ਕਿ ਉਹ ਆਪਣੇ ਰਾਹ ਵਿੱਚ ਆਉਣ ਵਾਲੀਆਂ ਮੁਸ਼ਕਲਾਂ, ਮੁਸੀਬਤਾਂ ਨੂੰ ਇੰਜ ਹੀ ਦਰੜ ਦੇਵੇ। ਘਰ ਆਈਆਂ ਔਰਤਾਂ ਦੀਆਂ ਥਾਲੀਆਂ ਵਿੱਚ ਗੁਣੇ-ਗੁਲਗੁਲੇ ਪਾਏ ਜਾਂਦੇ ਹਨ।



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# ਸੁਣ ਨੀ ਕੁੜੀਏ ਮਛਲੀ ਵਾਲੀਏ



**ਪੁਰਾਣੇ ਜ਼ਮਾਨੇ ਦੇ ਲੋਕਾਂ ਵਿਚ ਸ਼ਹਿਣਸੀਲਤਾ, ਸਬਰ ਸੰਤੋਖ ਅਤੇ ਅਣਪੱਤ ਸੀ। ਛੋਟੀ ਮੋਟੀ ਗੱਲ ਤੋਂ ਪਰਿਵਾਰ ਨਹੀਂ ਸੀ ਟੁੱਟਦੇ। ਜੇ ਕਈ ਵਾਰ ਪਤੀ-ਪਤਨੀ ਦੀ ਲੜਾਈ ਹੋ ਜਾਂਦੀ ਤਾਂ ਅੱਜ ਵਾਂਗ ਤਲਾਕ ਨਹੀਂ ਸੀ ਹੁੰਦਾ ਪੰਚਾਇਤ ਜਾਂ ਪੁਲਿਸ ਤਕ ਕਦੇ ਗੱਲ ਨਾ ਪੁੱਜਦੀ। ਕੋਰਟ ਕਚਿਹਰੀ ਤਾਂ ਸਗੋਂ ਦੂਰ ਦੀ ਗੱਲ ਮਾਪੇ ਧੀ ਨੂੰ ਮੱਤਾਂ ਦੇ ਕੇ ਤੋਰਦੇ**

ਸੁਰਿੰਦਰ ਕੌਰ

ਲੋਕ-ਕਾਵਿ ਹਰਮਨ ਪਿਆਰਾ ਸਾਹਿਤ ਹੁੰਦਾ ਹੈ। ਕਿਸੇ ਵੀ ਦੇਸ਼, ਸੂਬੇ ਦੇ ਜੀਵਨ ਦੀ ਅਸਲੀ ਝਲਕ ਉਥੋਂ ਦੇ ਲੋਕ- ਕਾਵਿ ਵਿਚ ਦੇਖਣ ਨੂੰ ਮਿਲਦੀ ਹੈ। ਜ਼ਿੰਦਗੀ ਦਾ ਸ਼ਾਇਦ ਹੀ ਅਜਿਹਾ ਕੋਈ ਪੱਖ ਹੋਵੇ ਜੋ ਲੋਕ ਗੀਤਾਂ ਵਿਚ ਦ੍ਰਿਸ਼ਟੀਗੋਚਰ ਨਾ ਹੋਇਆ ਹੋਵੇ। ਪੰਜਾਬੀ ਲੋਕ ਗੀਤ ਵੀ ਸਦੀਆਂ ਪੁਰਾਣੇ ਸਮਾਜਿਕ ਅਤੇ ਮਾਨਸਿਕ ਸਰੋਕਾਰਾਂ, ਕਾਰਾਂ- ਵਿਹਾਰਾਂ, ਖ਼ੁਸ਼ੀਆਂ-ਗ਼ਮੀਆਂ ਅਤੇ ਰਿਸ਼ਤੇ ਨਾਤਿਆਂ ਵਿਚਲੇ ਕੌੜੇ-ਮਿੱਠੇ ਅਨੁਭਵਾਂ ਅਤੇ ਮਨਾਂ ਦੇ ਵਲਵਲਿਆਂ ਨੂੰ ਸਾਂਭੀ ਬੈਠਾ ਹੈ। ਲੋਕ ਕਾਵਿ ਵਿਚ ਮੁੱਖ ਤੌਰ ਤੇ ਘੋੜੀਆਂ, ਸੁਹਾਗ, ਹੇਅਰੇ, ਸਿੱਠਣੀਆਂ, ਦੋਹੇ, ਢੋਲਾ, ਟੱਪੇ- ਬੋਲੀਆਂ, ਮਾਹੀਆ ਲੰਮੇ ਗੌਣ ਆਦਿ ਸ਼ਾਮਲ ਹਨ। ਇਨ੍ਹਾਂ ਲੋਕ ਗੀਤਾਂ ਵਿਚ ਖ਼ੁਸ਼ੀ-ਗ਼ਮੀ, ਦੁੱਖ-ਦਰਦ, ਵਿਛੋੜੇ-ਮਿਲਾਪ, ਹਾਸੇ-ਠੱਠੇ ਦਾ ਜ਼ਿਕਰ ਮਿਲਦਾ ਹੈ ਜੇ ਧਿਆਨ ਦਿੱਤਾ ਜਾਵੇ ਤਾਂ ਬਹੁਤੇ ਲੋਕ-ਗੀਤਾਂ ਵਿਚ ਮੱਤਾਂ-ਸੁਮੱਤਾਂ ਜਾਂ ਸਿਆਣਪਾਂ ਦਾ ਜ਼ਿਕਰ ਆਇਆ ਹੈ ਜੋ ਸਾਡੇ ਜੀਵਨ ਵਿਚ ਬਹੁਤੇ ਥਾਂ ਕੰਮ ਆਉਣ ਵਾਲੀਆਂ

ਗੱਲਾਂ ਹੁੰਦੀਆਂ ਹਨ। ਪੁਰਾਣੇ ਸਮੇਂ ਵਿਚ ਸਾਡਾ ਜੀਵਨ ਬਹੁਤ ਸਾਦਾ ਸੀ। ਵਿਆਹੀਆਂ ਧੀਆਂ ਭੈਣਾਂ ਵੀ ਪੇਕੇ ਘਰ ਆ ਕੇ ਹਾਰ ਸ਼ਿੰਗਾਰ ਨਹੀਂ ਕਰਦੀਆਂ ਸਨ ਕਿਉਂ ਕਿ ਉਹ ਆਪਣੇ ਮਾਪਿਆਂ ਅਤੇ ਹੋਰ

ਰਿਸ਼ਤੇਦਾਰਾਂ ਦੀ ਸੰਗ ਮੰਨਦੀਆਂ ਸੀ। ਜੇ ਕੋਈ ਕੁਆਰੀ ਕੁੜੀ ਮਾੜਾ ਮੋਟਾ ਸੁਰਮਾ-ਕਜਲਾ ਪਾ ਲੈਂਦੀ ਤਾਂ ਉਹ ਵੀ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਸ ਦਾ ਜ਼ਿਕਰ ਇਕ ਬੋਲੀ ਵਿਚ ਇਉਂ ਮਿਲਦਾ ਹੈ : ਮੈਂ ਤਾਂ ਅੱਖਾਂ ਵਿਚ ਪਾ ਲਿਆ ਸੁਰਮਾ

ਉਪਰੋਂ ਆ ਗਿਆ ਤਾਇਆ
ਰੋ-ਰੋ ਨਿਕਲ ਗਿਆ
ਬੜੇ ਸ਼ੌਕ ਨਾਲ ਪਾਇਆ ਸੁਰਮਾ....

ਇਸੇ ਪ੍ਰਕਾਰ ਇਕ ਬੋਲੀ ਵਿਚ ਜਵਾਨ ਜਹਾਨ ਕੁੜੀਆਂ ਨੂੰ ਖੂਹ ਟੋਭੇ ਜਾਂ ਹੋਰ ਥਾਵਾਂ ਤੇ ਨਾਂ ਜਾਣ ਦੀਆਂ ਸਿਆਣਪਾਂ ਦਿੱਤੀਆਂ ਗਈਆਂ ਹਨ।

ਸੁਣ ਨੀ ਕੁੜੀਏ ਮਛਲੀ ਵਾਲੀਏ
ਮਛਲੀ ਨਾ ਚਮਕਾਈਏ
ਖੂਹ ਟੋਭੇ ਤੇ ਚਰਚਾ ਹੁੰਦੀ
ਚਰਚਾ ਨਾ ਕਰਵਾਈਏ
ਆਪਣੇ ਮਾਪਿਆਂ ਦੀ
ਫੁੱਲ ਵਰਗੀ ਰੱਖ ਜਾਈਏ...

ਪੰਜਾਬੀ ਦੇ ਬਹੁਤੇ ਲੋਕ ਗੀਤਾਂ ਦੀਆਂ ਸਿਰਜਕ ਔਰਤਾਂ ਹੀ ਰਹੀਆਂ ਹਨ ਕਿਉਂ ਕਿ ਮਰਦ ਦੇ ਮੁਕਾਬਲੇ ਔਰਤਾਂ ਦੇ ਹਿੱਸੇ ਵਿਚ ਜ਼ਿਆਦਾ ਦੁੱਖ-ਦਰਦ ਆਇਆ ਹੈ। ਇਕ ਲੜਕੀ ਆਪਣੇ ਮਨ ਦੀ ਗੱਲ ਸਿੱਧੀ ਸ਼ਪੱਸਟ ਨਹੀਂ ਕਹਿ ਸਕਦੀ ਇਸ ਕਰਕੇ ਉਹ ਆਪਣੇ ਮਨ ਦੇ ਚਾਅ, ਵਲਵਲੇ, ਸੱਧਰਾਂ ਨੂੰ ਲੋਕ ਗੀਤਾਂ ਵਿਚ ਪੇਸ਼ ਕਰਦੀ ਹੈ :

ਦੇਈਂ ਵੇ ਬਾਬਲਾ ਉਸ ਘਰੇ
ਜਿਥੇ ਸੱਸ ਭਲੀ ਪ੍ਰਧਾਨ
ਸਹੁਰਾ ਸਰਦਾਰ ਹੋਵੇ
ਡਾਹ ਬਹਿੰਦਾ ਪੀੜ੍ਹਾ ਸਾਹਮਣੇ
ਮੱਥੇ ਕਦੀ ਨਾ ਵੱਟ ਹੋਵੇ
ਬਾਬਲ ਤੇਰਾ ਪੁੰਨ ਹੋਵੇ...

ਇਸ ਪ੍ਰਕਾਰ ਇਕ ਬੋਲੀ ਵਿਚ ਕੁੜੀਆਂ ਨੂੰ ਪਿੰਡ ਦੇ ਮੁੰਡਿਆਂ ਤੋਂ ਵੀ ਸਾਵਧਾਨ ਕੀਤਾ ਗਿਆ ਹੈ ਕਿਉਂ ਕਿ ਇਸ ਗੱਲ ਦੀ ਸਾਰੇ ਪਿੰਡ ਵਿਚ ਚਰਚਾ ਹੋਣ ਲੱਗ ਪੈਂਦੀ ਹੈ :

ਸੁਣ ਨੀ ਕੁੜੀਏ ਕੈਂਠੀ ਵਾਲੀਏ
ਕੈਂਠੀ ਨਾ ਚਮਕਾਈਏ
ਵਿਚ ਦਰਵਾਜ਼ੇ ਚਰਚਾ ਹੁੰਦੀ
ਚਰਚਾ ਨਾ ਕਰਵਾਈਏ
ਪਿੰਡ ਦੇ ਮੁੰਡਿਆਂ ਤੋਂ
ਪਾ ਨੀਵੀਂ ਲੰਘ ਜਾਈਏ...

ਲੋਕ ਕਾਵਿ ਵਿਚ ਸਿਰਫ਼ ਲੜਕੀਆਂ ਨੂੰ ਹੀ ਨਹੀਂ ਸਗੋਂ ਮਰਦਾਂ ਅਤੇ ਮੁੰਡਿਆਂ ਨੂੰ ਕਈ ਪ੍ਰਕਾਰ ਦੀਆਂ ਮੱਤਾਂ-ਸੁਮੱਤਾਂ ਦਿੱਤੀਆਂ ਗਈਆਂ ਹਨ।ਔਰਤ ਦੀ ਤ੍ਰਾਸਦੀ ਹੈ ਕਿ ਉਸ ਦਾ ਵਿਆਹ ਬਹੁਤੀ ਵਾਰ ਮਨਪਸੰਦ ਵਰ ਨਾਲ ਨਹੀਂ ਹੁੰਦਾ। ਲੋਕ ਕਾਵਿ ਵਿਚ ਵੀ ਅਨਜੋੜ ਵਰਾਂ ਦਾ ਬਹੁਤ ਜ਼ਿਕਰ ਆਇਆ ਹੈ ਆਪਣੇ ਬਾਬਲ ਦੇ ਬੋਲ ਪੁਗਾਦਿਆਂ ਕਈ ਵਾਰ ਧੀ ਦੇ ਹੋਠਾਂ ਤੇ ਸ਼ਿਕਵਾ ਆ ਹੀ ਜਾਂਦਾ ਹੈ। ਸਾਡੇ ਸੱਭਿਆਚਾਰ ਵਿਚ ਵੱਡੀ ਭਰਜਾਈ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਭਰਜਾਈ ਵੀ ਦਿਉਰ ਨੂੰ ਪੁੱਤਾਂ ਵਾਂਗ ਪਿਆਰ ਕਰਦੀ ਹੈ। ਦਿਉਰ ਦੇ ਵਿਆਹ ਤੋਂ ਬਾਅਦ ਇਸ ਰਿਸ਼ਤੇ ਵਿਚ ਕਈ ਵਾਰ ਨੋਕ ਝੋਕ ਵੀ ਦੇਖਣ ਨੂੰ ਮਿਲਦੀ ਹੈ ਜਿਸ ਨੂੰ ਸਿਆਣਪ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ :

ਲਿਆ ਦਿਉਰਾ
ਤੈਨੂੰ ਅੱਡ ਕਰ ਦੇਵਾਂ
ਦੇ ਕੇ ਸੇਰ ਕੁ ਆਟਾ
ਵੇ ਨਿੱਤ ਕੌਣ ਲੜੇ
ਕੌਣ ਪੁਟਾਵੇ ਝਾਟਾ...

ਜੇ ਜੇਠ ਛੋਟੀ ਭਰਜਾਈ 'ਤੇ ਬੁਰੀ ਨਜ਼ਰ ਰੱਖਦਾ ਹੈ ਤਾਂ ਜੇਠ ਨੂੰ ਵੀ ਫਿੱਟ ਲਾਹਣਤ ਪਾਈ ਜਾਂਦੀ ਤੇ ਉਸ ਨੂੰ ਵੀ ਸੁਮੱਤ ਦੇਣ ਵਾਲੀ ਗੱਲ ਆਖੀ ਜਾਂਦੀ ਹੈ ਉਹ ਕਹਿੰਦੀ ਹੈ :

ਵੇ ਜੇਠਾ ਤੇਰੀ ਦੇਹ ਫਿੱਟ ਜਾਏ
ਛੋਟੀ ਭੈਣ ਵਰਗੀ ਭਰਜਾਈ...

ਇਸੇ ਤਰ੍ਹਾਂ ਇਕ ਲੰਮੇ ਗੌਣ ਵਿਚ ਇਕ ਮੁਟਿਆਰ ਆਪਣੇ ਪ੍ਰੇਮੀ ਨੂੰ ਵੀ ਸੁਮੱਤਾਂ ਦਿੰਦੀ ਹੋਈ ਕਹਿੰਦੀ ਹੈ ਕਿ ਉਹ ਸਮਾਜਿਕ ਮਾਣ-ਮਰਿਆਦਾ ਨੂੰ ਪਹਿਲ ਦੇਵੇ ਅਤੇ ਟੌਹਰ ਕੱਢ ਕੇ ਵਾਰ-ਵਾਰ ਉਸ ਦੀ ਗਲੀ ਵਿਚ ਗੇੜੇ ਨਾ ਮਾਰੇ : ਸੋਹਣਾ ਜਿਹਾ ਚੀਰਾ ਪਹਿਨ ਕੇ

ਸਾਡੀ ਗਲੀਓਂ ਨਾ ਆਈਂ
ਵੇ ਬੀਬਾ, ਵਿਹੜੇ ਪੈਰ ਨਾ ਪਾਈ ਵੇ...

ਪੁਰਾਣੇ ਜ਼ਮਾਨੇ ਦੇ ਲੋਕਾਂ ਵਿਚ ਸ਼ਹਿਣਸੀਲਤਾ, ਸਬਰ ਸੰਤੋਖ ਅਤੇ ਅਣਪੱਤ ਸੀ। ਛੋਟੀ ਮੋਟੀ ਗੱਲ ਤੋਂ ਪਰਿਵਾਰ ਨਹੀਂ ਸੀ ਟੁੱਟਦੇ। ਜੇ ਕਈ ਵਾਰ ਪਤੀ-ਪਤਨੀ ਦੀ ਲੜਾਈ ਹੋ ਜਾਂਦੀ ਤਾਂ ਅੱਜ ਵਾਂਗ ਤਲਾਕ ਨਹੀਂ ਸੀ ਹੁੰਦਾ ਪੰਚਾਇਤ ਜਾਂ ਪੁਲਿਸ ਤਕ ਕਦੇ ਗੱਲ ਨਾ ਪੁੱਜਦੀ। ਕੋਰਟ ਕਚਿਹਰੀ ਤਾਂ ਸਗੋਂ ਦੂਰ ਦੀ ਗੱਲ ਮਾਪੇ ਧੀ ਨੂੰ ਮੱਤਾਂ ਦੇ ਕੇ ਤੋਰਦੇ :

ਡੁੱਲਿਆ ਬੇਰਾਂ ਦਾ ਕੁਝ ਨਹੀਂ ਵਿਗੜਿਆ
ਤੂੰ ਚੁੱਕ ਝੋਲੀ ਵਿਚ ਪਾ ਲੈ
ਆਸੇ ਪਾਸੇ ਮਿੱਟੀ ਨਾ ਲੱਗ ਜੇ
ਝਾੜ ਪੂੰਝ ਕੇ ਖਾ ਲੈ
ਲੜ ਛੱਡ ਪੇਕਿਆਂ ਦਾ
ਮੋਹ ਸਹੁਰਿਆਂ ਨਾਲ ਪਾ ਲੈ....

ਉਸ ਸਮੇਂ ਵੀ ਘਰ-ਪਰਿਵਾਰਾਂ ਵਿਚ ਛੋਟੇ ਮੋਟੇ ਝਗੜੇ ਹੁੰਦੇ ਸਨ ਪਰ ਅੱਜ ਵਾਂਗੂ ਕੋਈ ਖ਼ੁਦਕੁਸ਼ੀਆਂ ਨਹੀਂ ਸੀ ਕਰਦਾ। ਮੂੰਹ ਪਾੜ ਕੇ ਦਾਜ ਨਹੀਂ ਸੀ ਮੰਗਦਾ ਅਤੇ ਨਾ ਹੀ ਦਾਜ ਲਈ ਨੂੰਹਾਂ ਸਾੜੀਆਂ-ਮਾਰੀਆਂ ਜਾਂਦੀਆਂ ਸਨ ਸਗੋਂ ਇਨ੍ਹਾਂ ਮੱਤਾਂ-ਸੁਮੱਤਾਂ ਰਾਹੀਂ ਘਰ ਪਰਿਵਾਰ ਵਿਚ ਸੁੱਖ-ਸ਼ਾਂਤੀ ਰੱਖੀ ਜਾਂਦੀ ਸੀ। ਇਸ ਪ੍ਰਕਾਰ ਇਹ ਮੱਤਾਂ-ਸੁਮੱਤਾਂ ਪੰਜਾਬੀ ਲੋਕ ਕਾਵਿ ਵਿਚ ਅੰਗੂਠੀ ਵਿਚ ਜੜੇ ਹੋਏ ਕੀਮਤੀ ਹੀਰਿਆਂ ਦੀ ਤਰ੍ਹਾਂ ਹਨ।

# ਆਓ ਰਿਸ਼ਤਿਆਂ ਨੂੰ ਪਿਆਰ ਨਾਲ ਸਿੰਜੀਏ

✿ ਰਸ਼ਪਿੰਦਰ ਸਿੰਘ



ਜ਼ਿੰਦਗੀ ਦੀ ਖ਼ੁਸ਼ੀ-ਗ਼ਮੀ ਅਸੀਂ ਖ਼ੁਦ ਤੈਅ ਕਰਦੇ ਹਾਂ। ਹਾਲਾਤ ਦਾ ਫੇਰ ਬਦਲ ਇਸ ਧਰਤੀ 'ਤੇ ਹਮੇਸ਼ਾ ਹੁੰਦਾ ਰਹੇਗਾ, ਜੋ ਕਿਸੇ ਦੇ ਵੀ ਵਸ ਨਹੀਂ। ਜੇ ਮੌਤ ਹੈ ਤਾਂ ਹੀ ਜ਼ਿੰਦਗੀ ਦੀ ਕਦਰ ਹੈ। ਜੇਕਰ ਹਨੇਰਾ ਹੈ ਤਾਂ ਰੌਸ਼ਨੀ ਦੀ ਉਡੀਕ ਹੈ। ਉਸੇ ਤਰ੍ਹਾਂ ਜੇ ਇਨਸਾਨ ਦੀ ਜ਼ਿੰਦਗੀ ਹੈ ਤਾਂ ਕੋਈ ਨਾ ਕੋਈ ਰਿਸ਼ਤਾ ਜਾਂ ਬੰਧਨ ਵੀ ਹੈ। ਸਰਲ ਭਾਸ਼ਾ ਵਿੱਚ ਵੇਖੀਏ ਤਾਂ ਰਿਸ਼ਤੇ ਤੋਂ ਭਾਵ ਸਾਡੀ ਰੂਹ ਦਾ ਰਿਸ਼ਤਾ ਹੈ। ਜੋ ਕਿਸੇ ਦੂਸਰੀ ਰੂਹ ਨਾਲ ਜੁੜ ਜਾਂਦਾ ਹੈ ਜਾਂ ਜੋੜਿਆ ਜਾਂਦਾ ਹੈ। ਇਸ ਸਬੰਧ ਨੂੰ ਅਸੀਂ ਕਿਸੇ ਨਾ ਕਿਸੇ ਰਿਸ਼ਤੇ ਦਾ ਨਾਂ ਦਿੰਦੇ ਹਾਂ। ਜਿਵੇਂ ਦੋਸਤ-ਮਿੱਤਰ, ਭੈਣ, ਭਰਾ, ਮਾਤਾ, ਪਿਤਾ ਆਦਿ ਅਨੇਕਾਂ ਰਿਸ਼ਤੇ ਹਨ।

ਰਿਸ਼ਤੇ ਸਾਡੀ ਜ਼ਿੰਦਗੀ ਨੂੰ ਇੱਕ ਅਨੁਸ਼ਾਸਨ ਵਿੱਚ ਜਿਊਣ ਦੀ ਕਲਾ ਸਿਖਾਉਂਦੇ ਹਨ। ਰਿਸ਼ਤਿਆਂ ਦੀ ਪਟੜੀ ਉੱਤੇ ਜ਼ਿੰਦਗੀ ਦੀ ਗੱਡੀ ਸੰਭਲ ਸੰਭਲ ਧਿਆਨ ਨਾਲ ਚੱਲਦੀ ਹੈ। ਸੁੱਖਾਂ ਅਤੇ ਦੁੱਖਾਂ ਦੇ ਸਟੇਸ਼ਨਾਂ 'ਤੇ ਰੁਕ ਰੁਕ ਕੇ ਲੰਘਦੀ ਹੈ। ਇਹ ਪਟੜੀ ਜ਼ਿੰਦਗੀ ਦੀ ਗੱਡੀ ਨੂੰ ਹੱਦ ਵਿੱਚ ਰੱਖਦੀ ਹੈ। ਜੋ ਉਸਨੂੰ ਪਲਟਣ ਤੋਂ ਬਚਣ ਵਿੱਚ ਹਮੇਸ਼ਾ ਮਦਦਗਾਰ ਸਾਬਤ ਹੁੰਦੀ ਹੈ। ਰਿਸ਼ਤੇ ਸਾਡੀ ਕੋਰੀ ਜ਼ਿੰਦਗੀ ਵਿੱਚ ਰੰਗ ਭਰਦੇ ਹਨ। ਸਮੇਂ ਅਨੁਸਾਰ ਇਨਸਾਨ ਦੀ ਸੋਚ ਵਿੱਚ ਭਾਵੇਂ ਕਿੰਨੀ ਵੀ ਤਬਦੀਲੀ ਆ ਜਾਵੇ। ਰਿਸ਼ਤਿਆਂ ਵਿੱਚ ਕਦੇ ਵੀ ਤਬਦੀਲੀ ਨਹੀਂ ਆ ਸਕਦੀ। ਹਾਂ, ਉਨ੍ਹਾਂ ਰਿਸ਼ਤਿਆਂ ਨੂੰ ਨਿਭਾਉਣ ਦਾ ਤਰੀਕਾ ਜ਼ਰੂਰ ਬਦਲ ਸਕਦਾ ਹੈ। ਜੋ ਅੱਜ ਸਾਡੇ ਮਾਤਾ ਪਿਤਾ ਹਨ, ਉਹ ਕਿਸੇ ਬਿਰਧ ਆਸ਼ਰਮ ਵਿੱਚ ਬੈਠੇ ਵੀ ਸਾਡੇ ਮਾਤਾ ਪਿਤਾ ਹੀ ਰਹਿਣਗੇ। ਕਾਗਜ਼ੀ ਕਾਰਵਾਈ ਵਿੱਚ ਵੀ ਤੁਸੀਂ ਭਾਵੇਂ ਉਨ੍ਹਾਂ ਦਾ ਨਾਂ ਬਦਲ ਦੇਵੋ, ਪਰ ਦਿਲ ਅਤੇ ਚੇਤਿਆਂ ਦੀ ਕਿਤਾਬ ਵਿੱਚ ਉਨ੍ਹਾਂ ਦੀ ਤਸਵੀਰ ਹਮੇਸ਼ਾ ਛਪੀ ਰਹੇਗੀ।

ਰਿਸ਼ਤਿਆਂ ਪ੍ਰਤੀ ਦ੍ਰਿਸ਼ਟੀਕੋਣ ਬੇਸ਼ੱਕ ਬਦਲ ਜਾਵੇ, ਪਰ ਰਿਸ਼ਤੇ ਕਦੇ ਨਹੀਂ ਬਦਲ ਸਕਦੇ ਕਿਉਂਕਿ ਸਾਡੀਆਂ ਭਾਵਨਾਵਾਂ ਤੇ ਰਿਸ਼ਤੇ ਇੱਕ ਦੂਜੇ ਨਾਲ ਮੁੱਢ ਤੋਂ ਜੁੜੇ ਹੋਏ ਹਨ। ਚੰਗੀਆਂ ਭਾਵਨਾਵਾਂ ਵਾਲੇ ਵਿਅਕਤੀ ਨਾਲ ਸਾਡਾ ਦੋਸਤੀ ਦਾ ਸਬੰਧ ਕਾਇਮ ਹੁੰਦਾ ਹੈ। ਜਿਸਦੀ ਪਛਾਣ ਅਸੀਂ ਚੰਗੇ ਚਰਿੱਤਰ ਵੱਜੋਂ ਕਰਦੇ ਹਾਂ। ਮਾੜੀ ਭਾਵਨਾ ਵਾਲੇ ਨਾਲ ਈਰਖਾ ਜਾਂ ਦੁਸ਼ਮਣੀ। ਜੋ ਬੁਰੇ ਚਰਿੱਤਰ ਦੀ ਪਛਾਣ ਕਰਾਉਂਦਾ ਹੈ। ਇਹ ਰਿਸ਼ਤਿਆਂ ਦਾ ਕੁਦਰਤੀ ਸੁਭਾਅ ਵੀ ਹੈ। ਰਿਸ਼ਤਿਆਂ ਦੇ ਮਹਿਲ ਵਿਸ਼ਵਾਸ ਦੀ ਬੁਨਿਆਦ 'ਤੇ ਉਸਾਰੇ ਜਾਂਦੇ ਹਨ ਅਤੇ ਇਹ ਬੁਨਿਆਦ ਮਜ਼ਬੂਤ ਹੋਣੀ ਬਹੁਤ ਜ਼ਰੂਰੀ ਹੈ। ਬਿਨਾਂ ਵਿਸ਼ਵਾਸ ਤੋਂ ਕਿਤੇ ਵੀ ਰਿਸ਼ਤਾ ਜੁੜਨਾ ਸੰਭਵ ਨਹੀਂ। ਅੱਜ ਦੇ ਸਮੇਂ ਵਿੱਚ ਦਿਨ-ਬ-ਦਿਨ ਰਿਸ਼ਤੇ ਟੁੱਟਦੇ ਜਾ ਰਹੇ ਹਨ। ਅਸਲ ਵਿੱਚ ਇੱਕ ਦੂਜੇ ਤੋਂ ਵਿਸ਼ਵਾਸ ਦਾ ਉੱਠ ਜਾਣਾ ਹੀ ਸਾਡੇ ਰਿਸ਼ਤੇ ਵਿਚਕਾਰ ਇੱਕ ਵੱਡੀ ਦਰਾਰ ਪੈਦਾ ਕਰਦਾ ਹੈ। ਸਾਡੇ ਵਿੱਚ ਸ਼ੱਕ ਦੀ ਬਿਮਾਰੀ ਪੈਦਾ ਕਰਦਾ ਹੈ, ਜਿਸ ਕਾਰਨ ਮਾੜੀਆਂ ਭਾਵਨਾਵਾਂ ਦੀ ਪੈਦਾਵਾਰ ਚੰਗੀਆਂ ਭਾਵਨਾਵਾਂ ਨੂੰ ਉੱਗਣਾ ਰੋਕ ਦਿੰਦੀ ਹੈ। ਇਸਦਾ ਅਸਰ ਸਾਡੇ ਤਨ, ਮਨ ਉੱਪਰ ਪੈਂਦਾ ਹੈ। ਗੁੱਸਾ, ਚਿੰਤਾ, ਹੰਕਾਰ, ਤਣਾਅ ਆਦਿ ਬਿਮਾਰੀਆਂ ਸਿਓਂਕ ਬਣ ਕੇ ਸਾਡੇ ਰਿਸ਼ਤੇ ਦੀ ਲੱਕੜ ਨੂੰ ਮਿੱਟੀ ਵਿੱਚ ਤਬਦੀਲ ਕਰਦੀਆਂ ਹਨ ਕਿਉਂਕਿ ਜੋ ਸਾਡੇ ਮਹਿਲ ਦੀ ਬੁਨਿਆਦ ਸੀ, ਉਹ ਡਾਂਵਾਡੋਲ ਹੋਣੀ ਸ਼ੁਰੂ ਹੋ ਗਈ। ਸੋ ਹੁਣ ਮਹਿਲ ਦਾ ਡਿੱਗਣਾ ਲਾਜ਼ਮੀ ਹੈ। ਸਾਂਝਾਂ ਦੀਆਂ ਲੀਰਾਂ ਨਾਲ ਮੜ੍ਹੀ ਰਿਸ਼ਤੇ ਦੀ ਖੁੱਦੋ ਉਧੜਨ ਲੱਗਦੀ ਹੈ। ਰਿਸ਼ਤੇ ਸਾਡੇ ਸਮਾਜ ਵਿੱਚ ਸਾਡੀ ਅਸਲੀ ਤਸਵੀਰ ਪੇਸ਼ ਕਰਦੇ ਹਨ। ਅੱਜ ਵੀ ਕਈ ਵੱਡੇ ਪਰਿਵਾਰਾਂ ਵਿੱਚ ਪਿਆਰ ਭਰੇ ਰਿਸ਼ਤੇ ਜਿਉਂ ਦੇ ਤਿਉਂ ਕਾਇਮ ਹਨ ਕਿਉਂਕਿ ਉੱਥੇ ਵਿਸ਼ਵਾਸ ਦੀ ਨੀਂਹ ਮਜ਼ਬੂਤ ਹੈ। ਸ਼ਹਿਣਸ਼ੀਲਤਾ ਦੀ ਛੱਤ ਪੱਕੀ ਹੈ। ਪਿਆਰ ਦਾ ਚੰਗਾ ਸਾਫ਼ ਸੁਥਰਾ ਵਾਤਾਵਰਨ ਹੈ। ਇਨਸਾਨ ਦੀ ਜ਼ਿੰਦਗੀ ਕੁੱਝ ਪਲ-ਛਿਣਾਂ ਦੀ ਹੈ। ਜਦੋਂ ਕਿ ਰਿਸ਼ਤਿਆਂ ਦੀ ਉਮਰ ਬਹੁਤ ਲੰਮੇਰੀ ਹੈ। ਰਿਸ਼ਤੇ ਵਿੱਚੋਂ ਹੀ ਅਸੀਂ ਅੱਗੇ ਉਨ੍ਹਾਂ ਵਿਸ਼ਵਾਸਪਾਤਰ ਲੋਕਾਂ ਨਾਲ ਰਿਸ਼ਤੇ ਜੋੜਦੇ ਹਾਂ ਜਿਨ੍ਹਾਂ 'ਤੇ ਸਾਨੂੰ ਯਕੀਨ ਹੁੰਦਾ ਹੈ।

ਸੰਨ 2007 ਵਿਚ ਖੋਜੀ ਕ੍ਰਿਸਟਾਕੀ ਦੀ 'ਨਿਊ ਇੰਗਲੈਂਡ ਜਰਨਲ ਆਫ ਮੈਡੀਸਨ' ਵਿਚ ਦੁਨੀਆ ਦੀ ਸਭ ਤੋਂ ਮਸ਼ਹੂਰ ਖੋਜ 'ਫਰਮਿੰਗਮ ਖੋਜ' ਛਪੀ ਸੀ। ਇਸ ਵਿਚ ਦੱਸਿਆ ਗਿਆ ਸੀ ਕਿ ਕਿਸੇ ਵੀ ਮੋਟੇ ਬੱਚੇ ਦੇ ਦੋਸਤਾਂ ਵਿੱਚੋਂ ਉਸ ਦੇ 57 ਫ਼ੀਸਦੀ ਦੋਸਤ ਵੀ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਜੇ ਇਨ੍ਹਾਂ ਦੋਸਤਾਂ ਦੇ ਸਮੂਹ ਵਿੱਚੋਂ ਕਿਸੇ ਹੋਰ ਸਮੂਹ ਨਾਲ ਕੋਈ ਬੱਚਾ ਵਾਕਫ਼ੀਅਤ ਰੱਖਦਾ ਹੋਵੇ, ਤਾਂ ਉਸ

ਇਸ ਖੋਜ ਨੂੰ ਕੁਝ ਅਗਾਂਹ ਵਧਾਉਂਦੇ ਹੋਏ ਫੇਸਬੁੱਕ ਅਤੇ ਸੋਸ਼ਲ ਰਾਹੀਂ ਜੁੜੇ ਦੋਸਤ ਵੀ ਸ਼ਾਮਲ ਕੀਤੇ ਗਏ। ਇਹ ਨਤੀਜਾ ਨਿਕਲਿਆ ਕਿ

ਇਕ ਕਲਾਸ, ਇਕ ਕਾਲੋਨੀ, ਕੰਮਕਾਰ ਦੇ ਗਰੁੱਪ, ਫੈਕਟਰੀ ਦੇ ਕਾਮੇ, ਹਸਪਤਾਲ ਵਿਚਲੇ ਡਾਕਟਰ, ਦਫ਼ਤਰ ਦੇ ਕਰਮਚਾਰੀ, ਲੇਖਕ, ਧਾਰਮਿਕ ਆਦਿ ਕੋਈ ਵੀ ਇਕ ਗਰੁੱਪ ਵਿਚ

**ਵਤੀਰੇ 'ਤੇ ਅਸਰ**

• ਰੋਜ਼ ਦੇਰ ਰਾਤ ਤਕ ਜਾਗਣ ਤੇ ਲਗਾਤਾਰ ਫੇਸਬੁੱਕ ਈ-ਮੇਲਜ਼, ਵ੍ਹਟਸਐਪ 'ਤੇ ਨਵੀਂ ਹਰ ਪੋਸਟ ਵੇਖਣ ਅਤੇ ਉਸ ਦਾ ਜਵਾਬ ਦੇਣ

ਗੱਲ 'ਤੇ ਭੜਕ ਕੇ ਦੂਜੇ ਨੂੰ ਜਾਨੋਂ ਮਾਰ ਦੇਣ ਤਕ ਦੀ ਨੌਬਤ ਆ ਜਾਂਦੀ ਹੈ। ਫੋਕੀ ਵਾਹ-ਵਾਹੀ ਖੱਟਣ ਲਈ ਔਖੀਆਂ ਥਾਵਾਂ 'ਤੇ ਸੈਲਫ਼ੀਆਂ ਲਏ ਜਾਣ ਕਾਰਨ ਕਈ ਜਾਨਾਂ

> ਸੋਸ਼ਲ ਮੀਡੀਆ ਨਾਲ ਜੁੜੇ ਲੋਕ ਨਾ ਤਾਂ ਪੂਰੀ ਨੀਂਦ ਲੈਂਦੇ ਹਨ ਤੇ ਨਾ ਲੋੜੀਂਦਾ ਸਮਾਂ ਦਿਮਾਗ਼ ਨੂੰ ਦਿੰਦੇ ਹਨ। ਲੋੜੋਂ ਵੱਧ ਇਸ ਦੀ ਵਰਤੋਂ ਨਾਲ ਐਲਜ਼ਾਈਮਰ, ਯਾਦਦਾਸ਼ਤ ਦੀ ਕਮੀ ਵਰਗੇ ਰੋਗਾਂ ਨੂੰ ਸਹੇੜ ਰਹੇ ਹਨ...



# ਸੋਸ਼ਲ ਮੀਡੀਆ ਦਾ ਸਰੀਰ ਤੇ ਵਿਹਾਰ 'ਤੇ ਅਸਰ







ਡਾ. ਹਰਸ਼ਿੰਦਰ ਕੌਰ
0175-2216783

## ਚੱਲ ਰਹੀਆਂ ਖੋਜਾਂ

ਇਸ ਸਬੰਧੀ ਹੋ ਰਹੀਆਂ ਨਵੀਆਂ ਖੋਜਾਂ ਰਾਹੀਂ ਇਹ ਚਾਨਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿੰਨੇ ਫ਼ੀਸਦੀ ਬੱਚਿਆਂ ਵਿਚ ਮੋਟਾਪੇ ਦੇ ਵਧਣ ਦਾ ਕਾਰਨ ਸੋਸ਼ਲ ਮੀਡੀਆ ਹੈ? ਸੋਸ਼ਲ ਮੀਡਆ ਦਾ ਬੱਚਿਆਂ ਦੇ ਖਾਣ-ਪੀਣ 'ਤੇ ਕੀ ਅਸਰ ਪੈ ਰਿਹਾ ਹੈ? ਸਾਹ ਦੀਆਂ ਬੀਮਾਰੀਆਂ ਤੇ ਚਮੜੀ ਰੋਗਾਂ ਵਿਚ ਕਿੰਨਾ ਵਾਧਾ ਹੋਇਆ ਹੈ? ਅੱਖਾਂ 'ਤੇ ਪੈਂਦੇ ਅਸਰ ਤੇ ਛੋਟੀ ਉਮਰ ਵਿਚ ਲੱਗ ਰਹੀਆਂ ਐਨਕਾਂ ਦੇ ਕਾਰਨ? ਕੰਪਿਊਟਰ ਅੱਗੇ ਬਹਿ ਕੇ ਮੋਟਾਪੇ ਦਾ ਸ਼ਿਕਾਰ ਹੋਈਆਂ ਔਰਤਾਂ 'ਚ ਵਧ ਰਿਹਾ ਹਾਰਮੋਨਜ਼ ਦਾ ਅਸਾਵਾਂਪਨ ਤੇ ਮਾਹਵਾਰੀ ਵਿਚ ਗੜਬੜੀ। ਵਧਦੇ ਮੋਟਾਪੇ ਕਾਰਨ ਕੈਂਸਰ 'ਚ ਵਾਧਾ। ਸੋਸ਼ਲ ਮੀਡੀਆ ਕਾਰਮ ਬੱਚਿਆਂ 'ਚ ਆ ਰਹੀ ਸਹਿਣਸ਼ੀਲਤਾ ਦੀ ਘਾਟ ਦੇ ਕਾਰਨਾਂ ਨੂੰ ਨਵੀਆਂ ਖੋਜਾਂ ਜ਼ਰੀਏ ਜਾਨਣ ਦੇ ਯਤਨ ਕੀਤੇ ਜਾ ਰਹੇ ਹਨ।

## ਹੁਣ ਤਕ ਦੀਆਂ ਖੋਜਾਂ

ਸੋਸ਼ਲ ਮੀਡੀਆ ਬੱਚਿਆਂ ਨੂੰ ਢੀਠ, ਲੜਾਕੇ, ਛੇਤੀ ਭੜਕ ਜਾਣ ਵਾਲੇ ਤੇ ਪੜ੍ਹਾਈ ਤੋਂ ਮਨ ਚੁਰਾਉਣ ਵਾਲੇ ਬਣਾ ਰਿਹਾ ਹੈ। ਇਸ ਰਾਹੀਂ ਫੈਲ ਰਹੀ ਨਫ਼ਰਤ ਭੀੜ ਦੀ ਮਾਨਸਿਕਤਾ ਤਿਆਰ ਕਰ ਰਹੀ ਹੈ। ਤਣਾਅ, ਮੋਟਾਪਾ, ਸ਼ੱਕਰ ਰੋਗ ਤੇ ਬਲੱਡ ਪ੍ਰੈਸ਼ਰ ਦਾ ਛੋਟੀ ਉਮਰ 'ਚ ਹੋਣਾ ਤੇ ਇਨ੍ਹਾਂ ਅਲਾਮਤਾਂ ਦੇ ਮਰੀਜ਼ਾਂ ਦੀ ਗਿਣਤੀ 'ਚ ਚਾਰ ਸੰਨ 2007 ਵਿਚ ਖੋਜੀ ਕ੍ਰਿਸਟਾਕੀ ਦੀ 'ਨਿਊ ਇੰਗਲੈਂਡ ਜਰਨਲ ਆਫ ਮੈਡੀਸਨ' ਵਿਚ ਦੁਨੀਆ ਦੀ ਸਭ ਤੋਂ ਮਸ਼ਹੂਰ ਖੋਜ 'ਫਰਮਿੰਗਮ ਖੋਜ' ਛਪੀ ਸੀ। ਇਸ ਵਿਚ ਦੱਸਿਆ ਗਿਆ ਸੀ ਕਿ ਕਿਸੇ ਵੀ ਮੋਟੇ ਬੱਚੇ ਦੇ ਦੋਸਤਾਂ ਵਿੱਚੋਂ ਉਸ ਦੇ 57 ਫ਼ੀਸਦੀ ਦੋਸਤ ਵੀ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਜੇ ਇਨ੍ਹਾਂ ਦੋਸਤਾਂ ਦੇ ਸਮੂਹ ਵਿੱਚੋਂ ਕਿਸੇ ਹੋਰ ਸਮੂਹ ਨਾਲ ਕੋਈ ਬੱਚਾ ਵਾਕਫ਼ੀਅਤ ਰੱਖਦਾ ਹੋਵੇ, ਤਾਂ ਉਸ ਗਰੁੱਪ ਵਿਚਲੇ ਬੱਚੇ ਵੀ ਅਜਿਹੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਪ੍ਰਭਾਵ ਹੇਠ ਆ ਜਾਂਦੇ ਹਨ।

ਗਰੁੱਪ ਵਿਚਲੇ ਬੱਚੇ ਵੀ ਅਜਿਹੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਪ੍ਰਭਾਵ ਹੇਠ ਆ ਜਾਂਦੇ ਹਨ। ਕਮਾਲ ਤਾਂ ਇਹ ਹੈ ਕਿ ਉਨ੍ਹਾਂ ਵਿੱਚੋਂ ਵੀ ਅੱਗੋਂ 20 ਫ਼ੀਸਦੀ ਬੱਚੇ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਵੀ ਵੇਖਣ 'ਚ ਆਇਆ ਕਿ ਦੋ ਗਰੁੱਪਾਂ ਵਿਚਕਾਰਲਾ 'ਲਿੰਕ ਬੱਚਾ' ਭਾਵੇਂ ਆਪ ਮੋਟਾ ਨਾ ਵੀ ਹੋਵੇ, ਫਿਰ ਵੀ ਇਕ ਸਮੂਹ ਵਿਚਲੀ ਮੋਟਾਪੇ ਵਾਲੀ ਸੋਚ ਦੂਸਰੇ ਸਮੂਹ ਤਕ ਪਹੁੰਚਾ ਦਿੰਦਾ ਹੈ।





ਇਕ ਸਾਲ ਬਾਅਦ ਅਜਿਹੀ ਇਕ ਹੋਰ ਖੋਜ ਸਾਹਮਣੇ ਆਈ, ਜਿਸ ਵਿਚ ਸਿਗਰਟ ਪੀਣ ਦੇ ਆਦੀ ਬੰਦਿਆਂ ਦਾ ਹੋਰਨਾਂ 'ਤੇ ਅਸਰ ਘੋਖਿਆ ਗਿਆ।

ਇਹ ਵੇਖਣ 'ਚ ਆਇਆ ਕਿ ਜਿਸ ਬੰਦੇ ਨੇ ਪਹਿਲੀ ਵਾਰ ਸਿਗਰਟ ਪੀਤੀ, ਉਸ ਦੇ ਦੋਸਤਾਂ ਵਿੱਚੋਂ 36 ਫ਼ੀਸਦੀ ਨੇ ਵੀ ਸਿਗਰਟ ਦਾ ਸੂਟਾ ਮਾਰਿਆ। ਫਿਰ ਅਜਿਹੀ ਹੀ ਇਕ ਖੋਜ ਗੁੱਸੇਖ਼ੋਰ ਬੰਦੇ 'ਤੇ ਕੀਤੀ ਗਈ। ਉਸ ਵਿਚ ਨਤੀਜੇ ਇਹ ਨਿਕਲੇ ਕਿ ਗੁਸੈਲ ਬੰਦੇ ਦੇ 68 ਫ਼ੀਸਦੀ ਦੋਸਤ ਵੀ ਖਿਝ ਕੇ ਬੋਲਣ ਵਾਲੇ, ਉੱ"1 ਬੋਲਣ ਜਾਂ ਗਾਲ੍ਹਾਂ ਕੱਢਣ ਦੇ ਆਦੀ ਬਣ ਜਾਂਦੇ ਹਨ। ਚੌਥੀ ਖੋਜ ਖ਼ੁਸ਼ਮਿਜ਼ਾਜ ਲੋਕਾਂ 'ਤੇ ਕੀਤੀ ਗਈ। ਉਥੇ ਵੀ ਨਤੀਜੇ ਕੁਝ ਅਜਿਹੇ ਹੀ ਸਨ। ਨਾ ਸਿਰਫ਼ ਉਸ ਗਰੁੱਪ ਵਿਚ ਬਲਕਿ ਇਨਸਾਨੀ ਕੜੀ ਰਾਹੀਂ ਜੁੜੇ ਦੂਜੇ ਗਰੁੱਪ ਤੇ ਤੀਜੇ ਗਰੁੱਪ ਤਕ ਵੀ ਇਸ ਦਾ ਅਸਰ ਵੇਖਿਆ ਗਿਆ, ਜਾਣੀਂ ਦੋਸਤਾਂ ਦੇ ਦੋਸਤਾਂ ਦੇ ਦੋਸਤਾਂ ਤਕ ਇਨਸਾਨੀ ਦਿਮਾਗ਼ ਦੀਆਂ ਤਰੰਗਾਂ ਵਿਹਾਰ ਉੱਥੇ ਪੈਂਦਾ ਚੰਗਾ-ਮਾੜਾ ਅਸਰ ਪਹੁੰਚਾ ਦਿੰਦੀਆਂ ਹਨ ਪਰ ਮਾੜਾ ਅਸਰ ਵਧੇਰੇ ਛੇਤੀ ਪਹੁੰਚਦਾ ਹੈ।

ਮੋਟਾਪਾ, ਸ਼ਰਾਬ ਪੀਣੀ, ਸਿਗਰਟ ਪੀਣੀ, ਨਸ਼ਾ ਕਰਨਾ, ਹਥਿਆਰਾਂ ਦਾ ਸ਼ੌਕ ਪਾਲਣਾ, ਗੁਸੈਲ ਜਾਂ ਹਸਮੁੱਖ ਬਣਨਾ, ਵਾਲਾਂ ਦਾ ਨਵਾਂ ਫੈਸ਼ਨ, ਸਿਆਸੀ ਪਾਰਟੀਆਂ ਵੱਲ ਝੁਕਾਅ ਤੋਂ ਇਲਾਵਾ ਨਵੀਆਂ ਕਾਰਾਂ, ਮੋਟਰਸਾਈਕਲਾਂ, ਪੌਸ਼ਾਕਾਂ ਆਦਿ ਗੱਲ ਦੀ ਹਰ ਨਿੱਕੀ ਤੋਂ ਨਿੱਕੀ ਚੀਜ਼ 'ਤੇ ਗਰੁੱਪ ਦਾ ਅਸਰ ਪੈਂਦਾ ਹੈ। ਚਾਹੇ ਅਣਚਾਹੇ ਹੀ ਸਹੀ ਪਰ ਦਿਮਾਗ਼ ਵੱਲ ਵਾਰ-ਵਾਰ ਜਾਂਦੇ ਸੁਨੇਹਿਆਂ ਰਾਹੀਂ ਬੰਦੇ ਦੇ ਵਿਹਾਰ 'ਤੇ ਬਦੋਬਦੀ ਅਸਰ ਪੈ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਇਕ ਸ਼ਖ਼ਸੀਅਤ ਦੇ ਕਿਰਦਾਰ ਦਾ ਤੀਜੇ ਗਰੁੱਪ ਤਕ ਅਸਰ ਵੇਖਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਕਦੇ ਨਾ ਮਿਲਿਆ ਗਿਆ ਹੋਵੇ ਤੇ ਅਜਿਹਾ ਅਸਰ ਵਤੀਰੇ ਵਿਚ ਪਰਿਵਰਤਨ ਕਰਨ ਦੇ ਸਮਰੱਥ ਹੈ। ਜਦੋਂ ਫੇਸਬੁੱਕ ਜਾਂ ਵ੍ਹਟਸਐਪ ਗਰੁੱਪਾਂ ਵੱਲ ਝਾਤ ਮਾਰੀਏ ਤਾਂ ਕੁਝ ਅਜਿਹਾ ਹੀ ਨਜ਼ਰੀਂ ਪੈਂਦਾ ਹੈ। ਉੱਥੇ ਗਰੁੱਪ ਦੇ ਮੈਂਬਰ ਚੁਣਨ ਲਈ ਕੋਈ ਨਾ ਕੋਈ ਸਾਂਝ ਜਾਂ ਇਕਸੁਰਤਾ ਦੀ ਭਾਲ ਕੀਤੀ ਜਾਂਦੀ ਹੈ। ਅਜਿਹੀ ਸਾਂਝ

ਹੋ ਸਕਦੇ ਹਨ। ਵੱਖ-ਵੱਖ ਥਾਵਾਂ ਤੋਂ, ਵੱਖ-ਵੱਖ ਸੋਚ ਨਾਲ, ਵੱਖਰੇ ਕਾਇਦੇ, ਵੱਖਰਾ ਖਾਣ-ਪੀਣ ਤੇ ਪਹਿਨਣ ਦਾ ਸ਼ੌਕ ਰੱਖਦੇ ਹੋਏ ਸਾਰੇ ਗਰੁੱਪ ਮੈਂਬਰਾਂ ਵਿੱਚੋਂ ਬਥੇਰੇ ਹੋਰ ਗਰੁੱਪਾਂ ਵਿਚ ਵੀ ਮੈਂਬਰ ਹੁੰਦੇ ਹਨ। ਇਨ੍ਹਾਂ ਵਿੱਚੋਂ ਕਈ ਵੱਖਰੇ ਮੁਲਕਾਂ ਦੇ ਵਾਸੀ ਵੀ ਹੁੰਦੇ ਹਨ। ਹਰ ਕੋਈ ਆਪੋ ਆਪਣੀ ਸੋਚ ਸੋਸ਼ਲ ਮੀਡੀਆ 'ਤੇ ਥੋਪਦਾ ਹੈ। ਕਈ ਉਸ ਸੋਚ ਨਾਲ ਰਲਵੀਂ ਤੇ ਕੋਈ ਉਲਟ ਵਿਚਾਰਧਾਰਾ ਰੱਖਦੇ ਹੋਏ ਆਪਣੀ ਸ਼ਮੂਲੀਅਤ ਕਰਦੇ ਰਹਿੰਦੇ ਹਨ। ਜਿਹੜਾ ਕਿਸੇ ਇਕ ਸੋਚ ਤੋਂ ਪ੍ਰਭਾਵਿਤ ਹੋ ਜਾਵੇ, ਉਹ ਅਗਲੇ ਗਰੁੱਪ ਨਾਲ ਉਸੇ ਸੋਚ ਨੂੰ ਸਾਂਝੀ ਕਰਦਾ ਹੈ। ਇਸ ਤਰ੍ਹਾਂ ਇਕ ਤਰ੍ਹਾਂ ਦੀ ਸੋਚ ਆਪੇ ਹੀ ਲੱਖਾਂ ਤਕ ਪਹੁੰਚ ਜਾਂਦੀ। ਜਿਹੜਾ ਸਭ ਤੋਂ ਵੱਧ ਮਾੜਾ ਰੁਝਾਨ ਵੇਖਣ 'ਚ ਆ ਰਿਹਾ ਹੈ, ਉਹ ਹੈ ਦੂਜੇ ਨਾਲ ਤੁਲਨਾ ਕਰਨ ਦਾ। ਮਿਸ਼ੀਗਨ ਯੂਨੀਵਰਸਿਟੀ ਵਿਚ ਲੋਕਾਂ ਦਾ ਇਕ-ਦੂਜੇ ਨੂੰ ਵੇਖ ਕੇ ਉਸੇ ਤਰ੍ਹਾਂ ਦੀ ਮਹਿੰਗੀ ਪੌਸ਼ਾਕ ਪਾਉਣ ਦਾ ਰੁਝਾਨ, ਉਸੇ ਤਰ੍ਹਾਂ ਦੀ ਮਹਿੰਗੀ ਕਾਰ, ਜੁੱਤੀਆਂ, ਗਹਿਣੇ ਆਦਿ ਨਾਲ ਜਿੱਥੇ ਫੈਸ਼ਨ ਨੂੰ ਹਵਾ ਮਿਲ ਰਹੀ ਪਾਈ ਗਈ ਜਦਕਿ ਬੱਚਿਆਂ ਦੀਆਂ ਬੇਲੋੜੀਆਂ ਮੰਗਾਂ ਕਾਰਨ ਮਾਪਿਆਂ 'ਤੇ ਪੈਸੇ ਦਾ ਵਾਧੂ ਬੋਝ ਵੀ ਪੈ ਰਿਹਾ ਹੈ। ਅਜਿਹਾ ਕਰਨ ਨਾਲ ਜਿੱਥੇ ਰਿਸ਼ਤਿਆਂ ਵਿਚ ਫਿੱਕ ਆ ਜਾਂਦੀ ਹੈ, ਉਥੇ ਕਈ ਮਾਪੇ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਦੀ ਫੋਕੀ ਟੌਹਰ ਬਣਾਈ ਰੱਖਣ ਲਈ ਪਿਸ ਜਾਂਦੇ ਹਨ।

**ਸੋਸ਼ਲ ਮੀਡੀਆ ਦਾ**

ਨਾਲ ਪੂਰੀ ਤੇ ਡੂੰਘੀ ਨੀਂਦ ਨਹੀਂ ਲਈ ਜਾ ਸਕਦੀ। ਇੰਜ ਦਿਮਾਗ਼ ਥੱਕਿਆ ਮਹਿਸੂਸ ਹੁੰਦਾ ਹੈ, ਸਿਰ ਭਾਰਾ ਲਗਦਾ ਹੈ ਤੇ ਸਰੀਰ ਚੁਸਤ ਨਹੀਂ ਰਹਿੰਦਾ। ਹੌਲੀ-ਹੌਲੀ ਤਣਾਅ ਵਧਣ ਲਗਦਾ ਹੈ। ਇਸੇ ਲਈ ਛੋਟੀ ਉਮਰ 'ਚ ਹਾਰਟ ਅਟੈਕ, ਸ਼ੂਗਰ ਰੋਗ, ਜੋੜਾਂ ਦੇ ਦਰਦ, ਐਲਰਜੀ, ਭੁੱਖ ਘਟ ਜਾਂ ਵਧ ਜਾਣਾ, ਮੋਟਾਪਾ ਆਦਿ ਸਮੱਸਿਆਵਾਂ ਵੇਖਣ ਨੂੰ ਮਿਲ ਰਹੀਆਂ ਹਨ।

• ਬੱਚਿਆਂ ਦੀਆਂ ਵਧਦੀਆਂ ਤੇ ਬੇਲੋੜੀਆਂ ਮੰਗਾਂ, ਮਾਪਿਆਂ ਵੱਲੋਂ ਸਾਰੀਆਂ ਮੰਗਾਂ ਪੂਰੀਆਂ ਨਾ ਕਰ ਸਕਣਾ, ਭੈਣ-ਭਰਾਵਾਂ 'ਚ ਅਜਿਹੀਆਂ ਮੰਗਾਂ ਕਾਰਨ ਪਾੜ ਪੈਣ ਵਰਗੇ ਵਰਤਾਰੇ ਸਾਂਝੇ ਪਰਿਵਾਰਾਂ ਨੂੰ ਵੀ ਦੋਫਾੜ ਕਰ ਰਹੇ ਹਨ।

• ਇਕ-ਦੂਜੇ ਨੂੰ ਵੇਖ ਕੇ ਕਿਸੇ ਨੂੰ ਭੰਡਣ ਜਾਂ ਨਿਖੇਧੀ ਕਰਨ ਨਾਲ ਵੀ ਪਹਿਲਾਂਆਪਣੇ ਦਿਮਾਗ਼ 'ਤੇ ਜ਼ੋਰ ਪਾਉਣਾ ਪੈਂਦਾ ਹੈ ਤੇ ਫਿਰ ਵਾਰ-ਵਾਰ ਉਸ ਦਾ ਜਵਾਬ ਪੜ੍ਹਨ ਲਈ ਤਣਾਅ ਸਹੇੜਨਾ ਪੈਂਦਾ ਹੈ। ਇੰਜ ਹੀ ਕਿਸੇ ਵੱਲੋਂ ਮਾੜਾ ਕਹੇ ਜਾਣ 'ਤੇ ਕੋਈ ਇੰਨੀ ਢਹਿੰਦੀ ਕਲਾ ਵਿਚ ਜਾ ਸਕਦਾ ਹੈ ਕਿ ਉਸ ਨੂੰ ਦਵਾਈਆਂ ਤਕ ਖਾਣੀਆਂ ਪੈ ਸਕਦੀਆਂ ਹਨ।

• ਬੇਤੁਕੀਆਂ ਖ਼ਬਰਾਂ ਤੋਂ ਉਪਜੀ ਗ਼ਲਤਫ਼ਹਿਮੀ ਚੰਗੇ ਭਲੇ ਰਿਸ਼ਤਿਆਂ 'ਚ ਪਾੜ ਪਾ ਦਿੰਦੀ ਹੈ।

• ਅਫ਼ਵਾਹਾਂ ਤੇ ਪਾਖੰਡੀ ਲੋਕਾਂ ਵੱਲੋਂ ਪਾਈਆਂ ਗਈਆਂ ਝੂਠੀਆਂ ਖ਼ਬਰਾਂ ਕਈਆਂ ਨੂੰ ਗ਼ਲਤ ਰਾਹੇ ਪਾ ਦਿੰਦੀਆਂ ਹਨ ਤੇ ਅਜਿਹੇ ਫਰੇਬ ਦੁਆਰਾ ਠੱਗੇ ਗਏ ਲੋਕ ਕਈ ਵਾਰ ਆਤਮ-ਹੱਤਿਆ ਤਕ ਕਰ ਲੈਂਦੇ ਹਨ।



**ਇਨਸਾਨ ਦੇ ਵਤੀਰੇ 'ਤੇ ਅਸਰ**

ਲਗਾਤਾਰ ਜਮ੍ਹਾ ਹੋਣ ਵਾਲਾ ਤਣਾਅ ਤੇ ਗੁੱਸਾ, ਖਰ੍ਹਵੇ ਬੋਲ ਬੋਲਣ ਲਈ ਵਿਅਕਤੀ ਨੂੰ ਮਜਬੂਰ ਕਰ ਦਿੰਦਾ ਹੈ। ਚੰਗੇ ਭਲੇ ਪਰਿਵਾਰਾਂ ਦੇ ਟੁੱਟਣ ਦੇ ਮਾਮਲੇ ਵਧ ਰਹੇ ਹਨ। ਬੱਚੇ ਮਾਪਿਆਂ ਦੇ ਆਖੇ ਨਹੀਂ ਲੱਗ ਰਹੇ ਤੇ ਅੱਗੋਂ ਜਵਾਬ ਦੇਣ ਲੱਗ ਪਏ ਹਨ। ਘਰੋਂ ਬਾਹਰ ਛੋਟੀ ਉਮਰੇ ਰਿਸ਼ਤੇ ਗੰਢੇ ਜਾ ਰਹੇ ਹਨ। ਸਮਲਿੰਗੀ ਸਬੰਧ ਵਧ ਰਹੇ ਹਨ। ਬਾਲ ਉਮਰ 'ਚ ਹੀ ਜਿਸਮਾਨੀ ਸਬੰਧ ਬਣਨੇ ਸ਼ੁਰੂ ਹੋ ਚੁੱਕੇ ਹਨ। ਅਣਵਿਆਹੀਆਂ ਮਾਵਾਂ ਦੀ ਗਿਣਤੀ ਵਧੀ ਹੈ। ਨਿੱਕੀ ਜਹੀ

ਜਾ ਰਹੀਆਂ ਹਨ। ਐਕਸੀਡੈਂਟ ਵੇਲੇ ਜ਼ਖ਼ਮੀਆਂ ਦੀ ਮਦਦ ਕਰਨ ਦੀ ਥਾਂ ਫਿਲਮਾਂ ਬਣਾ ਕੇ ਅਪਲੋਡ ਕਰਨ ਦਾ ਰੁਝਾਨ ਵਧ ਰਿਹਾ ਹੈ।

**ਸਾਰ**

ਇਨਸਾਨੀ ਸਰੀਰ ਦੀ ਬਣਤਰ ਅਜਿਹੀ ਹੈ ਕਿ ਇਸ ਨੂੰ ਲਗਾਤਾਰ ਸਾਫ਼ ਸਫ਼ਾਈ ਦੀ ਲੋੜ ਰਹਿੰਦੀ ਹੈ। ਜੇ ਮੂੰਹ ਰਾਹੀਂ ਕੁਝ ਖਾਧਾ ਜਾ ਰਿਹਾ ਹੈ ਤਾਂ ਮਲ ਮੂਤਰ ਰਾਹੀਂ ਬਾਹਰ ਨਿਕਲਣਾ ਹੈ। ਕੰਨਾਂ ਅੰਦਰੋਂ ਵੀ ਕੁਦਰਤੀ ਤਰੀਕੇ ਸਫ਼ਾਈ ਰਾਹੀਂ ਮੈਲ ਬਾਹਰ ਨਿਕਲਦੀ ਰਹਿੰਦੀ ਹੈ। ਇੰਜ ਹੀ ਜਿਗਰ, ਗੁਰਦਾ, ਫੇਫੜੇ ਆਪਣੀ ਸਫ਼ਾਈ ਕਰਦੇ ਰਹਿੰਦੇ ਹਨ। ਦਿਮਾਗ਼ ਲਈ ਵੀ ਸਫ਼ਾਈ ਦੀ ਓਨੀ ਹੀ ਲੋੜ ਹੈ। ਇਸੇ ਲਈ ਦਿਨ ਭਰ ਦੀਆਂ ਸੁਣੀਆਂ ਵੇਖੀਆਂ ਗ਼ੱਲਾਂ ਵਿੱਚੋਂ ਫਜ਼ੂਲ ਚੀਜ਼ ਬਾਹਰ ਕੱਢ ਕੇ ਰਾਤ ਦੀ ਸੱਤ ਘੰਟੇ ਦੀ ਨੀਂਦ ਦੌਰਾਨ ਲੋੜੀਂਦੀਆਂ ਗ਼ੱਲਾਂ ਨੂੰ ਦਿਮਾਗ਼ ਆਪਣੀ ਹਾਰਡ ਡਿਸਕ ਓਥੇ ਫਿਕਸ ਕਰ ਲੈਂਦਾ ਹੈ। ਇਹ ਸਮਾਂ ਰਾਤ ਸਾਢੇ 9 ਤੋਂ ਸਵੇਰੇ 4.30 ਵਜੇ ਤਕ ਚੱਲਦਾ ਹੈ। ਸੋਸ਼ਲ ਮੀਡੀਆ ਨਾਲ ਜੁੜੇ ਲੋਕਾਂ ਦੇ ਦਿਮਾਗ਼ ਵੱਲ ਅਣਗਿਣਤ ਸੁਨੇਹੇ ਪਹੁੰਚਦੇ ਹਨ। ਕੁਝ ਡਰਾਉਣੇ, ਹਾਸੋਹੀਣੇ, ਘਬਰਾਹਟ ਪੈਦਾ ਕਰਨ, ਰੁਆਉਣ, ਖਿਝ ਪੈਦਾ ਕਰਨ, ਗੁੱਸਾ ਦਿਵਾਉਣ, ਢਹਿੰਦੀ ਕਲਾ ਵਾਲੇ ਤੇ ਅਜਿਹੇ ਹੀ ਵੱਖੋ-ਵੱਖਰੇ ਅਨੇਕਾਂ ਸੁਨੇਹੇ, ਜਿਨ੍ਹਾਂ ਨੂੰ ਦਿਮਾਗ਼ ਵਾਸਤੇ ਅਲੱਗ-ਅਲੱਗ ਹਿੱਸਿਆਂ ਦੀਆਂ ਫਾਈਲਾਂ 'ਚ ਸਾਂਭਦਾ ਰਹਿੰਦਾ ਹੈ। ਉਸ ਤੋਂ ਬਾਅਦ ਦਿਮਾਗ਼ ਨੇ ਸਭ ਕੁਝ ਇਕੱਠਾ ਕਰ ਕੇ ਤਰਕਕਰਨ ਵਾਲੇ ਹਿੱਸੇ ਵਿਚ ਭੇਜਣਾ ਹੁੰਦਾ ਹੈ ਤੇ ਫਿਰ ਸਿਰਫ਼ ਲੋੜੀਂਦੀ ਚੀਜ਼ ਸਾਂਭ ਕੇ ਬਾਕੀ ਕੂੜੇ ਦੇ ਢੇਰ ਉੱਥੇ ਸੁੱਟ ਦੇਣਾ ਹੁੰਦਾ ਹੈ ਸੋਸ਼ਲ ਮੀਡੀਆ ਨਾਲ ਜੁੜੇ ਬੰਦੇ ਨਾ ਤਾਂ ਪੂਰੀ ਨੀਂਦ ਲੈਂਦੇ ਹਨ ਤੇ ਨਾ ਹੀ ਲੋੜੀਂਦਾ ਸਮਾਂ ਦਿਮਾਗ਼ ਨੂੰ ਦਿੰਦੇ ਹਨ। ਰਾਤ ਨੂੰ ਸੌਣ ਲੱਗਿਆਂ ਤੇ ਫਿਰ ਓਥੇ ਸਾਰ ਮੋਬਾਈਲ ਨੂੰ ਝਪਟਾ ਮਾਰ ਕੇ ਫੜਨ ਵਾਲਾ ਰੁਝਾਨ ਦਿਮਾਗ਼ ਨੂੰ ਲੋੜੋਂ ਵੱਧ ਥਕਾ ਕੇ ਐਲਜ਼ਾਈਮਰ, ਪਾਰਕਿਨਸਨ, ਯਾਦਦਾਸ਼ਤ ਦੀ ਕਮੀ ਵਰਗੇ ਰੋਗਾਂ ਨੂੰ ਤਾਂ ਸਹੇੜ ਹੀ ਰਹੇ ਹਨ ਪਰ ਛੋਟੀ ਉਮਰੇ ਦਿਲ ਦੇ ਰੋਗ ਪਾਲ ਕੇ ਦੁਨੀਆ ਨੂੰ ਅਲਵਿਦਾ ਵੀ ਕਹਿ ਰਹੇ ਹਨ। ਇਸੇ ਲਈ ਜ਼ਰੂਰੀ ਹੈ ਸੋਸ਼ਲ ਮੀਡੀਆ ਲਈ ਖ਼ਾਸ ਸਮਾਂ ਮੁਕਰਰ ਕੀਤਾ ਜਾਵੇ ਉਹ ਵੀ ਸਿਰਫ਼ ਦੋ ਘੰਟੇ ਰੋਜ਼। ਰਾਤ ਨੂੰ ਸੌਣ ਤੋਂ ਘੰਟਾ ਪਹਿਲਾਂ ਮੋਬਾਈਲ ਨਹੀਂ ਫੜਨਾ ਤੇ ਸਵੇਰੇ ਨਾਸ਼ਤੇ ਤਕ ਵੀ ਹੱਥ ਨਹੀਂ ਲਾਉਣਾ। ਡਾਕਟਰਾਂ ਦਾ ਕੰਮ ਹੁੰਦਾ ਹੈ ਵੇਲੇ ਸਿਰ ਚੇਤੰਨ ਕਰਨਾ। ਜੇ ਹਾਲੇ ਵੀ ਮਨਮਰਜ਼ੀ ਹੀ ਕਰਨੀ ਹੈ, ਤਾਂ ਰੱਬ ਰਾਖਾ।

# ASA MAI HINDU TEMPLE

Proudly Presents

15th

# DIWALI MELA

Festival of Lights

## SUNDAY OCT 13, 2019

## 12 - 8PM

80E Barclay Street, Hicksville NY

Across from temple

**Attractions:**

DJ, Live Music & Dance
Carnival Rides
Food & Shopping Stalls
Entertainment, Games
Handicrafts
........And Much More



**FOR SPONSORSHIPS AND BOOTH INFORMATION**

| | |
|---|---|
| Sena P. Lund | (516) 567-2561 |
| Vinny Shikapuri | (516) 375-7969 |
| Temple | (516) 433-4388 |
| Sunder Luthra | (917) 603-8950 |
| Gobind Bathija | (631)748-9333 For - Media/Journal |

**GRAND SPONSORS**

HAB BANK
PATEL BROTHERS
NAVIKA GROUP OF COMPANIES
PANAM MORTGAGE
VASS PIPE & STEEL CO., INC.
BCB INDUS AMERICAN BANK Your Community Bank
Plainview Hospital Northwell Health

**MEDIA SPONSORS**

BOLLYWOOD
The INDIAN PANORAMA
The South Asian Times excellence in journalism
The South Asian INSIDER
Hum Hindustani U.S.A.
TV ASIA

**FREE PARKING**
**FREE ENTRANCE**



# ਵਿਆਹ ਵਾਲੇ ਦਿਨ ਦੇ ਲਈ ਦੁਲਹਨਾਂ ਲਈ ਕੁੱਝ ਹੈਕਸ

✿ ਵਤਨਦੀਪ ਕੌਰ

ਤੁਹਾਡੇ ਵਿਆਹ ਵਾਲਾ ਦਿਨ ਤੁਹਾਡੀ ਜ਼ਿੰਦਗੀ ਦੇ ਸਭ ਤੋਂ ਵਧੀਆ ਦਿਨਾਂ ਦੇ ਵਿੱਚੋਂ ਇੱਕ ਹੁੰਦਾ ਹੈ। ਸਾਰੀਆਂ ਅੱਖਾਂ ਤੁਹਾਡੇ ’ਤੇ ਹੋਣਗੀਆਂ ਅਤੇ ਫੋਟੋਆਂ ਦਾ ਤਾਂ ਕੋਈ ਅੰਤ ਹੀ ਨਹੀਂ। ਬਹੁਤ ਹੀ ਸੁੰਦਰ ਸਜਾਵਟ ਅਤੇ ਸੈੱਟਅਪ ਦੇ ਨਾਲ, ਤੁਹਾਨੂੰ ਆਪਣੀ ਦਿੱਖ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਦਿਨ ਦੀ ਰੋਸ਼ਨੀ ਦੇ ਹਿਸਾਬ ਦੇ ਨਾਲ ਸਭ ਚੀਜ਼ਾਂ ਸੈੱਟ ਕਰਨੀਆਂ ਚਾਹੀਦੀਆਂ ਹਨ। ਤੇ ਜਦੋਂ ਗੱਲ ਮੇਕਅਪ ਦੀ ਆਵੇ ਤਾਂ ਇਸ ਗੱਲ ਨੂੰ ਪੱਕਾ ਕਰ ਲਓ ਕਿ ਇਹ ਬਿਲਕੁਲ ਸਹੀ ਹੋਵੇ। ਆਪਣੇ ਸਭ ਤੋਂ ਵਧੀਆ ਫੀਚਰਜ਼ ਨੂੰ ਉਭਾਰੋ ਅਤੇ ਪੂਰੀ ਦਿੱਖ ਨੂੰ ਸਧਾਰਨ ਪਰ ਖ਼ੂਬਸੂਰਤ ਰੱਖੋ। ਆਪਣੇ ਵਿਆਹ ਤੋਂ ਪਹਿਲਾਂ ਵਾਲੇ ਸਮਾਗਮਾਂ ਦੇ ਵਿੱਚ ਅਤੇ ਵਿਆਹ ਵਾਲੇ ਦਿਨ ਵੀ ਦਿਨ ਦੇ ਵਿੱਚ ਆਪਣੇ ਸਭ ਤੋਂ ਵਧੀਆ ਰੂਪ ਦੇ ਵਿੱਚ ਦਿਖਾਈ ਦੇਣ ਦੇ ਲਈ ਇਹਨਾਂ ਦਾ ਲਓ ਸਾਥ।

-ਮੇਕਅਪ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਚਮੜੀ ਨੂੰ ਇਸ ਦੇ ਲਈ ਤਿਆਰ ਕਰਨਾ ਬਹੁਤ ਜ਼ਰੂਰੀ ਹੈ। ਇਸ ਗੱਲ ਦਾ ਧਿਆਨ ਰੱਖੋ ਕਿ ਵਿਆਹ ਵਾਲੇ ਦਿਨ ਤੋਂ ਪਹਿਲਾਂ ਵਾਲੀ ਰਾਤ ਅਤੇ ਵਿਆਹ ਵਾਲੇ ਦਿਨ ਸਵੇਰੇ ਆਪਣੀ ਚਮੜੀ ਨੂੰ ਚੰਗੀ ਤਰ੍ਹਾਂ ਮਾਸ਼ਚਰਾਈਜ਼ ਕਰੋ ਨੂੰ ਭੁੱਲੋ। ਇਸ ਤੋਂ ਬਾਅਦ, ਇੱਕ ਚੰਗੇ ਪ੍ਰਾਈਮਰ ਤੋਂ ਸ਼ੁਰੂ ਕਰੋ, ਇਹ ਫਾਊਂਡੇਸ਼ਨ ਨੂੰ ਚੰਗੀ ਤਰ੍ਹਾਂ ਚਮੜੀ ’ਤੇ ਲਗਾਉਣ ਦੇ ਲਈ ਇੱਕ ਨਰਮ ਕੈਨਵਸ ਬਣਾ ਦੇਵੇਗਾ। ਇਹ ਮੇਕਅਪ ਨੂੰ ਇੱਕ ਚੰਗੀ ਫੀਨੀਸ਼ਿੰਗ ਦੇਵੇਗਾ ਅਤੇ ਇਸ ਦੇ ਨਾਲ ਮੇਕਅਪ ਵੀ ਜ਼ਿਆਦਾ ਦੇਰ ਤੱਕ ਟਿਕਿਆ ਰਹੇਗਾ।

-ਇੱਕ ਸਹੀ ਫਾਊਂਡੇਸ਼ਨ ਦੀ ਚੋਣ ਕਰੋ, ਜੋ ਕਿ ਦਿਨ ਦੀ ਦਿੱਖ ਦੇ ਲਈ ਇੱਕ ਬੇਸ ਦਾ ਕੰਮ ਕਰਦਾ ਹੈ ਜਦੋਂ ਇਹ ਨਿਊਟ੍ਰਲ ਹੁੰਦਾ ਹੈ। ਫੁਲ-ਕਵਰੇਜ ਭਾਰੀ ਲੱਗ ਸਕਦੀ ਹੈ ਅਤੇ ਤਹਿਆਂ ਵਾਲੀ ਵੀ। ਦਾਗ-ਧੱਬਿਆਂ ਨੂੰ ਇੱਕ ਵਧੀਆ ਕੰਸੀਲਰ ਦੇ ਨਾਲ ਲੁਕਾ ਦਿਓ। ਚਮਕ ਨੂੰ ਸਹੀ ਰੱਖਣ ਦੇ ਲਈ ਥੋੜ੍ਹਾ ਕਾਮਪੈਕਟ ਲਗਾਓ।

-ਚਿੱਟੇ ਫੀਨੀਸ਼ਿੰਗ ਪਾਊਡਰ ਨੂੰ ਛੱਡ ਦਿਓ, ਜਿਹੜਾ ਕਿ ਕੈਮਰੇ ਦੀ ਫਲੈਸ਼ਲਾਈਟ ਦੇ ਚਿਹਰੇ ’ਤੇ ਪੈਣ ’ਤੇ ਵਾਈਟ ਕਾਸਟ ਨਾ ਪੈਦਾ ਕਰ ਦੇਵੇ।

-ਮੇਕਅਪ ਦਾ ਸਭ ਤੋਂ ਬੇਸਿਕ ਰੂਲ ਇਹ ਹੈ ਕਿ ਜਾਂ ਤੁਸੀਂ ਅੱਖਾਂ ਦੇ ਨਾਲ ਖੇਡੋ ਜਾਂ ਫਿਰ ਬੁੱਲ੍ਹਾਂ ਦੇ ਨਾਲ। ਜੇਕਰ ਤੁਹਾਡਾ ਧਿਆਨ ਅੱਖਾਂ ਨੂੰ ਹਾਈਲਾਈਟ ਕਰਨ ਵੱਲ ਹੈ ਤਾਂ ਬੁੱਲ੍ਹਾਂ ਦੇ ਉੱਤੇ ਹਲਕਾ ਜਾਂ ਫਿਰ ਨਿਊਡ ਸ਼ੇਡ ਵਰਤੋ। ਚਾਹੇ ਤੁਸੀਂ ਆਪਣੀਆਂ ਅੱਖਾਂ ਨੂੰ ਹਾਈਲਾਈਟ ਕਰ ਰਹੇ ਹੋ ਜਾਂ ਫਿਰ ਨਹੀਂ, ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਆਪਣੀਆਂ ਅੱਖਾਂ ਨੂੰ ਚੰਗੀ ਤਰ੍ਹਾਂ ਡਿਫਾਈਨ ਕਰੋ। ਤੁਸੀਂ ਨਕਲੀ ਲੈਸ਼ੇਜ਼ ਲਗਾ ਸਕਦੇ ਹੋ ਅਤੇ ਉਹਨਾਂ ਨੂੰ ਭਾਰੀ ਦਿਖਾਉਣ ਵਾਲੇ ਮਸਕਾਰੇ ਦੇ ਲਾਲ ਢਕ ਸਕਦੇ ਹੋ, ਇਸ ਦੇ ਨਾਲ ਉਹ ਜ਼ਿਆਦਾ ਚਮਕਦਾਰ ਲੱਗਣਗੀਆਂ।

-ਆਈਬ੍ਰੋਜ਼ (ਭਰਵੱਟੇ) ਨੂੰ ਕਦੇ ਵੀ ਨਾ ਭੁੱਲੋ ਕਿਉਂਕਿ ਇਹ ਤੁਹਾਡੀਆਂ ਅੱਖਾਂ ਨੂੰ ਫ੍ਰੇਮ ਪ੍ਰਦਾਨ ਕਰਦੀਆਂ ਹਨ ਅਤੇ ਤੁਹਾਡੇ ਚਿਹਰੇ ਦੀ ਪੂਰੀ ਦਿੱਖ ਨੂੰ ਬਦਲ ਸਕਦੀਆਂ ਹਨ। ਆਪਣੀਆਂ ਆਈਬ੍ਰੋਜ਼ ਦੇ ਕੁਦਰਤੀ ਆਕਾਰ ਨੂੰ ਹੀ ਮੁੱਢ ਬਣਾ ਕੇ ਰੱਖੋ ਅਤੇ ਜ਼ਿਆਦਾ ਦੇਰ ਚੱਲਣ ਵਾਲੇ ਹੀ ਆਈਬ੍ਰੋਜ਼ ਦੇ ਉਦਪਾਦਾਂ ਦੀ ਵਰਤੋਂ ਕਰੋ।

-ਇਸ ਗੱਲ ਦਾ ਧਿਆਨ ਰੱਖੋ ਕਿ ਆਪਣੇ ਬੁੱਲ੍ਹਾਂ ਦੇ ਲਈ ਉਹ ਹੀ ਲਿਪਸਟਿਕ ਦੀ ਵਰਤੋਂ ਕਰੋ ਜੋ ਜ਼ਿਆਦਾ ਸਮੇਂ ਤੱਕ ਟਿਕ ਸਕੇ। ਸੁੱਕੀ ਚਮੜੀ ਨੂੰ ਉਤਾਰ ਦਿਓ ਅਤੇ ਬੁੱਲ੍ਹਾਂ ਨੂੰ ਪਹਿਲਾਂ ਐਕਸਫੋਲੀਏਟ ਕਰੋ। ਜੇਕਰ ਤੁਸੀਂ ਇੱਕ ਇੰਟੈਂਸ ਲਿਪਸਟਿਕ ਲਗਾ ਰਹੇ ਹੋ ਤਾਂ ਕ੍ਰੈਕਸ ਨੂੰ ਭਰਨ ਦੇ ਲਈ ਲਿਪ ਪ੍ਰਾਈਮਰ ਦਾ ਇਸਤੇਮਾਲ ਕਰੋ ਅਤੇ ਇਸ ਗੱਲ ਨੂੰ ਪੱਕਾ ਕਰ ਲਓ ਕਿ ਤੁਹਾਡੀ ਲਿਪਸਟਿਕ ਜ਼ਿਆਦਾ ਦੇਰ ਤੱਕ ਟਿਕੀ ਰਹੇ। ਲਿੱਪ ਲਾਈਨਰ ਦੇ ਨਾਲ ਬੁੱਲ੍ਹਾਂ ਦੀ ਆਉਟਲਾਈਨ ਬਣਾਓ ਅਤੇ ਇਸ ਨੂੰ ਮੈਚਿੰਗ ਲਿਪਕਲਰ ਦੇ ਨਾਲ ਭਰੋ।

ਸਭ ਤੋਂ ਅਖੀਰ ਦੇ ਵਿੱਚ ਤੁਹਾਡੇ ਮੇਕਅੱਪ ਨੂੰ ਜ਼ਿਆਦਾ ਦੇਰ ਤੱਕ ਟਿਕਾ ਕੇ ਰੱਖਣ ਦੇ ਲਈ ਅਤੇ ਤੁਹਾਡੇ ਮੇਕਅੱਪ ਨੂੰ ਰੀਫ੍ਰੈਸ਼ ਕਰਨ ਦੇ ਲਈ ਵੀ ਇੱਕ ਚੰਗੀ ਹਾਈਡ੍ਰੇਟਿੰਗ ਸੈਟਿੰਗ ਸਪ੍ਰੇਅ ਜ਼ਰੂਰੀ ਹੈ।

ਕੀਕੋ ਮਿਲਾਨੋ ਤੋਂ ਕਸਟਮਰ ਐਕਸਪੀਰੀਐਂਸ ਟ੍ਰੇਨਰ ਪੂਜਾ ਮਲਹੋਤਰਾ ਦੁਆਰਾ।

*ਹਾਸਾ, ਅਰੋਗ ਸਰੀਰ ਦੀ ਨਿਸ਼ਾਨੀ ਹੈ ਕਿਉਂਕਿ ਹੱਸਣਾ ਆਪਣੇ-ਆਪ ਵਿੱਚ ਚੰਗੀ ਕਸਰਤ ਹੈ। ਜਦੋਂ ਅਸੀਂ ਖੁੱਲ੍ਹ ਕੇ ਹੱਸਦੇ ਹਾਂ ਤਾਂ ਸਰੀਰ ਵਿੱਚ ਖ਼ੂਨ ਦਾ ਸੰਚਾਰ ਤੇਜ਼ ਹੁੰਦਾ ਹੈ ਜੋ ਖ਼ੂਨ ਦੇ ਦਬਾਓ ਨੂੰ ਠੀਕ ਰੱਖਣ ’ਚ ਮਦਦਗਾਰ ਹੁੰਦਾ ਹੈ। ਹੱਸਣ ਨਾਲ ਸਰੀਰ ਅੰਦਰ ਅਜਿਹੇ ਸੈੱਲਾਂ ਵਿੱਚ ਵਾਧਾ ਹੁੰਦਾ ਹੈ ਜਿਹੜੇ ਵਾਇਰਸ ਤੋਂ ਪੈਦਾ ਹੋਣ ਵਾਲੇ ਰੋਗਾਂ ਅਤੇ ਟਿਊਮਰ ਸੈੱਲਾਂ ਨੂੰ ਨਸ਼ਟ ਕਰ ਦਿੰਦੇ ਹਨ।*

# ਖਿੜ-ਖਿੜ ਹੱਸਦੀ ਏ ਖਿੜਦਾ ਗੁਲਾਬ ਜਿਵੇਂ

✿ ਸ਼ਵਿੰਦਰ ਕੌਰ



ਮਨੁੱਖ ਆਪਣੇ ਮਨ ਦੇ ਭਾਵ ਕਈ ਢੰਗਾਂ ਨਾਲ ਪ੍ਰਗਟ ਕਰਦਾ ਹੈ। ਮਨ ’ਚੋਂ ਉੱਠਦੀਆਂ ਖ਼ੁਸ਼ੀ ਦੀਆਂ ਤਰੰਗਾਂ ਨੂੰ ਉਹ ਹੱਸ ਕੇ ਪ੍ਰਗਟ ਕਰਦਾ ਹੈ। ਦੁੱਖ ਅਤੇ ਬੇਵਸੀ ਸਮੇਂ ਉਹ ਹੰਝੂ ਕੇਰ ਕੇ ਆਪਣੇ ਬੋਝਲ ਮਨ ਨੂੰ ਹਲਕਾ ਕਰਦਾ ਹੈ। ਰੁੱਖਾਂ, ਜੰਗਲਾਂ, ਪਹਾੜੀ ਕੰਦਰਾਂ ਤੋਂ ਸ਼ੁਰੂ ਹੋਈ ਮਨੁੱਖੀ ਸੱਭਿਅਤਾ ਮਸ਼ੀਨੀ ਯੁੱਗ ਵਿੱਚ ਪਹੁੰਚ ਚੁੱਕੀ ਹੈ। ਮਸ਼ੀਨਾਂ ਸੰਗ ਮਸ਼ੀਨ ਬਣੇ ਮਨੁੱਖ ਦੀ ਜ਼ਿੰਦਗੀ ਰਸਹੀਣ ਅਤੇ ਨੀਰਸ ਹੁੰਦੀ ਜਾ ਰਹੀ ਹੈ। ਤਣਾਅ ਭਰੀ ਜ਼ਿੰਦਗੀ ’ਚ ਰੋਣ ਦੇ ਮੌਕੇ ਵਧਦੇ ਜਾ ਰਹੇ ਹਨ ਅਤੇ ਹਾਸਾ ਠੱਠਾ ਗੁੰਮ ਹੁੰਦਾ ਜਾ ਰਿਹਾ ਹੈ। ਨਿੱਜ ਵਾਲੀ ਦੌੜ ’ਚ ਉਲਝ ਕੇ ਉਹ ਖ਼ੁਸ਼ੀਆਂ-ਖੇੜਿਆਂ ਅਤੇ ਮੋਹ-ਮੁਹੱਬਤਾਂ ਵਾਲੀ ਦਾਤ ਤੋਂ ਵਾਂਝਾ ਹੁੰਦਾ ਜਾ ਰਿਹਾ ਹੈ। ਸਾਡੇ ਬਜ਼ੁਰਗਾਂ ਵੱਲੋਂ ਸਿਰਜੇ ਅਨਮੋਲ ਬਚਨ, ‘ਹੱਸਦਿਆਂ ਦੇ ਘਰ ਵੱਸਦੇ’ ਉਸ ਦੇ ਚੇਤਿਆਂ ਵਿੱਚੋਂ ਵਿੱਸਰਦੇ ਜਾ ਰਹੇ ਹਨ।

ਹਾਸਾ, ਅਰੋਗ ਸਰੀਰ ਦੀ ਨਿਸ਼ਾਨੀ ਹੈ ਕਿਉਂਕਿ ਹੱਸਣਾ ਆਪਣੇ-ਆਪ ਵਿੱਚ ਚੰਗੀ ਕਸਰਤ ਹੈ। ਜਦੋਂ ਅਸੀਂ ਖੁੱਲ੍ਹ ਕੇ ਹੱਸਦੇ ਹਾਂ ਤਾਂ ਸਰੀਰ ਵਿੱਚ ਖ਼ੂਨ ਦਾ ਸੰਚਾਰ ਤੇਜ਼ ਹੁੰਦਾ ਹੈ ਜੋ ਖ਼ੂਨ ਦੇ ਦਬਾਓ ਨੂੰ ਠੀਕ ਰੱਖਣ ’ਚ ਮਦਦਗਾਰ ਹੁੰਦਾ ਹੈ। ਹੱਸਣ ਨਾਲ ਸਰੀਰ ਅੰਦਰ ਅਜਿਹੇ ਸੈੱਲਾਂ ਵਿੱਚ ਵਾਧਾ ਹੁੰਦਾ ਹੈ ਜਿਹੜੇ ਵਾਇਰਸ ਤੋਂ ਪੈਦਾ ਹੋਣ ਵਾਲੇ ਰੋਗਾਂ ਅਤੇ ਟਿਊਮਰ ਸੈੱਲਾਂ ਨੂੰ ਨਸ਼ਟ ਕਰ ਦਿੰਦੇ ਹਨ। ਹੱਸਣ ਨਾਲ ਤਣਾਅ ਦੇਣ ਵਾਲੇ ਹਾਰਮੋਨਾਂ ਦਾ ਪੱਧਰ ਵੀ ਘਟਦਾ ਹੈ। ਐਨੇ ਫਾਇਦੇ ਦੇਣ ਵਾਲਾ ਹਾਸਾ ਜੋ ਸਾਡੀ ਸਿਹਤ ਲਈ ਇੱਕ ਟਾਨਿਕ ਦਾ ਕੰਮ ਕਰਦਾ ਹੈ, ਵਰਗੀ ਅਨਮੋਲ ਦਾਤ ਕੁਦਰਤ ਨੇ ਸਾਨੂੰ ਬਗੈਰ ਕੁਝ ਖ਼ਰਚਿਆਂ ਇੱਕ ਤੋਹਫ਼ੇ ਦੇ ਰੂਪ ਵਿੱਚ ਦਿੱਤੀ ਹੈ ਜੋ ਸਿਰਫ਼ ਮਨੁੱਖ ਦੇ ਹਿੱਸੇ ਆਈ ਹੈ। ਹੱਸਣ-ਹਸਾਉਣ ਵਾਲੇ ਮਨੁੱਖ ਦੀ ਸ਼ਖ਼ਸੀਅਤ ਵਿੱਚ ਅਜਿਹੀ ਖਿੱਚ ਹੁੰਦੀ ਹੈ ਜੋ ਹਰੇਕ ਨੂੰ ਆਪਣਾ ਬਣਾ ਲੈਂਦੀ ਹੈ। ਸਦਾ ਚੜ੍ਹਦੀ ਕਲਾ ’ਚ ਰਹਿਣ ਵਾਲਾ ਮਨੁੱਖ ਰੋਂਦੂਆਂ ਤੋਂ ਵੱਧ ਲੰਮੀ ਉਮਰ ਭੋਗਦਾ ਹੈ। ਇਸੇ ਲਈ ਤਾਂ ਕਿਸੇ ਨੇ ਕਿਹਾ ਹੈ:

ਹਾਸਾ ਹੁੰਦਾ ਸਿਹਤ ਦੀ ਨਿਸ਼ਾਨੀ ਦੋਸਤੋ,
ਹਾਸੇ ਨਾਲ ਕਾਇਮ ਹੈ ਜਵਾਨੀ ਦੋਸਤੋ।

ਅੱਲ੍ਹੜ ਉਮਰੇ ਤਾਂ ਹਾਸੇ ਆਪਣੇ ਆਪ ਹੀ ਫੁੱਟ-ਫੁੱਟ ਪੈਂਦੇ ਹਨ। ਮਨਾਂ ਅੰਦਰ ਮੌਲਦੀ ਖ਼ੁਸ਼ੀ ਨੌਜਵਾਨਾਂ ਦੇ ਚਿਹਰਿਆਂ ’ਤੇ ਖਿੜਦੇ ਫੁੱਲਾਂ ਦੀ ਰੰਗਤ ਲਿਆ ਦਿੰਦੀ ਹੈ। ਇਕੱਠੀਆਂ ਹੋਈਆਂ ਮਦਮਸਤ ਜਵਾਨੀਆਂ ਜਦੋਂ ਇੱਕ ਦੂਜੇ ਨਾਲ ਹਾਸੇ ਠੱਠੇ ਕਰਦੀਆਂ, ਖਿੜ-ਖਿੜ ਹੱਸਦੀਆਂ ਹਨ ਤਾਂ ਉਹ ਛਲ-ਕਪਟ ਤੋਂ ਰਹਿਤ ਨਿਰਛਲ ਹਾਸੇ ਹਵਾਵਾਂ ’ਚ ਅਜਿਹੀਆਂ ਖ਼ੁਸ਼ਬੋਆਂ ਘੋਲਦੇ ਹਨ ਜਿਹੜੀਆਂ ਆਲੇ-ਦੁਆਲੇ ਨੂੰ ਵੀ ਨਸ਼ਿਆਂ ਦਿੰਦੀਆਂ ਹਨ ਅਤੇ ਉਨ੍ਹਾਂ ਹਾਸਿਆਂ ਨੂੰ ਤੱਕ ਕੇ ਨਵੇਂ ਗੀਤ ਰਚੇ ਜਾਂਦੇ ਹਨ:

ਖਿੜ-ਖਿੜ ਹੱਸਦੀ ਏ, ਖਿੜਦਾ ਗੁਲਾਬ ਜਿਵੇਂ੩

ਹਰ ਮੁਟਿਆਰ ਦੀ ਸੱਧਰ ਹੁੰਦੀ ਹੈ ਕਿ ਉਸ ਦਾ ਸਾਥੀ ਜ਼ਿੰਦਾਦਿਲ, ਕਾਮਾ, ਰੋਂਦਿਆਂ ਨੂੰ ਹਸਾਉਣ ਵਾਲਾ ਅਤੇ ਦੁੱਖ ਤਕਲੀਫ਼ ਸਮੇਂ ਅਡੋਲ ਖੜ੍ਹਾ ਰਹਿਣ ਵਾਲਾ ਹੋਵੇ, ਜੋ ਜ਼ਿੰਦਗੀ ਦੇ ਹਰ ਪਲ ’ਚ ਉਸ ਦਾ ਸਾਥ ਦੇਣ ਵਾਲਾ ਹੋਵੇ ਅਤੇ ਹਰ ਦੁੱਖ-ਸੁੱਖ ਨੂੰ ਖਿੜੇ ਮੱਥੇ ਸਵੀਕਾਰ ਕਰਕੇ ਹੌਸਲੇ ਨਾਲ ਉਸ ਦਾ ਸਾਥ ਦੇਵੇ ਪਰ ਇਸ ਦੇ ਉਲਟ ਜੇ ਉਸ ਦਾ ਹਮਸਫ਼ਰ ਹਰ ਵਕਤ ਦੁੱਖਾਂ, ਤਕਲੀਫ਼ਾਂ ਨੂੰ ਵਧਾ ਚੜ੍ਹਾ ਕੇ ਸੋਗੀ ਜਿਹਾ ਬਣ ਕੇ ਸਾਰਾ ਦਿਨ ਖਿਝਦਾ ਰਹੇ, ਮੱਥੇ ’ਤੇ ਤਿਊੜੀਆਂ ਪਾਈ ਰੱਖੇ ਤਾਂ ਉਹ ਉਸ ਦੀ ਸ਼ਿਕਾਇਤ ਆਪਣੀ ਨਣਦ ਕੋਲ ਕਰਦੀ ਹੈ:

ਤੇਰੇ ਵੀਰ ਦਿਆਂ ਬੁੱਲ੍ਹਾਂ ’ਤੇ ਹਮੇਸ਼ਾਂ ਰਹਿੰਦੀ ਚੁੱਪ,
ਹਾੜ੍ਹ ਦੇ ਮਹੀਨੇ ਜਿਵੇਂ ਵੱਢ ਖਾਣੀ ਧੁੱਪ।
ਆਖ ਨੀਂ ਨਣਾਨੇ ਤੇਰੇ ਵੀਰ ਨੂੰ,
ਤਿਊੜੀਆਂ ਨਾ ਕੱਸਿਆ ਕਰੇ,
ਕਦੇ ਤਾਂ ਭੈੜਾ ਹੱਸਿਆ ਕਰੇ,
ਮੇਰੇ ਸੀਨੇ ’ਚ ਸੁਗੰਧੀ ਵਾਂਗੂੰ ਵੱਸਿਆ ਕਰੇ।

ਜੇ ਕਿਸੇ ਦਾ ਜੀਵਨ ਸਾਥੀ ਖ਼ੁਸ਼ਮਿਜ਼ਾਜ ਹੋਵੇ, ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਹਰੇਕ ਦੀ ਖਿੱਚ ਦਾ ਕੇਂਦਰ ਰਹੇ ਤੇ ਘਰ ਦਾ ਵਿਹੜਾ ਹਮੇਸ਼ਾਂ ਖੁਸ਼ੀਆਂ ਖੇੜਿਆਂ ਨੂੰ ਸਿਜਦਾ ਕਰਦਾ ਹੋਵੇ ਤਾਂ ਉਹ ਉਸ ਮਾਹੀ ਦੀ ਸਿਫ਼ਤ ਮੱਲੋ-ਮੱਲੀ ਕਰਨ ਲੱਗ ਪੈਂਦੀ ਹੈ: ਅੰਤੋਂ ਪਿਆਰੀ ਮੈਨੂੰ ਤੂੰ ਨੀਂ ਨਣਦੇ,

ਤੈਥੋਂ ਪਿਆਰਾ ਲੱਗੇ ਤੇਰਾ ਵੀਰ ਨੀਂ,
ਜਦ ਗੱਲਾਂ ਕਰਦਾ, ਦੰਦਾਂ ਦਾ ਹੱਸਦਾ ਪੀੜ੍ਹ ਨੀਂ।

ਖ਼ੁਸ਼ੀ ਅਤੇ ਗ਼ਮ ਜ਼ਿੰਦਗੀ ਦੇ ਦੋ ਅਹਿਮ ਹਿੱਸੇ ਹੁੰਦੇ ਹਨ। ਜ਼ਿੰਦਗੀ ਦੇ ਰਾਹ ’ਤੇ ਚੱਲਦਿਆਂ ਸਾਨੂੰ ਹੱਸਣ ਦੇ ਮੌਕੇ ਤਲਾਸ਼ਣੇ ਪੈਂਦੇ ਹਨ। ਦੂਜਿਆਂ ਤੋਂ ਅੱਗੇ ਨਿਕਲਣ ਵਾਲੀ ਦੌੜ ’ਚ ਪੈ ਕੇ ਅਸੀਂ ਸਿਰਫ਼ ਧਨ ਕਮਾਉਣ ਦੇ ਹੀ ਮੌਕੇ ਭਾਲਦੇ ਰਹਿੰਦੇ ਹਾਂ। ਹਰ ਥਾਂ ਅਸੀਂ ਨਿੱਜ ਨੂੰ ਪਹਿਲ ਦੇ ਕੇ ਦੂਜਿਆਂ ਦੀਆਂ ਭਾਵਨਾਵਾਂ ਦੀ ਕੋਈ ਪਰਵਾਹ ਨਹੀਂ ਕਰਦੇ। ਅਸੀਂ ਖ਼ੁਦ ਵੀ ਭਾਵਨਾਵਾਂ ਤੋਂ ਸੱਖਣੇ ਹੋ ਕੇ ਇੱਕ ਮਸ਼ੀਨ ਦੀ ਤਰ੍ਹਾਂ ਭੱਜੇ-ਨੱਠੇ ਫਿਰਦੇ ਰਹਿੰਦੇ ਹਾਂ ਅਤੇ ਜ਼ਿੰਦਗੀ ਦੇ ਅਨਮੋਲ ਪਲ ਅਜਾਈਂ ਗਵਾ ਦਿੰਦੇ ਹਾਂ:

ਕੌਣ ਖ਼ੁਸ਼ੀ ਉਧਾਰੀ ਦੇਵੇ,
ਕੌਣ ਸੁਦਾਗਰ ਹਾਸੇ ਦਾ।

ਸਾਡੇ ਬਜ਼ੁਰਗਾਂ ਨੂੰ ਕਿਸੇ ਡਾਕਟਰ ਨੇ ਨਹੀਂ ਸੀ ਦੱਸਿਆ ਕਿ ਹਾਸਾ, ਲੰਮੀ ਉਮਰ ਦਾ ਰਾਜ਼ ਹੈ ਪਰ ਫਿਰ ਵੀ ਉਨ੍ਹਾਂ ਨੇ ਹਾਸੇ ਦੀ ਅਹਿਮੀਅਤ ਨੂੰ ਸਮਝਿਆ ਸੀ। ਇਸੇ ਲਈ ਤਾਂ ਵਿਆਹ-ਸ਼ਾਦੀਆਂ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ ’ਤੇ ਉਹ ਹਾਸਾ ਉਤਪੰਨ ਕਰ ਲੈਂਦੇ ਸਨ। ਨਾਨਕਾ ਮੇਲ ਅਤੇ ਦਾਦਕੀਆਂ ਦੇ ਵਿਚਕਾਰ ਦਿੱਤੀਆਂ ਜਾਂਦੀਆਂ ਸਿੱਠਣੀਆਂ ਖ਼ੁਸ਼ੀਆਂ-ਖੇੜੇ ਪੈਦਾ ਕਰਨ ’ਚ ਅਹਿਮ ਭੂਮਿਕਾ ਨਿਭਾਉਂਦੇ ਸਨ। ਜਾਂਞੀਆਂ ਨੂੰ ਲਾਏ ਜਾਂਦੇ ਦੋਹੇ ਹਾਸਿਆਂ ਦੀ ਛਹਿਬਰ ਲਾ ਦਿੰਦੇ ਸਨ। ਬਰਾਤ ਨਾਲ ਆਏ ਨਕਲਚੀ ਸਾਰੇ ਪਿੰਡ ਨੂੰ ਖ਼ੂਬ ਹਸਾ ਜਾਂਦੇ ਸਨ। ਜਦੋਂ ਪੈਂਦੇ ਗਿੱਧੇ ਦੀ ਧਮਕਾਰ ਧਰਤੀ ਹਿੱਲਣ ਲਾ ਦਿੰਦੀ ਤਾਂ ਸਿਆਣੀ ਜਿਹੀ ਮੇਲਣ ਇਸ ਸੱਚਾਈ ਨੂੰ ਸਭ ਦੇ ਰੂ-ਬ-ਰੂ ਕਰ ਦਿੰਦੀ:

ਕਦੇ ਹੱਸ ਵੇ ਮਨਾਂ, ਕਦੇ ਖੇਡ ਵੇ ਮਨਾਂ।
ਇਸ ਜੱਗ ’ਤੇ ਨਹੀਂ ਆਉਣਾ ਫੇਰ ਵੇ ਮਨਾਂ।

ਦੋ ਕੁ ਦਹਾਕੇ ਪਹਿਲਾਂ ਆਮ ਹੀ ਸਾਂਝੇ ਪਰਿਵਾਰ ਹੁੰਦੇ ਸਨ। ਜਦੋਂ ਵੀ ਪਰਿਵਾਰ ਇਕੱਠਾ ਹੋ ਕੇ ਬੈਠਦਾ ਹਾਸਿਆਂ ਦੀ ਛਹਿਬਰ ਲੱਗ ਜਾਂਦੀ। ਦਿਓਰ-ਭਾਬੀ ਦੀ ਨੋਕ-ਝੋਕ ਸਾਰਾ ਦਿਨ ਵਿਹੜੇ ’ਚ ਰੌਣਕਾਂ ਬਿਖੇਰਦੀ ਰਹਿੰਦੀ। ਭਾਵੇਂ ਭਾਬੀ ਵੱਲੋਂ ਦਿਓਰ ਨੂੰ ਇਉਂ ਵੀ ਕਿਹਾ ਜਾਂਦਾ:

ਛੋਟਾ ਦਿਓਰ ਬੜਾ ਟੁੱਟ ਪੈਣਾ,
ਹੱਸਦੀ ਦੇ ਦੰਦ ਗਿਣਦਾ।

ਹਰ ਮਨੁੱਖ ਦਾ ਆਪਣਾ-ਆਪਣਾ ਸੁਭਾਅ ਹੁੰਦਾ ਹੈ। ਕਈ ਰੋਂਦਿਆਂ ਨੂੰ ਵੀ ਹਸਾ ਦਿੰਦੇ ਹਨ ਅਤੇ ਜਿੱਥੇ ਬੈਠਦੇ ਹਨ, ਮਹਿਫ਼ਲਾਂ ’ਚ ਆਪਣੇ ਹਾਸਿਆਂ ਨਾਲ ਹਰ ਇੱਕ ਨੂੰ ਕਹਿਕਹਾਂ ਲਾਉਣ ਲਈ ਮਜਬੂਰ ਕਰ ਦਿੰਦੇ ਹਨ। ਅਜਿਹੀ ਮਹਿਫ਼ਲ ਵਿੱਚੋਂ ਕਿਸੇ ਦਾ ਉੱਠਣ ਨੂੰ ਦਿਲ ਨਹੀਂ ਕਰਦਾ। ਕਈ ਆਪਣੀਆਂ ਈਰਖਾ ਤੇ ਸਾੜੇ ਭਰੀਆਂ ਗੱਲਾਂ ਨਾਲ ਖਿੜੇ ਚਿਹਰਿਆਂ ’ਤੇ ਵੀ ਮੁਰਦਾ ਸ਼ਾਂਤੀ ਲਿਆ ਦਿੰਦੇ ਹਨ। ਉਨ੍ਹਾਂ ਦੇ ਮਹਿਫ਼ਲ ’ਚ ਦਾਖਲ ਹੁੰਦਿਆਂ ਹੀ ਵੀਰਾਨੀ ਛਾ ਜਾਂਦੀ ਹੈ। ਹਾਸੇ ’ਤੇ ਲੱਗਦਾ ਕੁਝ ਨਹੀਂ, ਬਸ ਆਪਣੀਆਂ ਆਦਤਾਂ ਬਦਲਣ ਦੀ ਲੋੜ ਹੁੰਦੀ ਹੈ। ਜੇ ਅਸੀਂ ਆਪਣੇ ਮਨ ’ਚੋਂ ਈਰਖਾ, ਸਾੜਾ ਕੱਢ ਦੇਵਾਂਗੇ ਤਾਂ ਸਾਨੂੰ ਹਰ ਕੋਈ ਆਪਣਾ ਨਜ਼ਰ ਆਵੇਗਾ। ਸਾਡੇ ਖ਼ੁਸ਼ੀ ਭਰੇ ਨੈਣਾਂ ਨੂੰ ਸਭ ਕੁਝ ਸੋਹਣਾ ਤੇ ਚੰਗਾ ਹੀ ਨਜ਼ਰ ਆਵੇਗਾ। ਸ਼ਾਇਦ ਏਸੇ ਲਈ ਕਿਸੇ ਨੇ ਈਰਖਾ ਸਾੜਾ ਛੱਡ ਦੇਣ ਦੀ ਬੇਨਤੀ ਕੀਤੀ ਹੋਵੇਗੀ:

ਵਗਦੀ ਏ ਰਾਵੀ ਚੰਨਾ,
ਵਿੱਚ ਸਿੱਟਦੀ ਆਂ ਪਤਾਸੇ ਵੇ,
ਛੱਡ ਈਰਖਾ ਤੇ ਸਾੜਾ,
ਵੰਡ ਜੱਗ ਵਿੱਚ ਹਾਸੇ ਵੇ।

ਮਨੁੱਖੀ ਜ਼ਿੰਦਗੀ ਬੜੀ ਅਨਮੋਲ ਹੈ। ਇਸ ਨੂੰ ਵਧੀਆ ਢੰਗ ਨਾਲ ਜਿਊਣ ਲਈ ਆਉ ਆਪਣੇ ਘਰਾਂ ਦੇ ਵਿਹੜੇ ਹਾਸਿਆਂ ਨਾਲ ਭਰੀਏ। ਸਦਾ ਚੜ੍ਹਦੀ ਕਲਾ ਵਿੱਚ ਰਹਿ ਕੇ ਜ਼ਿੰਦਗੀ ਪ੍ਰਤੀ ਹਾਂ-ਪੱਖੀ ਨਜ਼ਰੀਆ ਅਪਣਾਈਏ। ਕੁਦਰਤ ਨੂੰ ਪਿਆਰ ਕਰੀਏ। ਪਰਿਵਾਰ ਤੇ ਆਂਢ-ਗੁਆਂਢ ਦੇ ਮੈਂਬਰਾਂ ਨਾਲ ਮਿਲਵਰਤਣ ਨਾਲ ਰਹੀਏ। ਕਿਸੇ ਦੀ ਖ਼ੁਸ਼ੀ ਨੂੰ ਤੱਕ ਕੇ ਸੜਨ ਦੀ ਥਾਂ ਉਸ ਦੀ ਖ਼ੁਸ਼ੀ ਵਿੱਚ ਖ਼ੁਸ਼ ਹੋਈਏ। ਫੁੱਲਾਂ ਵਾਂਗ ਖਿੜੇ, ਦੂਜਿਆਂ ਨੂੰ ਵੀ ਸੁਗੰਧੀਆਂ ਵੰਡੀਏ। ਕੁਦਰਤ ਦੀ ਸਾਜੀ ਸਮੁੱਚੀ ਕਾਇਨਾਤ ਨੂੰ ਪਿਆਰ ਕਰਦੇ ਹੋਏ ਇਸ ਤਰ੍ਹਾਂ ਵਿਚਰੀਏ ਕਿ ਖ਼ੁਦ ਵੀ ਜ਼ਿੰਦਗੀ ਦਾ ਹਰ ਛਿਣ ਮਾਣੀਏ ਤੇ ਬਾਕੀਆਂ ਲਈ ਵੀ ਜ਼ਿੰਦਗੀ ਨੂੰ ਮਾਣ ਲੈਣ ਦਾ ਸਬੱਬ ਬਣੀਏ। ਫਿਰ ਸਾਨੂੰ ਹੱਸਣ-ਹਸਾਉਣ ਲਈ ਬਨਾਉਟੀ ਕਾਮੇਡੀ ਸ਼ੋਅ ਦੀ ਲੋੜ ਨਹੀਂ ਪਵੇਗੀ। ਸਾਡੀ ਮਾਨਸਿਕਤਾ ਵੀ ਸਾਂਝੀਵਾਲਤਾ ਨੂੰ ਪਿਆਰ ਕਰਨ ਵਾਲੀ ਬਣ ਜਾਵੇਗੀ ਅਤੇ ਖ਼ੁਸ਼ੀਆਂ-ਖੇੜੇ ਸਾਡੇ ਮਨਾਂ ਵਿੱਚ ਵੱਸ ਜਾਣਗੇ ਅਤੇ ਜੀਵਨ ਕੁਦਰਤ ਵੱਲੋਂ ਬਖ਼ਸ਼ੀ ਅਨਮੋਲ ਸੁਗਾਤ ਲੱਗੇਗਾ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA


# ਹੁਣ ਐਂਜਲੀਨਾ ਜੌਲੀ ਬਣੇਗੀ ਐਸ਼ਵਰੀਆ ਰਾਏ



ਇਨ੍ਹੀਂ ਦਿਨੀਂ ਬਾਲੀਵੁੱਡ ਸਿਤਾਰੇ ਹਾਲੀਵੁੱਡ ਫ਼ਿਲਮਾਂ ਦੇ ਹਿੰਦੀ ਵਰਜ਼ਨ 'ਚ ਆਪਣੀ ਆਵਾਜ਼ ਦੇ ਰਹੇ ਹਨ। ਹੁਣ ਪ੍ਰਿਅੰਕਾ ਚੋਪੜਾ, ਵਰੁਣ ਧਵਨ, ਨਾਨਾ ਪਾਟੇਕਰ ਅਤੇ ਓਮ ਪੁਰੀ ਤੋਂ ਬਾਅਦ ਸਾਬਕਾ ਮਿਸ ਵਰਲਡ ਐਸ਼ਵਰੀਆ ਰਾਏ ਬੱਚਨ ਵੀ ਇਸ ਲਿਸਟ ਵਿੱਚ ਸ਼ਾਮਿਲ ਹੋ ਗਈ ਹੈ। ਐਸ਼ਵਰੀਆ ਰਾਏ ਬੱਚਨ ਹਾਲੀਵੁੱਡ ਫ਼ਿਲਮ 'ਮੇਲਫਿਸੇਂਟ: ਮਿਸਟ੍ਰੈਸ ਆਫ਼ ਈਵਲ' ਦੇ ਹਿੰਦੀ ਵਰਜ਼ਨ ਵਿੱਚ ਹਾਲੀਵੁੱਡ ਅਦਾਕਾਰਾ ਐਂਜਲੀਨਾ ਜੌਲੀ ਦੇ ਕਿਰਦਾਰ ਨੂੰ ਆਪਣੀ ਆਵਾਜ਼ ਦਵੇਗੀ।

ਫ਼ਿਲਮ ਵਿੱਚ ਐਂਜਲੀਨਾ ਜੌਲੀ ਇੱਕ ਚੁੜੈਲ ਦੇ ਕਿਰਦਾਰ 'ਚ ਨਜ਼ਰ ਆਵੇਗੀ। ਇਸ ਫ਼ਿਲਮ ਦਾ ਪਹਿਲਾ ਭਾਗ ਕਾਫੀ ਹਿੱਟ ਰਿਹਾ ਸੀ। ਹੁਣ ਫ਼ਿਲਮ ਦੇ ਦੂਜੇ ਭਾਗ ਦੇ ਨਾਲ ਫ਼ਿਲਮ ਬਣਾਉਣ ਵਾਲੇ ਤਹਿਲਕਾ ਮਚਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ। ਫ਼ਿਲਮ ਦਾ ਇੰਗਲੀਸ਼ ਟ੍ਰੇਲਰ ਇਸੇ ਸਾਲ ਜੁਲਾਈ ਵਿੱਚ ਆਇਆ ਸੀ ਜਿਸ ਨੂੰ ਡੇਢ ਕਰੋੜ ਤੋਂ ਜ਼ਿਆਦਾ ਵਿਊਜ਼ ਮਿਲੇ ਸੀ।

ਦਰਸ਼ਕਾਂ ਨੂੰ ਅਜੇ ਇਸ ਦੇ ਹਿੰਦੀ ਟ੍ਰੇਲਰ ਦਾ ਇੰਤਜ਼ਾਰ ਕਰਨਾ ਪਵੇਗਾ। ਵਾਲਟ ਡਿਜ਼ਨੀ ਬੈਨਰ ਹੇਠ ਬਣੀ ਇਹ ਫ਼ਿਲਮ 18 ਅਕਤੂਬਰ ਨੂੰ ਰਿਲੀਜ਼ ਹੋਣੀ ਹੈ। ਇਸ ਦਾ ਹਿੰਦੀ ਵਰਜ਼ਨ ਵੀ ਇਸ ਦੇ ਨਾਲ ਹੀ ਰਿਲੀਜ਼ ਕੀਤਾ ਜਾਵੇਗਾ।

# ਸ਼ਾਹਰੁਖ਼ ਖ਼ਾਨ ਦੀ ਧੀ ਦੀ ਪਹਿਲੀ ਫ਼ਿਲਮ ਦਾ ਟੀਜ਼ਰ ਰਿਲੀਜ਼



ਬਾਲੀਵੁੱਡ ਕਿੰਗ ਸ਼ਾਹਰੁਖ ਖਾਨ ਦੀ ਬੇਟੀ ਸੁਹਾਨਾ ਖਾਨ ਨੇ ਹਿੰਦੀ ਸਿਨੇਮਾ ਵਿੱਚ ਡੈਬਿਊ ਕਰਨ ਤੋਂ ਪਹਿਲਾਂ ਹੀ ਅਦਾਕਾਰੀ ਦੇ ਖੇਤਰ ਵਿੱਚ ਕਦਮ ਰੱਖ ਲਿਆ ਹੈ। ਦਰਅਸਲ ਸੁਹਾਨਾ ਖਾਨ ਨੇ ਇੱਕ ਸ਼ਾਰਟ ਫ਼ਿਲਮ ਵਿੱਚ ਕੰਮ ਕੀਤਾ ਹੈ, ਜਿਸਦਾ ਟੀਜ਼ਰ ਪਿਛਲੇ ਦਿਨੀਂ ਜਾਰੀ ਕੀਤਾ ਗਿਆ ਹੈ। ਇਸ ਸ਼ਾਰਟ ਫ਼ਿਲਮ ਦਾ ਨਾਮ 'ਦਿ ਗ੍ਰੇ ਪਾਰਟ ਆਫ਼ ਬਲੂ' ਹੈ।

ਹਾਲ ਹੀ ਵਿੱਚ ਫ਼ਿਲਮ ਦਾ ਇੱਕ ਪੋਸਟਰ ਸਾਹਮਣੇ ਆਇਆ ਸੀ, ਜਿਸ ਵਿੱਚ ਸੁਹਾਨਾ ਦੀ ਦਿੱਖ ਸਾਹਮਣੇ ਆਈ ਸੀ। ਹੁਣ ਫ਼ਿਲਮ ਦਾ ਟੀਜ਼ਰ ਵੀ ਰਿਲੀਜ਼ ਹੋ ਗਿਆ ਹੈ। ਥੀਓਡੋਰ ਜਿਮੇਨੋ ਨਾਂ ਦੇ ਵਿਅਕਤੀ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਸੁਹਾਨਾ ਦੀ ਇਸ ਛੋਟੀ ਜਿਹੀ ਵੀਡੀਓ ਨੂੰ ਸਾਂਝਾ ਕੀਤਾ ਹੈ। ਇਸ 51 ਸਕਿੰਟ ਦੇ ਟੀਜ਼ਰ ਵੀਡੀਓ ਵਿੱਚ ਡਾਇਲਾਗ ਨਹੀਂ ਹਨ ਸਿਰਫ਼ ਸੰਗੀਤ ਦੀ ਆਵਾਜ਼ ਹੈ, ਪਰ ਸੁਹਾਨਾ ਖਾਨ ਦੀ ਅਦਾਕਾਰੀ ਦੀ ਝਲਕ ਜ਼ਰੂਰ ਵੇਖੀ ਜਾ ਸਕਦੀ ਹੈ।

ਤੁਹਾਨੂੰ ਦੱਸ ਦੇਈਏ ਕਿ ਸੁਹਾਨਾ ਖਾਨ ਨੇ ਹਾਲ ਹੀ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ ਹੈ। ਉਸ ਦੇ ਬਾਲੀਵੁੱਡ ਡੈਬਿਊ ਨੂੰ ਲੈ ਕੇ ਅਕਸਰ ਹੀ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਅਦਾਕਾਰੀ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕਰਦਿਆਂ ਸੁਹਾਨਾ ਨੇ ਇੱਕ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਸੀ, "ਮੈਂ 'ਦਿ ਟੈਂਪੈਸਟ' ਦੇ ਸਕੂਲ ਦੀ ਪੇਸ਼ਕਾਰੀ ਵਿੱਚ ਮਿਰਾਂਡਾ ਦਾ ਕਿਰਦਾਰ ਨਿਭਾਇਆ ਸੀ। ਇੱਥੇ ਸਿੱਖਣ ਲਈ ਬਹੁਤ ਕੁੱਝ ਹੈ ਤੇ ਇਸ ਨੂੰ ਕਰਨ ਦਾ ਇੱਕ ਕੰਮ ਜਲਦ ਸ਼ੁਰੂ ਕਰਨਾ ਹੈ। ਪਰ ਪਹਿਲਾਂ ਮੈਂ ਯੂਨੀਵਰਸਿਟੀ ਜਾ ਕੇ ਆਪਣੀ ਪੜ੍ਹਾਈ ਪੂਰੀ ਕਰਨੀ ਹੈ।'

# 'ਡੈੱਥ ਆਨ ਦਿ ਨਾਈਲ' ਦੀ ਤਿਆਰੀ ਵਿੱਚ ਰੁੱਝਿਆ ਅਲੀ ਫ਼ਜ਼ਲ





ਅਲੀ ਫ਼ਜ਼ਲ ਵੱਲੋਂ ਆਪਣੇ ਅਗਲੀ ਫ਼ਿਲਮ, ਜੋ ਕਿ ਅਗਾਥਾ ਕ੍ਰਿਸਟੀ ਦੇ ਨਾਵਲ 'ਡੈੱਥ ਆਨ ਦੀ ਨਾਈਲ' 'ਤੇ ਆਧਾਰਿਤ ਹੋਵੇਗੀ, ਲਈ ਤਿਆਰੀ ਕੀਤੀ ਜਾ ਰਹੀ ਹੈ। ਇਸ ਵਿੱਚ ਅਲੀ ਗਲ ਗਡੋਟ ਦੇ ਨਾਲ ਨਜ਼ਰ ਆਵੇਗਾ। ਇਹ ਫ਼ਿਲਮ 20ਵੀਂ ਸੈਂਚੁਰੀ ਫੌਕਸ ਦੀ 2017 ਦੀ ਸੁਪਰਹਿੱਟ ਫ਼ਿਲਮ 'ਮਰਡਰ ਆਨ ਦੀ ਓਰੀਐਂਟ ਐਕਸਪ੍ਰੈੱਸ' ਦੀ ਅਗਲੀ ਕੜੀ ਹੋਵੇਗੀ। ਫ਼ਿਲਮ ਦੀ ਪਹਿਲੀ ਕੜੀ ਦੇ ਨਿਰਦੇਸ਼ਕ ਕੈਨੇਥ ਬ੍ਰਾਂਗ ਵੱਲੋਂ ਹੀ ਇਹ ਫ਼ਿਲਮ ਵੀ ਬਣਾਈ ਜਾਵੇਗੀ ਅਤੇ ਉਸ ਵੱਲੋਂ ਜਾਸੂਸ ਹਰਕਿਊਲ ਪੁਆਈਰੋਟ ਦਾ ਕਿਰਦਾਰ ਵੀ ਨਿਭਾਇਆ ਜਾਵੇਗਾ। ਫ਼ਿਲਮ ਦੀ ਸ਼ੂਟਿੰਗ ਅਜੇ ਸ਼ੁਰੂ ਹੋਣੀ ਹੈ। ਅਲੀ ਫ਼ਜ਼ਲ, ਜੋ ਇਸ ਵੇਲੇ ਲੰਡਨ ਵਿੱਚ ਹੈ, ਨੇ ਦੱਸਿਆ ਕਿ ਉਹ ਨਾਵਲ ਪੜ੍ਹ ਰਿਹਾ ਹੈ ਅਤੇ ਉਸ ਨੇ ਫ਼ਿਲਮ ਦੀ ਪਹਿਲੀ ਕੜੀ ਵੀ ਦੇਖੀ ਹੈ। ਅਲੀ ਨੇ ਬਿਆਨ ਰਾਹੀਂ ਕਿਹਾ, "ਮੈਂ ਖੁਸ਼ਨਸੀਬ ਹਾਂ ਕਿਉਂਕਿ ਇਹ ਫ਼ਿਲਮ ਕੈਨੇਥ ਬ੍ਰਾਂਗ ਦੇ ਹੱਥਾਂ ਵਿੱਚ ਹੈ। ਮੇਰੇ ਲਈ ਤਿਆਰੀ ਦਾ ਸਭ ਤੋਂ ਅਹਿਮ ਹਿੱਸਾ ਫ਼ਿਲਮ ਵਿੱਚ ਆਪਣੇ ਪਹਿਰਾਵੇ ਅਤੇ ਦਿੱਖ ਬਾਰੇ ਜਾਣਨਾ ਹੈ। ਜਦੋਂ ਉਸ ਹਿੱਸੇ ਬਾਰੇ ਫ਼ੈਸਲਾ ਹੋ ਗਿਆ, ਉਸ ਤੋਂ ਬਾਅਦ ਸਭ ਲੀਹ 'ਤੇ ਪੈ ਜਾਵੇਗਾ। ਇਸ ਕਰ ਕੇ ਪਿਛਲੇ ਇੱਕ ਹਫ਼ਤੇ ਤੋਂ ਮੈਂ ਇੱਥੇ (ਲੰਡਨ) ਇਹੀ ਕੰਮ ਕਰ ਰਿਹਾ ਹਾਂ।"

# ਪ੍ਰਿਥਵੀਰਾਜ ਚੌਹਾਨ ਵਿੱਚ ਰਾਣੀ ਸੰਯੋਗਿਤਾ ਵਾਲਾ ਰੋਲ ਮਾਨੁਸ਼ੀ ਛਿੱਲਰ ਨਿਭਾਏਗੀ



ਅਕਸ਼ੈ ਕੁਮਾਰ ਦੀ ਬਿਗ ਬਜਟ ਫਿਲਮ 'ਪ੍ਰਿਥਵੀਰਾਜ ਚੌਹਾਨ' ਦੀ ਕਾਸਟਿੰਗ ਫਾਈਨਲ ਹੋ ਚੁੱਕੀ ਹੈ। ਇਸ ਵਿੱਚ ਮੁਹੰਮਦ ਗੌਰੀ ਦਾ ਕਿਰਦਾਰ ਮਾਨਵ ਵਿਜ ਕਰਨਗੇ। ਫਿਲਮ ਵਿੱਚ ਪ੍ਰਿਥਵੀਰਾਜ ਦੇ ਬਹਾਦੁਰ ਨੂੰ ਦਿਖਾਉਣ ਦੇ ਨਾਲ ਥੋੜ੍ਹਾ ਲਵ ਐਂਗਲ ਪਾਇਆ ਜਾਏਗਾ ਜਿਸ ਵਿੱਚ ਪ੍ਰਿਥਵੀਰਾਜ ਤੇ ਕੰਨੌਜ ਦੀ ਰਾਜਕੁਮਾਰੀ ਸੰਯੋਗਿਤਾ ਦੀ ਪ੍ਰੇਮ ਕਹਾਣੀ ਦਿਖਾਈ ਜਾਏਗੀ। ਇਸ ਕਹਾਣੀ ਨੂੰ ਪ੍ਰਿਥਵੀਰਾਜ ਦੇ ਦਰਬਾਰ ਦੇ ਕਵੀ ਚਾਂਦ ਬਰਦਾਈ ਨੇ ਉਨ੍ਹਾਂ ਦੇ ਨਾਵਲ ਵਿੱਚ ਲਿਖਿਆ ਸੀ ਸੂਤਰਾਂ ਦੀ ਮੰਨੀਏ ਤਾਂ ਸੰਯੋਗਿਤਾ ਦੇ ਕਿਰਦਾਰ ਦੇ ਲਈ ਮਿਸ ਵਰਲਡ ਮਾਨੁਸ਼ੀ ਛਿੱਲਰ ਨੂੰ ਕਾਸਟ ਕਰ ਲਿਆ ਗਿਆ ਹੈ। ਇਤਿਹਾਸ ਦੇ ਮੁਤਾਬਕ ਪ੍ਰਿਥਵੀਰਾਜ ਦੀਆਂ ਚਾਰ ਪਤਨੀਆਂ ਸਨ। ਹਾਲਾਂਕਿ ਫਿਲਮ ਵਿੱਚ ਸਿਰਫ ਦੋ ਪਤਨੀਆਂ ਨੂੰ ਦਿਖਾਇਆ ਜਾਏਗਾ। ਸੰਯੋਗਿਤਾ ਪਹਿਲੀ ਪਤਨੀ ਬਣੇਗੀ। ਦੂਸਰੀ ਦੇ ਕਿਰਦਾਰ ਲਈ ਕਿਸੇ ਟੀ ਵੀ ਅਭਿਨੇਤਰੀ ਦੀ ਚੋਣ ਹੋਵੇਗੀ। ਇਹ ਇੱਕ ਛੋਟਾ ਰੋਲ ਹੋਵੇਗਾ ਅਤੇ ਉਸ ਦੇ ਸਿਰਫ ਚਾਰ ਤੋਂ ਪੰਜ ਸੀਨ ਹੋਣਗੇ।

# ਤਾਪਸੀ ਦੀ ਰਸ਼ਮੀ ਰਾਕੇਟ




ਅਤਾਪਸੀ ਪਨੂੰ ਕੋਲ ਇਸ ਸਮੇਂ ਕੁਝ ਬਹੁਤ ਚੰਗੀਆਂ ਫਿਲਮਾਂ ਹਨ। ਇਨ੍ਹਾਂ ਵਿੱਚੋਂ ਇੱਕ 'ਰਸ਼ਮੀ ਰਾਕੇਟ' ਜਿਸ ਵਿੱਚ ਉਹ ਇੱਕ ਐਥਲੀਟ ਦਾ ਕਿਰਦਾਰ ਨਿਭਾਏਗੀ। ਪਿੱਛੇ ਜਿਹੇ ਇਸ ਫਿਲਮ ਦੀ ਫਸਟ ਲੁਕ ਰਿਲੀਜ਼ ਹੋਈ ਹੈ। ਪਿਛਲੀਆਂ ਕੁਝ ਫਿਲਮਾਂ ਤੋਂ ਬਾਅਦ ਸਾਰਿਆਂ ਦੀ ਫੇਵਰਟ ਬਣ ਚੁੱਕੀ ਤਾਪਸੀ ਇਸ ਫਿਲਮ ਲਈ ਖੂਬ ਉਤਸ਼ਾਹਤ ਹੈ। ਖਾਸ ਗੱਲ ਇਹ ਹੈ ਕਿ ਉਸ ਨੇ ਇੱਕ ਤਰ੍ਹਾਂ ਦੀਆਂ ਫਿਲਮਾਂ ਨਾਲ ਟਾਈਪ ਕਾਸਟ ਹੋਣ ਦੀ ਬਜਾਏ ਵੱਖ ਵੱਖ ਤਰ੍ਹਾਂ ਦੀਆਂ ਫਿਲਮਾਂ ਚੁਣੀਆਂ। ਉਸ ਨੂੰ ਆਪਣੇ ਕਿਰਦਾਰ ਨਾਲ ਪ੍ਰਯੋਗ ਕਰਨਾ ਵੀ ਬਹੁਤ ਪਸੰਦ ਹੈ। ਉਸ ਦੀਆਂ ਪਿਛਲੀਆਂ ਫਿਲਮਾਂ 'ਬਦਲਾ', 'ਮਨਮਰਜ਼ੀਆਂ', 'ਗੇਮ ਪਲਾਨ' ਵਿੱਚ ਉਸ ਨੇ ਇਕਦਮ ਵੱਖਰੀ ਤਰ੍ਹਾਂ ਦੇ ਕਿਰਦਾਰ ਨਿਭਾਏ ਸਨ। ਅੱਗੋਂ ਤਾਪਸੀ ਐਥਲੀਟ ਦਾ ਕਿਰਦਾਰ ਨਿਭਾਉਣ ਵਾਲੀ ਹੈ। 'ਰਸ਼ਮੀ ਰਾਕੇਟ' ਦੀ ਪਹਿਲੀ ਝਲਕ ਵਿੱਚ ਤਾਪਸੀ ਵੱਖਰੇ ਰੂਪ ਵਿੱਚ ਨਜ਼ਰ ਆ ਰਹੀ ਹੈ। ਉਹ ਪਿੰਡ ਤੋਂ ਬਾਅਦ ਰੇਸਿੰਗ ਟਰੈਕ 'ਤੇ ਭੱਜਦੀ ਦਿਸਦੀ ਹੈ। ਫੋਟੋ ਵਿੱਚ ਤਾਪਸੀ ਦੇ ਗਲੇ 'ਤੇ ਟੈਟੂ ਬਣੇ ਹਨ। ਉਸ ਦੀ ਲੁਕ ਨੂੰ ਇੱਕ ਕਾਲੇ ਚੋਕਰ, ਕੋਕੇ ਅਤੇ ਸਟੱਡ ਨਾਲ ਨਿਖਾਰਿਆ ਗਿਆ ਹੈ।

## The ONLY temple in the world outside India dedicated to Shri Shani Maharaj


# Shri SHANI DEV Mandir, New York
# Sarvamangala Shri SANEESWARA Temple, New York

***Regular Poojas' and Homas' are conducted on daily basis:***

***Special Poojas:***

*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**